ਰੁਹਾਨੀ ਮਾਰਗ

ਬੇਨਤੀ
ਸਵਰਨ ਸਿੰਘ ਬੈਂਸ

ਬੇਨਤੀ

ਲੇਖਕ ਸਵਰਨ ਸਿੰਘ ਬੈਂਸ
3 Shakespeare road
Dundas On L9H7R5
Canada
Ph 905 627 0625

@Author
swarnbains40@yahoo.com

Originally from
Vill; Kishanpura
Distt; Ropar
Punjab India

Price; $20.00

2013
ISBN :

Printed at
Asia Visions
1-209-589-3367

ਆਗਾਜ਼

ਗੁਰ ਸਤਿਗੁਰ ਮਇਆ ਭਈ ਆਸਾ, ਪਾਰਬ੍ਰਹਮ ਪਰਗਟ ਹੋਇਆਸਾ
ਪੰਚ ਤੱਤ ਕਾ ਕੀਆ ਤਮਾਸਾ, ਤਿਨ ਮਹਿ ਪਾਰਬ੍ਰਹਮ ਪਰਗਾਸਾ
ਹਰਿ ਫਿਰ ਅਵਰ ਸਾਧਨਾ ਸਾਧੀ. ਗੁਰ ਪੂਰੇ ਪਹਿ ਲਾਇ ਸਮਾਧੀ
ਜਬ ਪ੍ਰਭ ਤੇਜ ਤੱਤ ਮਹਿ ਪਾਇਆ, ਤਬ ਹਰਿ ਤ੍ਰਿਭਵਣ ਸਜਾਇਆ
ਏਕ ਕਵਾਉ ਪ੍ਰਭੂ ਅਲਾਇਆ, ਖੰਡ ਬ੍ਰਹਮੰਡ ਪਰਗਟ ਹੋਇ ਆਇਆ
ਫਿਰ ਹਰਿ ਸਤਿਗੁਰੂ ਧਿਆਇਆ, ਬ੍ਰਹਮੰਡ ਖੰਡ ਖੰਡ ਕਰ ਪਾਇਆ
ਦਿਨੇਸ਼ ਦਿਨਸ ਸਸਿ ਨਖੱਤ ਸਾਜਿ, ਭਾਨੁਣ ਚਾਨਣ ਜੱਗ ਭਰਮਾਇਆ
ਹਰਿ ਸਭ ਰਸ ਮਾਇਆ ਮਾਈ, ਸਾਰਾ ਜੱਗ ਵਿਚ ਭਰਮ ਭੁਲਾਇਆ
ਮਾਇ ਨ ਹੋਵੈ ਜੱਗ ਨ ਹੋਵੈ, ਭਰਮ ਨਾ ਪਾਇਆ ਜਨਮ ਨਾ ਪਾਇਆ
ਤੂੰ ਗੁਰਮੁਖ ਕੂ ਭਰਮ ਚ ਪਾ ਕੈ, ਆਪਣੇ ਪਿੱਛੇ ਚੁਖ ਚੁਖ ਲੁਭਾਇਆ
ਦੱਸ ਭਲਾ ਤੈਨੂੰ ਕੀ ਮਿਲਿਆ, ਸਨਮੁਖ ਸਵਰਨ ਦਾ ਮਨ ਤੜਫਾਇਆ
ਤੇਰਾ ਪਿਆਰ ਸੁਣ ਮੇਰੇ ਯਾਰ, ਜੱਗ ਇਕ ਧਾਗੇ ਵਿਚ ਬੰਨ੍ਹ ਚਲਾਇਆ
ਖੰਡ ਬ੍ਰਹਮੰਡ ਸਭ ਕਰਨ ਸਾਧਨਾ, ਜੇਹਾ ਰਸ ਕਸ ਤੂੰ ਵਿਚ ਪਾਇਆ
ਰਵਿ ਸਸਿ ਸਭ ਕਰਨ ਆਰਤੀ, ਸਦ ਸਦਹੀ ਤਿਨ ਚੱਕਰ ਲਾਇਆ
ਜੇਹੀ ਭਾਵਨਾ ਤੇਹਾ ਫਲ ਬਾਂਛੈ, ਹਰਿ ਪ੍ਰਭ ਤਿਲ ਨ ਤਮਾ ਤਮਾਇਆ
ਜੈਸੀ ਕਰਨੀ ਤੈਸੀ ਭਰਨੀ, ਸਭ ਰੂਹ ਅੰਦਰ ਹਰਿ ਛੁਪੈ ਛਪਾਇਆ

ਪਸੂ ਪੰਖ ਮਾਨੁਖ ਸਰ ਤਰਵਰ, ਸਭ ਮਹਿ ਹਰਿ ਗੁਪਤ ਸਮਾਇਆ
ਮਾਣਸ ਮਨੁ ਭਰਮ ਭਰਮਾਨਾ, ਨਰਕ ਸੁਰਗ ਭਉ ਭਾਉ ਬਣਾਇਆ
ਹਮ ਕਿਰਤ ਕਰਮ ਕੇ ਵਿੱਛੜੇ, ਗੁਰ ਕਿਰਪਾ ਹਰਿ ਮੇਲ ਮਿਲਾਇਆ
ਸਤਿਗੁਰ ਸਰਣ ਗਹੁ ਜਨ ਪ੍ਰਾਣੀ, ਸਾਧ ਸੰਗਤ ਮਹਿ ਰਾਮ ਸਮਾਇਆ
ਭਜੁ ਗੁਰ ਸਤਿਗੁਰ ਸਰਣਾਗਤ, ਹਰਿ ਪ੍ਰਭ ਸਤਿਗੁਰ ਸੰਗਤ ਪਾਇਆ
ਭਾਇ ਭਾਵਣੀ ਭੇਦ ਭਾਵ ਮਿਟਾਵੈ, ਭਜੁ ਗੁਰ ਮੰਤੁ ਹਰਿ ਪ੍ਰਭ ਭਾਇਆ
ਗੁਰ ਸਤਿਗੁ ਗੁਰ ਪਾਰਬ੍ਰਹਮ, ਗੁਰ ਸਤਿਗੁਰ ਹਰਿ ਗੁਰ ਰਾਇਆ

ਸਤਿਗੁਰ ਵਸ ਹਰਿ ਪਾਰਬ੍ਰਹਮ, ਜਿਉਂ ਜਨਨੀ ਵਸ ਜੰਤ ਬਣਾਇਆ

ਹਰਿ ਪ੍ਰਭ ਸਖਾ ਗੁਰ ਸਤਿਗੁਰ ਪੂਰਾ, ਗੁਰੂ ਪ੍ਰੇਮ ਪ੍ਰਭ ਮੇਲ ਮਿਲਾਇਆ

ਭਜੁ ਰਾਮ

ਮਨ ਮਹਿ ਰਾਮ ਚਿੱਤ ਮਹਿ ਰਾਮ, ਬੋਲ ਮੁਖ ਤੇ ਰਾਮ
ਜਪਿ ਰਾਮ ਮਨ ਰਾਮ ਨਾਮ, ਮਨ ਭਜੁ ਰਾਮ ਰਾਮ ਰਾਮ

ਤੂੰ ਸੁੱਤਾ ਰੱਬ ਜਾਗਦਾ, ਉਠ ਮਨ ਦਾ ਪੜਦਾ ਖੋਲ੍ਹ
ਰੱਬ ਅੰਦਰ ਤਾਲਾ ਮਾਰਿਆ, ਬੈਠਾ ਈ ਹਿਰਦੈ ਕੋਲ
ਤਾਲਾ ਸਤਿਗੁਰ ਖੋਲ੍ਹਦਾ, ਭਜੁ ਰਾਮ ਨਾਮ ਪ੍ਰਭ ਨਾਮ
ਚੰਦ ਸੂਰਜ ਤੇਰੀ ਕਰਨ ਆਰਤੀ, ਨਾਲੇ ਕਰਦੇ ਤਾਰੇ
ਨਾਮ ਤੇਰੇ ਦਾ ਦੇਵਣ ਪਹਿਰਾ, ਚੱਕਰ ਲਾ ਲਾ ਸਾਰੇ
ਵਣ ਤ੍ਰਿਣ ਲੈ ਸਰਬ ਸੁਗੰਧੀ, ਮਲ ਪੌਣ ਝਕੋਲੈ ਰਾਮ
ਸਤਿਗੁਰ ਸੰਗ ਮੇਰੀ ਪ੍ਰੀਤ, ਸਤਿਗੁਰ ਸਖਾ ਮੇਰਾ ਮੀਤ
ਸੰਤਨ ਸੰਗ ਹਮ ਕਰੈ ਗੋਸਟੀ, ਮੋਹਿ ਸਾਧੂ ਸੰਗ ਪ੍ਰੀਤ
ਸਤਿਗੁਰ ਕੇ ਹਮ ਲਾਲੇ ਗੋਲੇ, ਸਤਿਗੁਰੂ ਮੇਰੇ ਭਗਵਾਨ
ਹਮ ਮਸਕੀਨ ਯਤੀਮ ਅਣਜਾਣੇ, ਮੇਰਾ ਕੋਇ ਨ ਬੇਲੀ ਰਾਮ
ਤੂੰ ਮੇਰਾ ਦਾਤਾ ਮੈਂ ਮੰਗਤਾ, ਦੇਹ ਰਾਮ ਨਾਮ ਪ੍ਰਭ ਦਾਨ
ਸਤਿਗੁਰ ਚਰਨ ਸਰਨ ਲੱਗ ਬੈਂਸ, ਹਰਿ ਨਾਮ ਜਪਾਵੈ ਰਾਮ

ਮੇਰੇ ਰਾਮ ਜੀ ਭਗਵਾਨ ਜੀ, ਅਬ ਮੋਹਿ ਤੋਹਿ ਬਣ ਆਈ
ਸਤਿਗੁ ਸਰਣੀ ਆਇ ਗਹੇ, ਭਜੁ ਸਤਿਗੁਰ ਸਰਣਾਈ
ਸਤਿਗੁਰ ਹਰਿ ਮਨ ਬੇਧਿਆ, ਭਜੁ ਰਾਮ ਨਾਮ ਹਰਿ ਬਾਣ
ਤੋਹੀ ਮੋਹੀ ਅਬ ਮੋਹੀ ਤੋਹੀ, ਹਮ ਸਰਨ ਤੁਮਹਾਰੀ ਸਾਧੇ
ਹਰਿ ਹਰਿ ਨਾਮ ਨਿਰੰਜਣਾ, ਹਮ ਸਤਿਗੁਰ ਚਰਨੀ ਲਾਗੇ
ਗੁਰ ਸਤਿਗੁਰ ਮੇਰੇ ਰਾਮ ਰਾਮ, ਤੁਮ ਮੇਰੇ ਰਾਮ ਪ੍ਰਭ ਰਾਮ

ਰੂਹ ਰੱਬ ਅੰਸ

ਮੋਹਿ ਦਰਸ ਪਿਆਸ ਸਤਾਵੈ, ਜਿਉਂ ਚਾਤ੍ਰਿਕ ਜੀ ਬਿਲਲਾਵੈ
ਚਿੱਤ ਲਾਇ ਹਰਿ ਨਾਮ ਚਿਤਾਰੈ, ਮੇਰਾ ਚੰਨ ਨਜ਼ਰ ਨ ਆਵੈ
ਜਿਨ ਵੇਖਿਆਂ ਤੂੰ ਚਿੱਤ ਆਵੈਂ, ਸੋ ਜਨ ਮੋਹਿ ਮੇਲ ਪਿਆਰੇ
ਆਪ ਜਪੈ ਸਦ ਹਰਿ ਨਾਮਾ, ਮੋਹਿ ਹਰਿ ਨਾਮਾ ਚਿੱਤ ਚਿਤਾਰੇ
ਸਤਿਗੁਰ ਕਾ ਦਰਸਣ ਪਾਇ ਕੈ, ਮੋਹਿ ਤੇਰੀ ਯਾਦ ਸਤਾਵੈ
ਸਾਧਨ ਸੰਗਤ ਸੰਤਨ ਸੋਭਾ, ਮਨ ਹਰਿ ਹਰਿ ਨਾਮ ਧਿਆਵੈ

ਸਤਿਗੁਰ ਸੰਗਤ ਆਪ ਕਰਾਵੈ, ਹਰਿ ਨਾਮਾ ਲੁਭਤ ਲੁਭਾਵੈ
ਸਤਿਗੁਰ ਸਰਣੀ ਲੱਗਿਆਂ, ਮੇਰਾ ਮਨ ਹਰਿ ਨਾਮ ਧਿਆਵੈ
ਸਤਿਗੁਰ ਦੀਦ ਹਰਿ ਦਰਸਾਰਾ, ਸਤਿਗੁਰ ਮੋਹਿ ਪਿਆਰਾ
ਸਤਿਗੁਰ ਹਰਿ ਜੂ ਮਾਨਿਆਂ, ਨਮੋ ਨਮਸਤੰ ਪ੍ਰਭ ਨਿਰੰਕਾਰਾ
ਸਭ ਤੇ ਨੇਰੈ ਸਭ ਹੂ ਤੇ ਦੂਰ, ਘਟ ਘਟ ਰਾਮ ਰਿਹਾ ਭਰਪੂਰ
ਸਤਿਗੁਰ ਸੰਗਤ ਮਨ ਪਰਬੋਧੋ, ਮਨ ਮਹਿ ਖੋਜੋ ਖੋਜ ਹਜ਼ੂਰ
ਸਤਿਗੁਰ ਸੋਭਾ ਸੰਤਨ ਸੰਗਤ, ਸਤਿਗੁਰ ਸੇਵ ਚੜ੍ਹਾਵੈ ਰੰਗਤ
ਰੰਗ ਮਜੀਠਾ ਹਰਿ ਹਰਿ ਨਾਮਾ, ਹਰਿ ਰੰਗ ਵਖਾਵੈ ਜੱਨਤ
ਜਿਨ ਪਾਇਆ ਤਿਨੈ ਛੁਪਾਇਆ, ਗਹੇ ਸਤਿਗੁਰ ਸਰਣਾਈ
ਹਰਿ ਪਾਇਆ ਸੋਂ ਜਤਾਇਆ, ਤਿਨ ਹਰਿ ਸਾਰ ਨ ਭਾਈ
ਪਿਛਲੇ ਕਰਮ ਨਾਲ ਲੈ ਆਇਆ, ਸੋਇ ਜਾਗ ਚਿੱਤ ਲਾਵੈਂ
ਜੋ ਕਮਾਵੈਂ ਸੋ ਫਲ ਪਾਵੈਂ, ਅੱਜ ਕਮਾਏ ਕੱਲ੍ਹ ਸੰਗ ਲੈ ਜਾਵੈਂ
ਰੂਹ ਰੱਬ ਤੋਂ ਵਿੱਛੜੀ ਭਾਈ, ਜਿਉਂ ਬਾਲਕ ਮਾਤਾ ਮਹਿਤਾਈ
ਕਰਮ ਕਮਾਵੈ ਮਿਲਣ ਕੈ ਤਾਈਂ, ਗੁਰ ਬਾਝੋਂ ਸਾਂਤ ਨ ਆਈ
ਰੂਹ ਰੱਬ ਦਾ ਹਿੱਸਾ ਭਾਈ, ਜੰਮਣ ਵੇਲੇ ਦੇਹ ਵਿਚ ਪਾ ਦੇਵੈ
ਰੂਹ ਉੜੀ ਧੜ ਖਾਕ ਹੋ ਜਾਇ, ਮਰਨ ਸਮੇਂ ਵਾਪਸ ਲੈ ਲੇਵੈ
ਪਿਛਲੇ ਉਤਾਰ ਨਵੇਂ ਪਹਿਨਾਵੈ, ਹਰਿ ਜੰਮਣ ਮਰਨ ਬਣਾਵੈ
ਰੱਬ ਮਰੈ ਨ ਰੂਹ ਮਰੈ, ਸਤਿਗੁਰ ਭਾਇ ਪ੍ਰਭ ਮਾਹਿ ਸਮਾਵੈ

ਹਰਿ ਸਿਮਰਣ

ਮੇਰੇ ਮਨਾ ਓ ਮੇਰੇ ਮਨਾ, ਤੂੰ ਹਰਿ ਹਰਿ ਨਾਮ ਧਿਆਇ
ਹਰਿ ਨਾਮਾ ਹਰਿ ਰੰਗ ਹੈ, ਹਰਿ ਨਾਮ ਜਪੋ ਚਿੱਤ ਲਾਇ
ਰਾਮ ਸਿਮਰ ਹਰਿ ਨਾਮ ਸਿਮਰ, ਮਨ ਲਾਇ ਕੈ ਭਾਈ
ਸਤਿਗੁਰ ਕਾ ਉਪਦੇਸ ਸੁਣ, ਮਨ ਹਰਿ ਹਰਿ ਧਿਆਈ
ਪਾਰਬ੍ਰਹਮ ਹਰਿ ਪ੍ਰਭ ਮੇਰਾ, ਸਤਿਗੁਰ ਦਾਤਾ ਨਾਮ ਕਾ
ਸਤਿਗੁਰ ਬਚਨ ਕਮਾਇ, ਸਭ ਦੁਖ ਮਿਟਾਵੈ ਜਾਨ ਕਾ
ਸਤਿਗੁਰ ਹਰਿ ਨਾਮ ਜਪਿ, ਗੁਰ ਹਰਿ ਕਥਾ ਸੁਣਾਈ
ਗੁਰ ਦਾਤਾ ਹਰਿ ਨਾਮ ਕਾ, ਗੁਰ ਹਰਿ ਭੇਦ ਨ ਭਾਈ
ਗੁਰ ਗੁਰ ਕਰ ਹਰਿ ਅਰਾਧੀਐ, ਹਰਿ ਨਾਮ ਕਮਾਈ
ਹਰਿ ਹਰਿ ਕਰਤ ਮਨ ਸੋਧਿਆ, ਮਨ ਤਿਖਾ ਬੁਝਾਈ
ਸਤਿਗੁਰ ਪਾਰਜਾਤ ਹਰਿ ਫਲ, ਜੋ ਚੱਖੈ ਸੋ ਸਾਦ ਜਾਣੈ

ਮਨ ਮਹਿ ਹਰਿ ਨਾਮ ਵਸਾਇ ਲੈ, ਭਜੁ ਸਤਿਗੁਰ ਭਾਣੈ
ਹੋਇ ਨਿਮਾਣਾ ਤਾਣ ਨਿਤਾਣਾ, ਸਤਿਗੁਰ ਕੈ ਦਰ ਜਾਇ
ਸਤਿਗੁਰ ਸੱਚਾ ਸਾਹ ਬੈਂਸ, ਚਰਨ ਸਰਨ ਚਿੱਤ ਲਾਇ
ਸਤਿਗੁਰ ਕਾ ਉਪਦੇਸ ਮੰਨ, ਜੱਗ ਕਾ ਭਾਉ ਮੁੱਕ ਜਾਵੈ
ਸਤਿਗੁਰ ਸਰਣੀ ਲੱਗਿਆਂ, ਮਨ ਹਰਿ ਨਾਮ ਧਿਆਵੈ
ਗੁਰ ਦਾਤਾ ਗੁਰ ਪਾਰ ਬ੍ਰਹਮ, ਗੁਰ ਬਿਨ ਤਰੈ ਨ ਕੋਇ
ਹਰਿ ਹਰਿ ਨਾਮ ਜਪੰਦਿਆਂ, ਜਨ ਹਰਿ ਹਰਿ ਹਰਿ ਹੋਇ
ਗੁਰ ਕਰਤਾ ਗੁਰ ਕਰਣਹਾਰ, ਗੁਰ ਪਤਿਤਾਂ ਕਰੈ ਪਵਿੱਤ
ਸਤਿਗੁਰ ਆਗਿਆ ਮਾਣ ਤਾਣ, ਨਾਮ ਜਪੋ ਭਾਈ ਨਿੱਤ
ਗੁਰ ਆਖੈ ਸੋ ਕਰ ਦਿਖਲਾਵੈ, ਹਰਿ ਨਾਮਾ ਮਨ ਵਸਾਵੈ
ਹਰਿ ਹਰਿ ਨਾਮ ਜਪੰਦਿਆਂ, ਮਨ ਤਨ ਮਲ ਲਹਿ ਜਾਵੈ
ਹਰਿ ਨਾਮਾ ਨਾਮ ਨਿਧਾਨ, ਸਾਧ ਸੰਗਤ ਮਿਲ ਪੀਵੋ ਭਾਈ
ਰਾਮ ਨਾਮ ਅਮ੍ਰਿਤ ਰਸ ਮੀਠਾ, ਪੀਵੈ ਸੋ ਤਿਖਾ ਬੁਝਾਈ

ਹਰਿ ਰੰਗ

ਮਨ ਹਰਿ ਨਾਮ ਧਿਆਇ, ਗੁਰ ਸਰਣ ਸੱਤਿ ਸੰਗ
ਹਰਿ ਹਰਿ ਨਾਮ ਜਪੰਦਿਆਂ, ਹਰਿ ਨਾਮ ਚੜਾਵੈ ਰੰਗ

ਮੈਂ ਮਸਕੀਨ ਅੰਞਾਣੀ, ਹਰਿ ਪ੍ਰਭ ਕੀ ਸਾਰ ਨ ਜਾਣੀ
ਚਰਨ ਸਰਣ ਮੋਹਿ ਰਾਖ ਲੈ, ਪ੍ਰਭ ਤੋਹਿ ਮਿਹਰਬਾਨੀ
ਸਤਿਗੁਰੂ ਮਿਲਾ ਮੇਰੇ ਸਾਹਿਬਾ, ਇਹੋ ਹਮਾਰੀ ਮੰਗ
ਗੁਰ ਸਤਿਗੁਰ ਸਰਣਾਗਤੀ, ਪ੍ਰਭ ਜੂ ਬੈਂਸ ਜਨ ਤੇਰਾ
ਮੇਰੇ ਰਾਮ ਸਵਰਨ ਦੀ ਰਾਖ ਲੈ, ਗੁਰ ਸਾਹਿਬ ਮੇਰਾ
ਆਪਣਾ ਨਾਮ ਜਪਾਇ ਹਰਿ, ਦੇਹ ਸੰਤਨ ਕਾ ਸੰਗ
ਸਤਿਗੁਰ ਦੀਨ ਦਿਆਲ, ਸਵਰਨ ਬੈਂਸ ਲੜ ਲਾਇ
ਤੂੰ ਆਪੈ ਸਭ ਕੁਝ ਜਾਣਦਾ, ਮੋਹਿ ਸਮਝ ਨ ਕਾਇ
ਵਿਛੜਿਆਂ ਮੇਲੋ ਪ੍ਰਭੂ, ਬਸੋਂ ਚਰਣ ਕਮਲ ਕੈ ਸੰਗ
ਜੋ ਤੁਧ ਭਾਵੇ ਸੋ ਭਵੈ, ਅਵਰ ਕਛੁ ਕਰਨ ਨ ਪਾਈ
ਸਭ ਜੱਗ ਤੇਰੈ ਵਸ, ਸਗਲ ਭਵਣ ਸਗਲ ਬਨਰਾਈ
ਡੁਬਦਾ ਪੱਥਰ ਤਾਰ ਲੈ, ਦੇ ਗੁਰ ਸਤਿਗੁਰ ਹਰਿ ਮੰਤ
ਗੁਰ ਮੂਰਤ ਚਿੱਤ ਥਿਰ ਸਦਾ, ਮਨ ਸਨਮੁੱਖ ਹੋਇ

ਹਰਿ ਹਰਿ ਨਾਮ ਜੀ ਉਚਰੈ, ਹਰਿ ਚਿੱਤ ਸਮੋਇ
ਚਿੱਤ ਲਾਇ ਹਰਿ ਧਿਆਇ, ਨਿਸ ਦਿਨ ਸਵਾਇ ਰੰਗ
ਗੁਰ ਹਰਿ ਨਾਮ ਦੁਲੱਭ ਹੈ, ਰਾਮ ਕਹੋ ਚਿੱਤ ਲਾਇ
ਹਰਿ ਹਰਿ ਨਾਮ ਜਪੰਦਿਆਂ, ਜਨਮ ਮਰਨ ਦੁਖ ਜਾਇ
ਹਰਜਸ ਵੱਖਰ ਲੋਚ ਬੈਂਸ, ਗੁਰ ਭਾਵੈ ਚੜ੍ਹੈ ਹਰਿ ਰੰਗ
ਮੇਰੇ ਮਨਾ ਓ ਮੇਰੇ ਮਨਾ, ਤੂੰ ਹਰਿ ਹਰਿ ਨਾਮ ਧਿਆਇ
ਗੁਰਦੇਵ ਮੂਰਤ ਚਿੱਤ ਵਸਾਇ, ਗੁਰ ਚਰਨੀ ਚਿੱਤ ਲਾਇ
ਬੈਂਸ ਹੁਵੈ ਜਨਮ ਸਕਾਰਥਾ, ਚੁੱਕੈ ਜੰਮਣ ਮਰਨ ਤਰੰਗ

ਜਨਮ ਮਰਨ ਦੁਖ

ਗੁਰਦੇਵ ਗੁਰੂ ਹਰਿ ਮਾਨਿਓਂ, ਹਰਿ ਸਿਮਰੋ ਹਰਿ ਰਾਇ
ਹਰਿ ਹਰਿ ਨਾਮ ਜਪੰਦਿਆਂ, ਜਨਮ ਮਰਨ ਦੁਖ ਜਾਇ

ਜੰਮਣ ਮਰਨਾ ਰੀਤ ਜੱਗ ਦੀ, ਜੋ ਜੰਮਿਆਂ ਸੋ ਮਰਨਾ
ਜਿਸ ਜਨ ਕੈ ਮਨ ਹਰਿ ਵਸੈ, ਤਿਸ ਬਹੁੜ ਨ ਮਰਨਾ
ਮਨ ਕਾ ਦਾਰੂ ਰਾਮ ਨਾਮ, ਹਰਿ ਹਰਿ ਨਾਮ ਧਿਆਇ
ਭਾਈ ਰੇ ਮੇਰੇ ਭਾਈ ਰੇ, ਨਿੱਤ ਰਾਮ ਕਹੋ ਚਿੱਤ ਲਾਇ
ਹਰਿ ਨਾਮਾ ਹਰਿ ਰੰਗ ਚੜ੍ਹ, ਬਿਖ ਕਾ ਦੁਖ ਮਿਟਾਇ
ਕਰਮ ਧਰਮ ਸਭ ਧੰਦ ਹੈ, ਭਜੁ ਨਾਮਾ ਰਾਮ ਮਨਾਇ
ਰਾਮ ਰਾਮ ਭਾਈ ਰਾਮ ਰਾਮ, ਬੋਲ ਚਿੱਤ ਚੋਂ ਪ੍ਰਾਣੀਆਂ
ਰਾਮ ਤੇਂਡੈ ਵੱਲ ਹੋਵੈ, ਮੁੱਕ ਜਾਣ ਸਾਰੀਆਂ ਕਹਾਣੀਆਂ
ਰਾਮ ਕਹੋ ਹਰਿ ਰਾਮ ਸੁਣੋ, ਰਸਨਾ ਹਰਿ ਹਰਿ ਗਾਇ
ਹਰਿ ਕਾ ਨਾਮ ਦੁਲੱਭ ਹੈ, ਕੋਈ ਸੁਣੈ ਕੋਈ ਗਾਵੈ
ਹਰਿ ਹਰਿ ਨਾਮ ਜਪੰਦਿਆਂ, ਮਨ ਵਸ ਆਇ ਜਾਵੈ
ਮਨ ਵਸ ਆਵੈ ਨਾਮ ਧਿਆਵੈ, ਗੁਰਚਰਣੀ ਚਿੱਤ ਲਾਇ
ਵੇਖਣ ਘੱਲੈ ਜਗਤ ਤਮਾਸਾ, ਭਜੁ ਨਾਮ ਕਟੈ ਜਮ ਫਾਸਾ
ਸਤਿਗੁਰ ਹਰਿ ਕੇ ਨਾਮ ਬਿਨ, ਮਿਟੈ ਨ ਚਿੱਤ ਪਿਆਸਾ
ਭਜੁ ਬੈਂਸ ਹਰਿ ਨਾਮਾ, ਤੇਰਾ ਜਨਮ ਮਰਨ ਦੁਖ ਜਾਇ

ਗੁਰ ਸਤਿਗੁਰ

ਸੋ ਵੇਲਾ ਵਖਤ ਪਵਿੱਤ ਹੈ, ਜਿਤ ਵੇਲੈ ਹਰਿ ਚਿੱਤ ਆਵੈ
ਜੋ ਵੇਲਾ ਵਖਤ ਵਿਚਾਰਦੇ, ਤਿਨ ਹਰਿ ਨਾਮ ਨ ਭਾਵੈ
ਨਾ ਮੱਕੇ ਮੱਤ ਉਪਜੈ, ਨਾ ਹਰਿ ਮਦੰਰ ਨ੍ਹਾਇ ਮੱਤ ਆਵੈ
ਗੁਰ ਸੇਵਣ ਮੱਤ ਉਪਜੈ, ਗੁਰ ਸੇਵਾ ਹਰਿ ਮਨ ਧਿਆਵੈ
ਗੁਰ ਉਪਦੇਸ ਸਾਧ ਕੀ ਸੰਗਤ, ਸੋ ਜਨ ਭਗਤ ਕਹਾਵੈ
ਸਤਿਗੁਰ ਦਾਤਾ ਨਾਮ ਕਾ, ਡੁਬਦੇ ਪਾਹਨ ਪਾਰ ਤਰਾਵੈ
ਤਨ ਮਨ ਹੋਇ ਚੁਲੰਭ, ਹਰਿ ਨਾਮਾ ਮਨ ਮਾਹਿ ਸਮਾਵੈ
ਹਰਿ ਨਾਮਾ ਮਨ ਆਇ ਵਸੈ, ਜਬ ਗੁਰ ਕਿਰਪਾ ਆਵੈ
ਸਤਿਗੁਰ ਬਚਨ ਅਰਾਧਿ, ਸਤਿਗੁਰ ਚਿੱਤ ਪਰਚਾ ਪਾਵੈ
ਹਰਿ ਹਰਿ ਨਾਮ ਧਿਆਏ ਮਨ, ਸੋ ਮੇਰੇ ਹਰਿ ਪ੍ਰਭ ਭਾਵੈ
ਜਬ ਹੁਵੈ ਸਤਿਗੁਰੂ ਦਿਆਲ, ਗੁਰ ਅਮਿਓ ਛਹਿਬਰ ਲਾਵੈ
ਨਾਮ ਧਿਆਇ ਹਰਿ ਰਸ ਆਇ, ਚਿੱਤ ਬਿਗਸ ਬਿਗਸਾਵੈ
ਸਤਿਗੁਰ ਦਾਤਾ ਨਾਮ ਕਾ, ਗੁਰ ਗਿਆਨ ਦਾਨ ਵਰਸਾਵੈ
ਸਤਿਗੁਰ ਤੀਰਥ ਅਮ੍ਰਿਤਸਰ ਨ੍ਹਾਵੈ, ਮਨ ਹਰਿ ਹਰਿ ਗਾਵੈ
ਸੇਵਕ ਨ੍ਹਾਵੈ ਮਨ ਬਿਗਸਾਵੈ, ਮਨ ਨਿਰਮਲ ਹੋਇ ਆਵੈ
ਸਤਿਗੁਰ ਕਰਤਾ ਕਰਣਹਾਰ, ਹਰਿ ਕੀ ਗੁਰ ਕਾਰ ਕਮਾਵੈ
ਸਤਿਗੁਰ ਦਾਤ ਨਾਮ ਮਨ ਵਸੈ, ਮਨ ਹਰਿ ਹਰਿ ਧਿਆਵੈ
ਸਤਿਗੁਰ ਸੰਗਤ ਮੇਲ ਪ੍ਰਭ, ਮੋਹਿ ਪਾਪੀ ਪਾਖੰਡੀ ਤਰ ਜਾਵੈ
ਸਤਿਗੁਰ ਮਹਿ ਹੋਏ ਵਿਸਾਸ, ਹਰਿ ਸਤਿਗੁਰ ਮਨ ਸਮਝਾਵੈ
ਹਰਿ ਨਾਮਾ ਜਪੁ ਮਨ ਹੋਵੈ ਊਜਲ, ਹਰਿ ਮਨ ਮਾਹਿ ਸਮਾਵੈ
ਹਰਿ ਹਰਿ ਨਾਮ ਜਪੰਦਿਆਂ, ਮਨ ਕਾ ਭੌ ਭਰਮ ਮਿਟ ਜਾਵੈ
ਭਰਮ ਮਿਟਾਵੈ ਹੰਕਾਰ ਤਜਾਵੈ, ਮਨ ਹਰਿ ਨਾਮ ਧਿਆਵੈ
ਇਹੋ ਭਗਤੀ ਇਹੋ ਗਿਆਨ, ਗੁਰ ਸਤਿਗੁਰ ਸਿੱਖ ਸੁਣਾਵੈ
ਗੁਰ ਸਰਣ ਭਜੁ ਪਾਰਬ੍ਰਹਮ, ਗੁਰ ਮਨ ਮਾਹਿ ਪਰਗਟਾਵੈ

ਮਨ ਧੋਇ

ਆ ਮਿਲ ਮੇਰੇ ਪ੍ਰੀਤਮਾਂ, ਨਿੱਤ ਕਰਾਂ ਜੋਦੜੀ ਤੋਹਿ
ਚਰਣ ਧੋਇ ਤੋਹਿ ਮੈਂ ਪੀਵਾਂ, ਤੂੰ ਮੇਰਾ ਮਨ ਧੋਇ

ਮੈਂ ਤੇਰੀ ਧਰ ਸਾਹਿਬਾ, ਸਤਿਗੁਰ ਦਿਓ ਮੋਹਿ ਹਰਿ ਨਾਮ

ਤੁਮਰੀ ਕਿਰਪਾ ਹੋਇ ਪ੍ਰਭ, ਚਿੱਤ ਵਸੈ ਹਰਿ ਨਾਮ ਨਿਧਾਨ
ਹਮ ਨਾਮ ਧਿਆਵੈ ਹਰਿ ਬਿਗਸਾਵੈ, ਮਿਹਰ ਕਰੋ ਪ੍ਰਭ ਮੋਹਿ
ਸਰਣ ਗਹੇ ਕੀ ਲਾਜ ਰੱਖ, ਹਮ ਚਰਣ ਧੂੜ ਮੁਖ ਲਾਈ
ਹਰਿ ਹਰਿ ਨਾਮ ਧਿਆਇ ਹਮ, ਕਬ ਪ੍ਰਭ ਹੋਇ ਸਹਾਈ
ਚਰਣ ਸਰਣ ਕੀ ਲਾਜ ਰੱਖ, ਤੋਹਿ ਚਰਣ ਧੋਇ ਮਨ ਧੋਇ
ਤੂੰ ਹੀ ਮੇਰਾ ਸਤਿਗੁਰ ਦਾਤਾ, ਤੂੰ ਹੀ ਕਰਮ ਵਿਧਾਤਾ
ਹਰਿ ਹਰਿ ਨਾਮ ਜਪੰਦਿਆਂ, ਹੋਇ ਹਮ ਦਾਸਨ ਦਾਸਾ
ਐਸਾ ਦਾਸ ਮਿਲਾ ਪ੍ਰਭ, ਮਿਲ ਮਨ ਬਿਗਸ ਬਿਗਸੋਇ
ਮੈਂ ਡੂਬੀ ਤੇਰੇ ਪਿਆਰ ਹਰਿ, ਤੈਨੂੰ ਢੂੰਡਾਂ ਹਰਿ ਹਰ ਜਾਇ
ਮਨ ਖੋਜਾਂ ਕਦੀ ਦਰ ਖੋਜਾਂ, ਪ੍ਰਭ ਆਣ ਮਿਲੈ ਮੇਰੀ ਮਾਇ
ਤੂੰ ਨਹੀਂ ਮਿਲਦਾ ਮਨ ਨਹੀਂ ਖਿਲਦਾ, ਗਹੇ ਬੈਂਸ ਹਰਿ ਰੋਇ
ਹੁਣ ਆ ਮਿਲ ਮੇਰੇ ਪ੍ਰੀਤਮਾਂ, ਮੈਂ ਤੇਰੀ ਪ੍ਰੇਮ ਦੀਵਾਨੀ
ਤੈਨੂੰ ਵੇਖਣ ਚਿੱਤ ਕਰਦੈ, ਮੋਹਿ ਭਾਵੈ ਅੰਨ ਨ ਪਾਣੀ
ਸਰਣ ਗਹੇ ਕੀ ਰਾਖ ਪ੍ਰਭ, ਕਰ ਕਿਰਪਾ ਪ੍ਰਭ ਮੋਹਿ

ਜਗਤ ਅਖਾੜਾ

ਹਰਿ ਜਗਤ ਅਖਾੜਾ ਬੱਝਿਆ, ਹਰਿ ਆਪੇ ਛਿੰਝ ਪਾਇ
ਦਾਉ ਪੇਚ ਸਭ ਖੇਡ੍ਹਦੇ, ਪ੍ਰਭ ਖੁਦ ਕਰੈ ਸਭ ਨਿਆਇ
ਹਰਿ ਸਭ ਜਗਤ ਉਪਾਇਆ, ਵਿਚ ਪਾਈ ਮਾਇਆ
ਵੇਖਣ ਮਾਇ ਨੈਣ ਪਰਸ ਕੈ, ਮਨ ਭਰਮ ਭਰਮਾਇਆ
ਜਗਤ ਕੂੜ ਇੰਞ ਭਾਈ, ਈਹਾਂ ਕੋਇ ਥਿਰ ਨ ਰਹਾਈ
ਅੱਖ ਦਾ ਵੇਖਣ ਸਭ ਭਰਮ ਹੈ, ਕੋਇ ਆਵੈ ਕਤਿ ਜਾਈ
ਜੱਗ ਕੂੜੋ ਕੂੜੀ ਕੂੜ ਹੈ, ਹਰਿ ਐਸੀ ਗਤ ਮਿਤ ਪਾਈ
ਇਹ ਜੱਗ ਥਿਰ ਨ ਰਹਾਈ, ਕਿਉਂ ਤਿਸ ਨੇਹ ਬਣਾਈ
ਜਗਤ ਅਖਾੜਾ ਸਭ ਕੂੜ ਹੈ, ਕੂੜ ਖੱਟੇ ਕੂੜ ਮਲ ਭੱਸੇ
ਜਨ ਕੂੜੋ ਕੂੜ ਕਮਾਵੰਦਾ, ਕੂੜ ਕਰਮ ਧਰਮ ਕੂੜ ਨਿਖੁੱਟੇ
ਕੂੜ ਰਾਜਾ ਕੂੜ ਪਰਜਾ, ਕੂੜ ਕਿਰਤ ਕੂੜ ਮਾਨ ਅਪਮਾਨ
ਕੂੜੋਂ ਕੂੜ ਉਪਜਸੀ, ਕੂੜੀ ਨ੍ਹਾਵੈ ਕੂੜ ਮਲ ਕੂੜ ਗਿਆਨ
ਕੂੜਾ ਧਰਤੀ ਧਵਲ ਅਕਾਸ, ਕੂੜ ਸਸੀ ਸੂਰ ਦਿਨ ਰਾਤ
ਕੂੜ ਵਾਹ ਕੂੜ ਬੀਜਣ, ਕੂੜ ਉਪਜ ਕੂੜ ਫਲ ਪਰਗਟਾਸ
ਹਰਿ ਪ੍ਰਭ ਜਗਤ ਉਪਾਇਆ, ਵਿਚ ਨੈਣਾਂ ਭਰਮ ਭੌ ਪਾਇਆ

ਜਿਹਾ ਨੈਣ ਜੱਗ ਵੇਖਦੇ, ਤਿਹਾ ਕੂੜ ਜਗਤ ਦਿਸ ਆਇਆ
ਸੂਰਜ ਚੰਦ ਭੀ ਚਲਦਾ ਰਹਿੰਦਾ, ਏਥੇ ਬੈਠ ਕੋਈ ਨ ਰਹਿੰਦਾ
ਸਭ ਚਹਿਲ ਪਹਿਲ ਨੂੰ ਆਵੰਦੇ, ਪ੍ਰਾਹੁਣਿਆਂ ਨੂੰ ਜਾਣਾ ਪੈਂਦਾ
ਮਨ ਚ ਮੂਰਤ ਚਿੱਤ ਚ ਸੂਰਤ, ਮੰਨ ਸਤਿਗੁਰ ਕਾ ਭਾਣਾ
ਚਿੱਤ ਵਸਾ ਲੈ ਮਿੱਤਰ ਸੱਖਣਾ, ਬੈਂਸ; ਬਣ ਕੇ ਸਾਧ ਰਬਾਣਾ
ਥਿਰ ਹਰਿ ਪ੍ਰਭ ਆਪ ਹੈ, ਇਹ ਸਭ ਜੱਗ ਆਵਣ ਜਾਈ
ਜੋ ਹਰਿ ਨਾਮ ਧਿਆਇੰਦੇ, ਹਰਿ ਭਾਇ ਭਗਤਿ ਹਰਿ ਭਾਈ
ਹਰਿ ਭਗਤੀ ਹਰਿ ਨਾਮ ਹੈ, ਦਿਨ ਰਾਤ ਮਨ ਹਰਿ ਧਿਆਵੈ
ਹਰਿ ਹਰਿ ਨਾਮ ਜਪੰਦਿਆਂ, ਸਵਰਨ; ਹਰਿ ਮਾਹਿ ਸਮਾਵੈ

ਕੁਦਰਤ ਕਾਦਰ

ਹਰਿ ਜੱਗ ਆਪ ਉਪਾਇਆ, ਵਿਚ ਪਾਈ ਹਰਿ ਵੱਥ
ਹਰਿ ਹਰਿ ਨਾਮ ਧਿਆਇ ਕੈ, ਮਨ ਤਨ ਆਵੈ ਵਸ
ਹਰਿ ਇਕ ਤੱਕੜੀ ਤੋਲਦਾ, ਹਰਿ ਇਕੋ ਤੋਲੈ ਵੱਟ
ਜੋ ਖੱਟੈਂ ਸੋ ਫਲ ਮਿਲੈ, ਰੱਤੀ ਵੱਧ ਨਾ ਮਾਸਾ ਘੱਟ
ਹਰਿ ਆਪੇ ਤੋਲ ਬਣਾਇਆ, ਪ੍ਰਭ ਬੋਲੈ ਮੋਲ ਅਮੋਲ
ਹਰਿ ਆਪੇ ਵੱਟੇ ਸਾਜੀਅਨ, ਸੋ ਤੋਲਣ ਪੂਰਾ ਤੋਲ
ਪ੍ਰਭ ਆਪੇ ਕੰਡਾ ਆਪ ਤਰਾਜੂ, ਆਪੇ ਤੋਲਣਹਾਰਾ
ਹੋਈ ਭਾਰ ਸੋਈ ਵਖਾਵੈ, ਨਾ ਕਰੈ ਜ਼ਰਾ ਵਿਤਕਾਰਾ
ਜਿਸ ਕੰਡਾ ਤੋਲ ਬਣਾਏ, ਉਸੈ ਬਣਾਇਆ ਜਗਤ
ਦੋਹਾਂ ਦਾ ਆਪ ਸੁਆਮੀ, ਕਿਉਂ ਟੰਕਮ ਪਾਵੈ ਰੱਤਕ
ਜਿਵ ਭਾਵੈ ਤਿਵੈ ਚਲਾਵੈ, ਉਸ ਪੂਰਾ ਤੋਲਣਾ ਪੈਣਾ
ਤੂੰ ਕਰ ਜੋ ਤੇਰੀ ਮਰਜ਼ੀ, ਉਹਨੂੰ ਸੱਚ ਬੋਲਣਾ ਪੈਣਾ
ਜੋ ਜਗਤ ਤੂੰ ਵੇਖਦੈਂ, ਇਹ ਸਭ ਹਰਿ ਕੀ ਮਾਇਆ
ਮਾਇਆ ਜੱਗ ਭਰਮਾਇਆ, ਜੱਗ ਰੱਬ ਭੁਲਾਇਆ
ਛਲ ਮਾਇਆ ਮਾਈ ਕਾਰਨੈ, ਜਨ ਮਨ ਪਾਪ ਕਮਾਵੈ
ਪ੍ਰਭ ਪੱਕੀ ਤੱਕੜੀ ਤੋਲਿ ਕੈ, ਪਰਗਟ ਕਰ ਦਿਖਲਾਵੈ
ਹਰਿ ਆਪੇ ਜਗਤ ਉਪਾਇ ਕੈ, ਵਿਚ ਵਸੈ ਕਰਤਾਰ
ਬੁਰਾ ਭਲਾ ਇਤ ਕੁਝ ਨਹੀਂ, ਵਿਤਕਰਾ ਕਰੈ ਸੰਸਾਰ
ਆਪ ਪੂਰਾ ਨ ਕੁਝ ਅਧੂਰਾ, ਉਹਦੇ ਭਾਰ ਤਰਾਜੂ ਪੱਕੇ
ਆਪੇ ਬੈਠਾ ਲਾਇ ਕਚਹਿਰੀ, ਅਸੂਲ ਭੀ ਉਹਦੇ ਪੱਕੇ

ਘੱਟ ਕਦੀ ਵੱਧ ਨ ਤੋਲੈ, ਇਨਸਾਫ ਭੀ ਉਹਦਾ ਸੱਚਾ
ਜੈਸਾ ਕਰਮ ਤੈਸਾ ਧਰਮ ਬਣਾਵੈ, ਕਰੈ ਕਿਸੇ ਨਾ ਧੱਕਾ
ਜੇ ਬੈਂਸ ਤੂੰ ਪਾਉਣਾ ਚਾਹੁੰਨੈ, ਬਣ ਸੱਚੇ ਸਤਿਗੁਰ ਚੇਲਾ
ਗੁਰ ਸਤਿਗੁਰ ਪੂਰਨ ਪ੍ਰਭ, ਚੜ੍ਹ ਜਾ ਸੀ ਰੰਗ ਨਵੇਲਾ

ਆਵਣ ਜਾਵਣ

ਧੰਨ ਸਤਿਗੁਰ ਸੱਚਾ ਪਾਤਿਸਾਹ, ਜਿਨ ਇਹ ਜਗ ਉਪਾਇਆ
ਜੱਗ ਉਪਾਇ ਰੁਝਾਇ ਮਾਇ, ਸੰਗ ਆਵਣ ਜਾਣ ਬਣਾਇਆ
ਜੰਮਣ ਮਰਨਾ ਝੂਠ ਹੈ, ਸੱਚ ਕੇਵਲ ਸਤਿਗੁਰ ਹਰਿ ਕਾ ਨਾਮ
ਤਨ ਮਨ ਲਾਇ ਹਰਿ ਹਰਿ ਧਿਆਇ, ਬਹੁੜ ਨ ਸਤਾਵੈ ਜਾਮ
ਸਭ ਜੱਗ ਪ੍ਰਭ ਕਾ ਰੂਪ ਸਰੂਪ ਹੈ, ਵਿਚ ਹਰਿ ਆਪ ਸਮਾਇਆ
ਕਰਣ ਭਲੇ ਸੋ ਨੈਣ ਪਵਿੱਤ, ਜਿਨ ਹਰਿ ਪ੍ਰਭ ਚਿੱਤ ਵਸਾਇਆ
ਜਗਤ ਵੇਖ ਹਰਿ ਭਗਤ ਵੇਖ, ਜਨ ਹਰਿ ਹਰਿ ਨਾਮ ਧਿਆਵੈ
ਮੁੱਖ ਹਰਿ ਹਰਿ ਨਾਮਾ ਉਚੱਰੈ, ਚਿੱਤ ਸਤਿਗੁਰ ਚਰਣੀ ਲਾਵੈ
ਹਰਿ ਹਰਿ ਨਾਮ ਨਿਧਾਨ ਹੈ, ਗੁਰ ਸੰਗਤ ਮਿਲ ਪੀਵੋ ਭਾਈ
ਹਰਿ ਹਰਿ ਨਾਮ ਜਪੰਦਿਆਂ, ਜਨਮ ਸਫਲ ਹੋਇ ਜਾਵੈ ਭਾਈ
ਹਰਿ ਪ੍ਰਭ ਜਗਤ ਉਪਾਇ ਕੈ, ਵਿਚ ਲਿਖਿਆ ਆਵਣ ਜਾਣ
ਜੱਗ ਰਚਨਾ ਸਭ ਪ੍ਰਾਹੁਣਚਾਰੀ, ਉਠ ਟੁਰ ਜਾਵਣ ਮਹਿਮਾਣ
ਪਤਾ ਈ ਤੈਨੂੰ ਸਵਰਨ, ਫਿਰ ਕਿਉਂ ਕਰੇਂ ਤੂੰ ਮਾਇਆ ਮਾਣ
ਇੱਥੇ ਮੇਰਾ ਤੇਰਾ ਕੁਝ ਨਹੀਂ, ਲਾ ਸਤਿਗੁਰ ਸਰਣ ਧਿਆਨ
ਮੌਤ ਜ਼ਿੰਦਗੀ ਦਾ ਇਕ ਪੜਾ ਸੱਜਣਾ, ਜੋ ਪੈਂਦਾ ਪੂਰਾ ਕਰਨਾ
ਜੋ ਕੋਈ ਜੱਗ ਤੇ ਜੰਮ ਪਿਆ, ਅੰਤ ਉਹਨੇ ਮਰਨਾ ਹੀ ਮਰਨਾ
ਤੈਨੂੰ ਪਤਾ ਹੈ ਮੌਤ ਉਡੀਕਦੀ, ਫਿਰ ਕਿਉਂ ਤੂੰ ਪਿਆ ਡਰਨਾ
ਕੋਈ ਐਸਾ ਜਤਨ ਉਪਾਇ ਕਰ, ਜਿਤ ਬਹੁੜ ਨ ਮਰਨਾ
ਅੜਿਆ! ਮਰਨਾ ਸੂਰਿਆਂ ਹੱਕ ਹੈ, ਜੇ ਕੋਈ ਮਰਨਾ ਜਾਣੈ
ਐਸੀ ਮਰਨੀ ਹਰਿ ਦਾਸ ਮਰੈ, ਮਰ ਹਰਿ ਮਾਹਿ ਸਮਾਣੈ
ਹਰਿ ਸਿਓਂ ਐਸੀ ਪ੍ਰੀਤ ਕਰ, ਜਿਉਂ ਜਲ ਬਿਨ ਮੀਨ ਮਰ ਜਾਇ
ਹਰਿ ਜਲ ਪੀਵੈ ਸਦ ਸਦ ਜੀਵੈ, ਭਜੁ ਹਰਿ ਜਲ ਤਿਖਾ ਬੁਝਾਇ
ਹਰਿ ਹਰਿ ਨਾਮ ਧਿਆਇ ਬੈਂਸ, ਹਰਿ ਨਾਮ ਵਸੈ ਮਨ ਆਇ
ਹਰਿ ਹਰਿ ਨਾਮ ਜਪੰਦਿਆਂ, ਮੇਰਾ ਸਤਿਗੁਰ ਹੋਇ ਸਹਾਇ

ਜੀਵਣ ਮਰਨ

ਪੈਰਾਂ ਬਾਝੋਂ ਚੱਲਣਾ ਬਿਨ ਕੰਨਾਂ ਸੁਣਨਾ
ਅੱਖਾਂ ਬਾਝੋਂ ਵੇਖਣਾ, ਬਿਨ ਜਿਹਵਾ ਗੁਣਨਾ
ਜਿਹਵਾ ਬਾਝੋਂ ਚੱਖਣਾ, ਸੰਗ ਸੁਆਉ ਬਣਾਉਣਾ
ਸੰਤਨ ਸੰਗਤ ਜਾਇ ਬੈਠਣਾ, ਪਗ ਧੂੜੀ ਨ੍ਹਾਉਣਾ
ਇਤ ਵਿਧ ਜੀਵਤ ਮਰਨ ਹੋਇ, ਅਮਰਾ ਪਦ ਪਾਉਣਾ
ਸਾਧ ਸੰਗਤ ਮਿਲ ਗਾਉਣਾ, ਹਰਿ ਨਾਮ ਧਿਆਉਣਾ
ਮਨ ਕੀ ਮਨਸਾ ਮਾਰ ਕੈ, ਮਨੁ ਮਨਿ ਸਮਝਾਉਣਾ
ਸਿਰ ਤਲੀ ਹੱਥ ਖੜਗ ਲੈ, ਜੰਗ ਜਿੱਤ ਵਖਾਉਣਾ
ਆਪ ਮਾਰ ਮਨ ਮਰਨ ਵਰ, ਭਉ ਭਾਵਣੀ ਲਾਉਣਾ
ਦੁਬਿਧਾ ਦੂਜੀ ਵਾਸਨਾ, ਮਨ ਦਹਿ ਦਸਿ ਧਾਇ
ਦੋ ਚਿੱਤਾ ਮਨ ਭਟਕਦਾ, ਨਹਿੰ ਥਾਮਿਆਂ ਜਾਇ
ਚੇਚੇ ਚਿੱਤ ਅਚੇਤ ਹੋਇ, ਕਿਛੁ ਸੋਚ ਨ ਪਾਇ
ਇਕ ਹਰਿ ਇਕ ਸਾਧਨਾ, ਦੋਇ ਦਰ ਦੋਹਾਇ
ਦੋਇ ਦੁਹਾਗਣ ਜਾਣੀਐ, ਨਿੱਤ ਭਰਮ ਭੁਲਾਇ
ਸੱਤ ਸੁਹਾਗਣ ਸੱਤ ਸਰੁ, ਸਤਿ ਰੰਗ ਵਿਹਾਇ
ਦੁਬਿਧਾ ਚਿੱਤ ਵਿਸਾਰਸੀ, ਗਹਿ ਗੁਰ ਸਰਣਾਇ
ਲੋਭੀ ਲਾਲਚ ਕੂਕਰੈ, ਭਉ ਚਹੁ ਕੁੰਡੀ ਧਾਇ
ਮਨਸਾ ਮਨੋ ਨ ਵਿਸਰੈ, ਖਾਇ ਪੇਟ ਵਧਾਇ
ਲੋਭੀ ਚਿੱਤ ਸੁਆਨ ਜਿਉ, ਜੂਠਨ ਭਰਮਾਇ
ਨਹਿੰ ਰੱਜੈ ਨਹਿੰ ਮੁਕਰੈ, ਖਾਇ ਪਚਹਿ ਪਚਾਇ
ਮਾਇਆ ਮਨ ਕੀ ਵਾਸਨਾ, ਹਰਿ ਰੰਗ ਮਿਟਾਇ
ਸਤਿਗੁਰ ਸਰਣੀ ਲੱਗਿਆਂ, ਮਨ ਵਸ ਆਇ ਜਾਇ
ਗੁਰ ਦਾਤਾ ਹਰਿ ਨਾਮ ਰੰਗ, ਮਨ ਰਸਕ ਰਸਾਇ
ਸਤਿਗੁਰ ਸਰਣੀ ਲੱਗਿਆਂ, ਕਰਮ ਭਰਮ ਭੌ ਜਾਇ
ਮਨ ਕੋ ਮਨ ਮਾਰਸੀ, ਬਿਨ ਮੋਇ ਮਿਲਣ ਨ ਪਾਇ

ਚਾਰ ਕੁੰਠ

ਹਰ ਜਾ ਹਰਿ ਪ੍ਰਭ ਆਪ ਹੈ, ਚਾਰ ਕੁੰਠ ਚੌਹ ਦੇਸ
ਹਰ ਜਾ ਹਰਿ ਸਮਾਇਆ, ਚਾਰ ਵਰਨ ਚੌਹ ਵੇਸ
ਪ੍ਰਭੂ ਕੀਆ ਵਾਉ ਪਰਗਾਸਾ, ਭੇਦ ਕਰੈ ਰੱਤੀ ਨ ਮਾਸਾ

ਵਾਉ ਹੱਦ ਬੰਨਾਂ ਨ ਵੇਖੈ, ਚੱਲ ਚੱਲ ਝੁੱਲ ਜੁਲ ਜਾਸਾ
ਵਾਓਂ ਪ੍ਰਭ ਸਾਜਿਆ ਨੀਰ, ਊਚੋਂ ਨੀਚ ਬਹਾਵੈ ਨੀਰ
ਉਚੋ ਨੀਚ ਬਣਾਵੈ ਕਰਤਾ, ਸਾਗਰ ਜਾਇ ਸਮਾਇ ਅਖੀਰ
ਤੀਜੀ ਪ੍ਰਭ ਬਣਾਈ ਧਰਤੀ, ਭੇਦ ਭਾਵ ਜ਼ਰਾ ਨਾ ਕਰਤੀ
ਮੋਇਆਂ ਸਾਥ ਨ ਰੱਖੈ ਕੋਇ, ਮਾਣ ਵਧਾਵੈ ਮੋਇਆਂ ਧਰਤੀ
ਸਭ ਤੋਂ ਪਿੱਛੋਂ ਤੂੰ ਬਣਾਇਆ, ਤੈਨੂੰ ਸੋਪੀ ਮਾਈ ਮਾਇਆ
ਮਾਇਆ ਐਸਾ ਪੋਚਾ ਪਾਇਆ, ਤੈਨੂੰ ਪਰਵਦਗਾਰ ਭੁਲਾਇਆ
ਰੱਬ ਜਿਗਰ ਚੋਂ ਜੱਗ ਸਾਜਿਆ, ਰਸਦਾ ਵਸਦਾ ਰਹਿ ਸੁਭਾਗਿਆ
ਹਰ ਸ਼ੈ ਉਹਦੇ ਦਿਲ ਦਾ ਟੁਕੜਾ, ਬੁਰਾ ਭਲਾ ਨ ਕੋਈ ਸਾਜਿਆ
ਹਰ ਜਾ ਹਰਿ ਆਪ ਵਸੋਂਦਾ, ਨਰਕ ਸੁਰਗ ਫਰਕ ਨ ਰੱਖਦਾ
ਸੁਰਗ ਨਰਕ ਇਨਸਾਨ ਬਣਾਵੈ, ਤੇਰੇ ਕੰਮ ਵੇਖ ਰੱਬ ਹਸਦਾ
ਚੰਗੇ ਮੰਦੇ ਕੰਮ ਕਰਨੋ ਨ ਰੋਕੇ, ਕੀਤਾ ਕਰਮ ਸਭ ਕੁਝ ਸੋਖੇ
ਤੇਰੇ ਮਨ ਕੂ ਦਿੱਤੀ ਆਜ਼ਾਦੀ, ਅਪਣੇ ਆਪ ਨੂੰ ਦੇਵੇਂ ਧੋਖੇ
ਹਰ ਸ਼ੈ ਹਰਿ ਇਤ ਥਾਪੀ, ਹਰ ਸ਼ੈ ਹਰ ਕਿਸਮ ਮਿਟ ਜਾਸੀ
ਜੋ ਆਇਆ ਸੋ ਸਭ ਕੋ ਜਾਸੀ, ਮੀਰ ਪੀਰ ਫਕੀਰ ਉਦਾਸੀ
ਸੂਰਜ ਚੰਦ ਬਣਾਏ ਤਾਰੇ, ਇਕ ਦਿਨ ਭਸਮ ਹੋਣਗੇ ਸਾਰੇ
ਕੋਈ ਨ ਛੋਣੀ ਪਾ ਕੇ ਬਹਿੰਦਾ, ਫਿਰ ਭੀ ਫਿਰਦੇ ਮਾਰੇ ਮਾਰੇ
ਯਾਦ ਰੱਖ ਜੋ ਤੂੰ ਕਮਾਵੈਂ, ਤੇਰਾ ਕਰਮ ਤੇਰੇ ਖਾਤੇ ਲਿਖ ਪਾਵੈ
ਜਾਣ ਸਮੇਂ ਕਰਮਾਂ ਫਲ ਮਿਲਦਾ, ਹਿਸਾਬ ਹੋਣ ਤੇ ਉਘੜ ਆਵੈ
ਸਾਹ ਰੁਕ ਜਾਵੈ ਉੜੈ ਉਕਾਬ, ਉਸੇ ਸਮੈਂ ਖੁਲ੍ਹ ਆਵੈ ਕਿਤਾਬ
ਖੱਟਿਆ ਵੱਟਿਆ ਸਾਹਮਣੈ ਆਵੈ, ਆਪੇ ਹੋ ਜਾਵੈ ਹਿਸਾਬ

ਤੇਰਾ ਤੇਰਾ

ਜੱਗ ਚ ਮੇਰਾ ਕੁਝ ਨਹੀਂ, ਇੱਥੈ ਜੋ ਹੈ ਪ੍ਰਭ ਤੇਰਾ
ਬੰਦੇ ਕੋ ਪ੍ਰਭ ਬਖਸ ਲੈ, ਬਹੁੜ ਨਾ ਭਵਜਲ ਫੇਰਾ

ਜੱਗ ਚ ਪਿਆਰ ਪਾ ਲਿਆ, ਬਣ ਗਏ ਧੀਆਂ ਪੁੱਤਰ ਮਾਪੇ
ਉਹ ਕਦੀ ਨ ਮੰਗਣੋ ਥੱਕਦੇ, ਉਮਰਾਂ ਦੇ ਪੈ ਗਏ ਸਿਆਪੇ
ਮੰਗਾਂ ਕਦੀ ਨ ਪੂਰੀ ਹੋਣੀਆਂ, ਮੁੱਕਣਾ ਨਹੀਂ ਝਘੜਾ ਤੇਰਾ
ਇਹ ਕਦੀ ਨਹੀਂ ਸੋਚਿਆ, ਕਿਉਂ ਤੈਨੂੰ ਜੱਗ ਚ ਘੱਲਿਆ
ਇਹ ਜਗਤ ਤਮਸ਼ਾ ਵੇਖ ਕੈ, ਤੂੰ ਜ਼ਰਾ ਸਮਝ ਜਾ ਝੱਲਿਆ

ਚੇਤੇ ਕਰ ਲੈ ਮਾਹੀ ਨੂੰ, ਜਿਨ ਪਾਰ ਉਤਾਰਾ ਕਰਨਾ ਤੇਰਾ
ਤੈਨੂੰ ਜੱਗ ਚ ਇਸ ਲਈ ਘੱਲਿਆ, ਨਿੱਤ ਚੇਤੇ ਰੱਬ ਨੂੰ ਕਰ
ਸਭ ਲੈਣ ਦੇਣ ਜਦੋਂ ਮੁੱਕ ਜਾਇ, ਫਿਰ ਮਰਨੋਂ ਨਾ ਤੂੰ ਡਰ
ਜਾਣ ਸਮੇਂ ਹੱਥ ਖਾਲੀ ਹੋਵਣ, ਨਾਮ ਸਾਥ ਨਿਭਾਵੇ ਤੇਰਾ
ਤੂੰ ਕਿਉਂ ਨਹੀਂ ਉਹਨੂੰ ਚਿਤਾਰਦਾ, ਜੋ ਮਾਲਿਕ ਸੰਸਾਰ ਦਾ
ਮੁੱਲ ਪਾ ਕੇ ਆਪੇ ਲੈ ਜਾਊ, ਨਿੱਕਾ ਵੱਡਾ ਨਾ ਰੱਬ ਵਿਚਾਰਦਾ
ਜੋ ਖੱਟੇਂ ਸੋ ਮੁੱਲ ਪਵੇ, ਦਮੜਾ ਰੱਤੀ ਘੱਟ ਨਾ ਮਾਸਾ ਵਧੇਰਾ
ਵੇਖ ਲੁਕਾਈ ਬਿਲਕਦੀ, ਤੂੰ ਹਰਿ ਹਰਿ ਨਾਮ ਧਿਆ ਬੰਦੇ
ਸਤਿਗੁਰ ਚਰਣ ਸਰਣ ਨੇਹ ਰਚਾਇ, ਬਾਕੀ ਸਭ ਝੂਠੇ ਧੰਦੇ
ਗੁਰ ਆਪੇ ਰਾਹ ਵਿਖਾਇ ਸੀ, ਭਾਉ ਭੌ ਬਣ ਜਾਏ ਤੇਰਾ
ਕੁਝ ਨਹੀਂ ਬਣਦਾ ਪਾਠ ਗਾ ਕੇ, ਬਣਦਾ ਮਨ ਸਮਝਾ ਕੇ
ਪੜ੍ਹ ਸੋਚ ਸਮਝ ਕਰ ਅਮਲ, ਗੁਰ ਸਿੱਖਿਆ ਦੇਵੇ ਆ ਕੇ
ਆਦਿ ਜੁਗਾਦਿ ਗੁਰ ਜੁਗੋ ਜੁਗ, ਕਰੈ ਚਾਨਣ ਮੇਟ ਹਨੇਰਾ
ਕਰ ਸੱਖਣੇ ਯਾਰ ਕੂ ਪਿਆਰ, ਜਿੰਦ ਜਾਨ ਮਾਹੀ ਤੇ ਵਾਰ
ਸਭ ਭੇਦ ਭਾਵ ਮਿਟ ਜਾਣਗੇ, ਮੁੱਕ ਜਾਸਣ ਸਭ ਤਕਰਾਰ
ਦੋ ਬਦਨ ਇਕ ਰੂਹ ਬਣੈ, ਫਿਰ ਕਿਆ ਤੇਰਾ ਕਿਆ ਮੇਰਾ

ਸਗਲ ਜੱਗ ਜਾਵੈ

ਜੋ ਦਿਨ ਆਵੈ ਸੋ ਦਿਨ ਜਾਵੈ, ਚਲ ਚਲ ਚਲਤ ਸਗਲ ਜੱਗ ਧਾਵੈ
ਐਸੋ ਹਰਿ ਪ੍ਰਭ ਜਗਤ ਬਣਾਵੈ, ਛੌਣੀ ਪਾਇ ਕੋਇ ਰਹਿਣ ਨ ਪਾਵੈ
ਸਦਾ ਨ ਜੱਗ ਤੇ ਰਹਿਣ ਸਰਕਾਰਾਂ, ਸਦਾ ਰਹਿਣ ਨ ਮੌਜ ਬਹਾਰਾਂ
ਸਦਾ ਨ ਬਾਗੀਂ ਕੋਇਲਾਂ ਕੂਕਣ, ਸਦਾ ਫਬਣ ਨਾ ਹਾਰ ਸੰਗਾਰਾਂ
ਜੱਗ ਤੇ ਸਦਾ ਕਿਨੇ ਨ ਰਹਿਣਾ, ਜੰਮਣ ਮਰਨਾ ਪਾਇਆ ਗਹਿਣਾ
ਕਰਮ ਕਮਾ ਜੋ ਅੱਗੈ ਆਉਣਾ, ਸਿੱਖ ਗੁਰੂ ਤੋਂ ਰਾਮ ਰਾਮ ਕਹਿਣਾ
ਮਨ ਵਿਚ ਹਰਿ ਨਾਮ ਧਿਆ ਬੰਦੇ, ਅੜਿਆ; ਛੱਡ ਜੱਗ ਦੇ ਧੰਦੇ
ਹਰਿ ਨਾਮਾ ਮਨ ਦੀ ਮਲ ਧੋਵੈ, ਮਿਟ ਜਾਸਣ ਪੁੰਨ ਪਾਪ ਦੇ ਫੰਧੇ
ਹਰਿ ਨਾਮ ਧਿਆ ਹਰਿ ਹਰਿ ਗਾ, ਮਿਟ ਜਾਵੇ ਜੰਮਣ ਮਰਨਾ ਤੇਰਾ
ਹਰਿ ਨਾਮੈ ਕਾ ਸਤਿਗੁਰੂ ਵਪਾਰੀ, ਭੁੰਚ ਭੁੰਚਾਵੈ ਹਰਿ ਪ੍ਰਭ ਕੇਰਾ
ਜੋ ਕਰਮ ਧਰਮ ਤੂੰ ਖੱਟਦਾ, ਸਭ ਤੇਰੀ ਰੂਹ ਚ ਲਿਖਿਆ ਜਾਂਦਾ
ਨਬਜ਼ ਰੁਕੈ ਸਾਹ ਬੰਦ ਹੋਇ, ਸਭ ਕੁਝ ਆਪੇ ਉਘੜ ਆਉਂਦਾ
ਅੱਜ ਸੋਚ ਕੱਲ੍ਹ ਕੀ ਹੋਣਾ, ਕਲੂ ਕਾਲ ਆਇ ਮੌਤ ਨੇ ਢਾਉਣਾ

ਚੰਗਾ ਮੰਦਾ ਸਭ ਭੁੱਲ ਜਾਣਾ, ਕੀਤਾ ਕਰਮ ਸਾਹਮਣੇ ਆਉਣਾ
ਮੋਹਿ ਐਸੀ ਸੰਗਤ ਮੇਲ ਪ੍ਰਭ, ਜੋ ਆਪ ਜਪੈ ਮੋਹਿ ਨਾਮ ਜਪਾਵੈ
ਦਾਨਸਮੰਦ ਹਰਿ ਪ੍ਰਭ ਸਤਿਗੁਰੂ, ਆਪ ਜਪੈ ਮੋਹਿ ਚਰਣੀ ਲਾਵੈ
ਆਪ ਜਪੈ ਸੰਤਨ ਸ਼ਬਦ ਸੁਣਾਵੈ, ਸੱਚੇ ਸਤਿਗੁਰ ਕੂ ਇਹ ਭਾਵੈ
ਗੁਰ ਉਪਦੇਸ ਸੁਣ ਮਨ ਲਾਵੈ, ਸਾਧ ਸੰਗਤ ਭਗਤ ਬਣ ਆਵੈ
ਤੇਰੇ ਕਰਮ ਜੰਮਣ ਮਰਨ ਦਾ ਸਾਧਨ, ਤੂੰ ਆਪਣੇ ਆਪ ਬਣਾਵੈਂ
ਕਰ ਸੁਭ ਕਾਮਾ ਧਿਆਇ ਹਰਿ ਨਾਮਾ, ਮਨ ਸਾਫ ਹੋਇ ਆਵੈ
ਕਰਮ ਤੇਰਾ ਈ ਤਾਣਾ ਬੁਣਨਾ, ਸਿਉਣ ਪਾਉਣ ਕੰਮ ਦਰਜ਼ੀ
ਤੇਰਾ ਕਰਮ ਹਰਿ ਨਾਮ ਧਿਆਉਣਾ, ਫਲ ਦੇਣਾ ਹਰਿ ਮਰਜ਼ੀ
ਸਤਿਗੁਰ ਮਤਿ ਬੈਂਸ ਸਮਝਾਈ, ਹਰਿ ਸਤਿਗੁਰ ਭੇਦ ਨ ਕਾਈ
ਸਿਮਰੋ ਸਤਿਗੁਰ ਹਰਿ ਪ੍ਰਭ ਭਾਈ, ਜਨਮ ਮਰਨ ਮਿਟ ਜਾਈ

ਜੱਗ ਦੀ ਰੀਤ

ਹਰਿ ਪ੍ਰਭ ਐਸੀ ਰੀਤ ਚਲਾਈ, ਜੱਗ ਮਹਿ ਕੋਇ ਥਿਰ ਨ ਰਹਾਈ
ਤੂੰ ਹਰਿ ਹਰਿ ਨਾਮ ਧਿਆ ਬੰਦੇ, ਜਾਣ ਸਮੈਂ ਹਰਿ ਹੋਇ ਸਹਾਈ
ਮੀਰ ਪੀਰ ਫਕੀਰ ਸਭ ਟੁਰ ਜਾਂਦੇ, ਜਾਣ ਸਮੇਂ ਇਕੋ ਗੱਲ ਕਹਿੰਦੇ
ਹਰਿ ਨਾਮ ਸਾਥ ਸੰਗ ਨਿਭਾਵੈ, ਭਜੁ ਹਰਿ ਹਰਿ ਨਾਮ ਮੇਰੇ ਭਾਈ
ਜਤੀ ਸਤੀ ਸਭ ਨੇ ਟੁਰ ਜਾਣਾ, ਕੋਇ ਨ ਰਹਿ ਸੀ ਰਾਜਾ ਰਾਣਾ
ਕਰਮ ਧਰਮ ਛੱਡ ਰੱਬ ਧਿਆ ਲੈ, ਅੰਤੈ ਸਤਿਗੁਰ ਹੋਇ ਸਹਾਈ
ਜਿਸ ਨੇ ਤੈਨੂੰ ਸਾਜ ਨਵਾਜਿਆ, ਬੰਦਿਆ! ਤਿਸ ਹੱਥ ਤੇਰੀ ਡੋਰ
ਖਿੱਚੇ ਡੋਰ ਜਿਵੇਂ ਪ੍ਰਭ ਭਾਵੈ, ਸਭ ਕੁਝ ਵਰਤੈ ਰੱਬ ਰਜਾਈ
ਇਸ ਜਨਮ ਦੀ ਕਿਰਤ ਕਮਾਈ, ਬੈਂਸ ਅਗਲੇ ਜਨਮ ਦਾ ਲੇਖਾ
ਜੋ ਸਵਰਨ ਕਮਾਵੈ ਸੋ ਫਲ ਪਾਵੈ, ਕਿਤ ਕਰਮ ਨ ਮੇਟਿਆ ਜਾਈ
ਜਿਸ ਭਾਵੈ ਪ੍ਰਭ ਪਾਰ ਲੰਘਾਵੈ, ਕਿਉਂ ਉਸ ਪ੍ਰਭ ਕੇ ਸਰਨ ਨ ਆਵੈ
ਹਰਿ ਹਰਿ ਹਰਿ ਤੂੰ ਗਾ ਬੰਦੇ, ਤੇਰਾ ਜਨਮ ਮਰਨ ਦੁਖ ਮਿਟ ਜਾਈ
ਹਰਿ ਨਾਮ ਗਿਆਨ ਗੁਰੂ ਵੱਲ ਧਿਆਨ, ਹਰਿ ਨਾਮਾ ਹਰਿ ਪੂਜਾ
ਵਿੱਸਰ ਨਾਹੀਂ ਮੇਰੇ ਸਤਿਗੁਰ ਪਿਆਰੇ, ਪ੍ਰਭ ਕਿਰਪਾ ਕਰੋ ਮੇਰੇ ਸਾਈਂ
ਜੋ ਆਇਆ ਸੋ ਸਰਪਰ ਜਾਸੀ, ਬਿਨ ਹਰਿ ਨਾਮ ਨ ਕਟੈ ਜਮ ਫਾਸੀ
ਰਾਮ ਭਜਨ ਬਿਨ ਨ ਮਿਟੈ ਚਰਾਸੀ, ਸੱਚੇ ਸਤਿਗੁਰ ਆਖ ਸੁਣਾਈ
ਰਾਮ ਨਾਮ ਮਨ ਵਸਾ ਬੰਦੇ, ਛਾਡ ਸਗਲ ਸਿਆਣਪ ਸਗਲੇ ਧੰਦੇ
ਹਰਿ ਨਾਮਾ ਪਾਰਗਰਾਮਾ, ਰਾਮ ਸਿਮਰ ਰਾਮ ਸਿਮਰ ਮੇਰੇ ਭਾਈ

ਮੇਰੀ ਮੇਰੀ ਕਰਦੇ ਟੁਰ ਗਏ, ਜੋ ਬਖਸੈ ਉਹਨੂੰ ਚੇਤੇ ਨਹੀਂ ਕਰਦੇ
ਲੀੜਾ ਲੱਤਾ ਸਭ ਖੋਹ ਲੈਂਦੇ, ਖਾਲੀ ਆਇਆ ਖਾਲੀ ਟੁਰ ਜਾਈ
ਭਜੁ ਹਰਿ ਨਾਮਾ ਲਾਇ ਧਿਆਨਾ, ਹਰਿ ਨਾਮਾ ਮਨ ਮਾਹਿ ਸਮਾਨਾ
ਭਜੁ ਹਰਿ ਨਾਮਾ ਮਿਟੈ ਅਭਿਮਾਨਾ, ਚਾਨਣ ਹੋਇ ਹਨੇਰ ਮਿਟਾਈ
ਹਰਿ ਹਰਿ ਨਾਮ ਮੇਰੇ ਮਨ ਭਾਵੈ, ਸਤਗੁਰ ਚਰਣ ਸਰਣ ਚਿੱਤ ਲਾਵੈ
ਸਤਿਗੁਰ ਗੁਰਦੇਵ ਪਾਰਬ੍ਰਹਮ ਪਰਮੇਸਰ, ਬੈਂਸ; ਸੰਤਨ ਸੰਗ ਧਿਆਈ

ਤੀਰਥ ਨ੍ਹਾਵਣ

ਤੀਰਥ ਨ੍ਹਾਵੈ ਨਹਿ ਗਤ ਪਾਵੈ, ਜੇ ਮਨ ਮੈਲਾ ਹੋਇ
ਹਰਿ ਨਾਮ ਨ੍ਹਾਵਣ ਚਿੱਤ ਦਾ, ਮਨ ਦੀ ਮਲ ਕੱਢੈ ਧੋਇ
ਮਨੋ ਕਠੋਰ ਨ੍ਹਾਵੈ ਹਰਿਮੰਦਰ, ਪਾਪ ਨ ਬਖਸਿਆ ਜਾਇ
ਮਨ ਕੀ ਮਲ ਤਦ ਉਤਰੈ, ਹਰਿ ਨਾਮ ਵਸੈ ਮਨ ਆਇ
ਤੀਰਥ ਨ੍ਹਾਇ ਇਕ ਭਾਉ ਉਤਾਰੈ, ਖੱਟ ਲਿਆਵੈ ਹੋਰ
ਸਤਿਗੁਰ ਸ਼ਬਦ ਧਿਆਇ ਬਿਨ, ਮਿਟੈ ਨ ਮਨ ਕਾ ਚੋਰ
ਸਾਧ ਭਲੇ ਅਣਨ੍ਹਾਤਿਆਂ, ਹਰਿ ਨਾਮ ਧਿਆਵਣ ਨਿੱਤ
ਜਿਹਵਾ ਰਾਮ ਰਾਮ ਸਦ ਗਾਵੈ, ਨਾਮ ਵਸੈ ਤਿਨ੍ਹਾਂ ਚਿੱਤ
ਜਲ ਨ੍ਹਾਤਿਆਂ ਮਨ ਸਾਫ ਨ ਹੋਵੈ, ਸਭ ਤੇਰੇ ਮਨ ਦਾ ਭਰਮ
ਰਾਮ ਨਾਮ ਜਪੁ ਸਵਰਨ, ਰਾਮ ਨਾਮ ਬਦਲਾ ਦੇਵੈ ਕਰਮ
ਤੀਰਥ ਨ੍ਹਾਤਿਆਂ ਬਦਨ ਸਾਫ ਹੋਇ, ਮਨ ਕੂ ਅਸਰ ਨ ਕੋਇ
ਮੇਂਢਕ ਕੁੰਮੇਂ ਵਸਣ ਤੀਰਥੀਂ, ਨਹਿੰ ਪਾਰ ਉਤਾਰਾ ਹੋਇ
ਰੱਬ ਪਾਉਣਾ ਰੱਬ ਧਿਆਉਣਾ, ਨ੍ਹਾਉਣ ਧੋਣ ਕੁਝ ਹੋਰ
ਜਾਣ ਸਮੈਂ ਜਦੋਂ ਖੁਲ੍ਹੈ ਖਲਾਸਾ, ਪੈ ਜਾਣ ਚੋਰਾਂ ਤੇ ਮੋਰ
ਤੀਰਥ ਨ੍ਹਾਉਣਾ ਤਨ ਮਲ ਲਾਹੁਣਾ, ਉਥੇ ਮਨ ਦੀ ਗੱਲ
ਗੁਰ ਦੀਖਿਆ ਮਨ ਨਿਰਮਲ ਕਰੈ, ਕਦੀ ਨ ਆਇਓਂ ਚੱਲ
ਤੀਰਥ ਥਾਪੇ ਦੇਵੀ ਦੇਵਾ, ਜੇ ਕੋਈ ਸਾਧ ਸੰਤ ਆਇ ਜਾਵੈ
ਆਪ ਜਪੈ ਹਰਿ ਹਰਿ ਨਾਮਾ, ਸਰਨਾਰਥੀਆਂ ਨਾਮ ਸੁਣਾਵੈ
ਚਿੱਤ ਚੋਰ ਜੇ ਮਨ ਕਠੋਰ, ਤੀਰਥ ਜਾ ਜਾ ਕਰੈਂ ਇਸਨਾਨ
ਜੇ ਮਨ ਦਾ ਮੀਤ ਨ ਮੰਨਿਆਂ, ਤੀਰਥ ਇਸਨਾਨ ਹਰਾਮ
ਦਮ ਨਿਕਲੇ ਕਿਤਾਬ ਖੁਲ੍ਹ ਜਾਵੈ, ਨਿਖੜਣ ਸਾਧ ਤੇ ਚੋਰ
ਜਦੋਂ ਹੋਵੈ ਹਿਸਾਬ ਮੰਗਣ ਜੁਆਬ, ਤੇਰੇ ਸੰਗ ਬਸੀਠ ਨ ਹੋਰ
ਚਿੱਤ ਚੋਰ ਮਨ ਚੋਰ ਤਨ ਚੋਰ, ਤੀਰਥ ਨਾਹ ਕੈ ਭੀ ਚੋਰ

ਐਹ ਤੋਂ ਸਾਧ ਭਲੇ ਅਣਨ੍ਹਾਤਿਆਂ, ਬੈਂਸ ਨਾਮ ਜਪਣ ਪ੍ਰਭ ਤੋਰ

ਸਿੱਖ ਸਿੱਖਿਆ

ਸਿੱਖਿ ਉਹ ਤੋਂ ਸਿੱਖ, ਜਿਹੜਾ ਜਿਹਵਾ ਬੋਲ ਸੁਣਾਵੈ
ਜਿਹੜਾ ਖੁਦ ਨਹੀਂ ਬੋਲਦਾ, ਉਹ ਤੈਨੂੰ ਕੀ ਸਮਝਾਵੈ
ਪੱਥਰ ਬੁੱਤ ਬੇਜਾਨ ਨੇ, ਉਨ੍ਹਾਂ ਰੱਬ ਦਾ ਰਾਹ ਨਾ ਆਵੈ
ਇਹ ਰਾਹ ਉਹ ਚੱਲਦੈ, ਖੁਦ ਨਜ਼ਰ ਜਿਸ ਨੂੰ ਆਵੈ
ਮੁਰਦੇ ਕਦੀ ਨਹੀਂ ਬੋਲਦੇ, ਬਿਨ ਬੋਲੇ ਕੀ ਸਮਝਾਵੈ
ਜਿਉਂਦੇ ਨੂੰ ਜਿਉਂਦਾ ਮਿਲੈ, ਮੁਰਦਾ ਸ਼ਮਸ਼ਾਨ ਕੂ ਜਾਵੈ
ਗ੍ਰੰਥਾਂ ਵਿਚ ਤੱਤ ਮੱਤ ਹੈ, ਪਰ ਸਮਝ ਕਿਸੇ ਨਾ ਆਵੈ
ਗ੍ਰੰਥਾਂ ਦੀ ਸਮਝ ਤਦ ਲਗਦੀ, ਗੁਰੂ ਜਾਗ ਜਦੋਂ ਲਾਵੈ
ਬਿਨਾਂ ਜਾਗ ਦੁੱਧ ਨ ਜੰਮਦਾ, ਭਾਵੇਂ ਕੜ੍ਹ ਲਾਲ ਜੋ ਜਾਵੈ
ਜਿਉਂਦਾ ਗੁਰੂ ਲੋੜ ਸੱਜਣਾ, ਜੋ ਰੱਬ ਦਾ ਸ਼ਬਦ ਸੁਣਾਵੈ
ਗੁਰ ਸ਼ਬਦ ਹਰਿ ਬਾਣੀ, ਗੁਰੂ ਰੱਬ ਦਾ ਰਾਹ ਵਖਾਵੈ
ਗ੍ਰੰਥਾਂ ਵਿਚ ਸਭ ਮੱਤ ਹੈ, ਪਿਆਰ ਨਾ ਗ੍ਰੰਥ ਸਿਖਾਵੈ
ਪਿਆਰ ਜਿਉਂਦੇ ਪੈ ਸਕੇ, ਮੁਰਦੇ ਸੰਗ ਪਿਆਰ ਨ ਭਾਵੈ
ਖਿੱਚ ਪਿਆਰ ਦੀ ਇਸ਼ਕ ਹੁਸਨ, ਮੁਰਦਾ ਨਾ ਹੁਸਨ ਵਖਾਵੈ
ਖਿੱਚ ਨ ਹੋਵੇ ਦਿਲ ਨਾ ਮੋਹੇ, ਬਿਨ ਖਿੱਚ ਨ ਚਿੱਤ ਚੁਰਾਵੈ
ਬਿਨ ਚਿੱਤ ਚੋਰ ਨ ਨੱਚੇ ਮੋਰ, ਚਿੱਤ ਨ ਚਿੱਤ ਸਮਾਵੈ
ਰੱਬ ਪਾਉਣਾ ਮਨ ਸਮਝਾਉਣਾ, ਬਿਨ ਗੁਰ ਸਮਝ ਨ ਆਵੈ
ਸਿੱਧ ਸਮਾਧੀ ਮਨ ਟਿਕਾਉਣਾ, ਅੰਤ ਕਾਲ ਟੁੱਟ ਜਾਵੈ
ਟੁੱਟੇ ਦਿਲ ਨਹੀਂ ਜੁੜਦੇ, ਜੇ ਜੁੜਨ ਤ ਗੰਢ ਪੈ ਜਾਵੈ
ਸਿੱਧ ਸਮਾਧੀ ਰਿੱਧੀ ਸਿੱਧੀ, ਰੱਬ ਦਾ ਰਾਹ ਨ ਭਾਵੈ
ਸਿੱਧ ਸਮਾਧੀ ਖੁਦਾ ਖੁਦਾਈ, ਖੁਦੀ ਸੱਚੇ ਰੱਬ ਨ ਭਾਵੈ
ਰਾਹ ਰੱਬ ਦਾ ਨਿਮਰਤਾ, ਆਦਰ ਸਹਿਤ ਚਿੱਤ ਸਮਾਵੈ
ਪਿਆਰ ਜੋਤ ਜੁੜੀ ਨ ਟੁੱਟੈ, ਹੈ ਕੋਈ ਤੋੜ ਵਖਾਵੈ
ਰੂਹ ਰੱਬ ਤੇ ਰੱਬ ਰੂਹ ਈ, ਰੂਹ ਵਿਚ ਰੱਬ ਸਮਾਵੈ
ਪਹਿਲਾਂ ਰੂਹ ਪਿਆਰ ਚ ਖੇਡ੍ਹੈ, ਜ਼ਿੰਦਗੀ ਬਸਰ ਕਰਾਵੈ
ਤੂੰ ਕਰੇਂ ਸੋ ਰੂਹ ਵੇਖਦੀ, ਤੇਰੇ ਕਰਮ ਮਸਤਕ ਲਿਖ ਪਾਵੈ
ਪਹਿਲਾਂ ਰੂਹ ਮਨ ਬਹਿਕਾਵੇ, ਫਿਰ ਕਰਮਾਂ ਸਜ਼ਾ ਸੁਣਾਵੈ
ਪਿਆਰ ਪਾਉਣ ਸਿੱਖ ਚਕਵੀ ਤੋਂ, ਜੋ ਸਾਰੀ ਰਾਤ ਜਗਾਵੈ

ਤੱਕ ਵੇਖ ਮਛਲੀ ਦੀ ਤੜਪਣ, ਬਿਨ ਪਾਣੀ ਮਰ ਜਾਵੈ
ਦੁੱਧ ਪਾਣੀ ਦਾ ਪਿਆਰ ਵੇਖ ਲੈ, ਪਾਣੀ ਦੁੱਧ ਬਣ ਜਾਵੈ
ਤੱਕ ਚਾਤ੍ਰਿਕ ਬੱਦਲ ਗਰਜੇ, ਜਿੰਦ ਜਾਨ ਦੀ ਬਾਜ਼ੀ ਲਾਵੈ
ਬੈਂਸ, ਮਿਲਦਾ ਜੋ ਕਰਮਾਂ ਲਿਖਿਆ, ਬੂੰਦ ਮੁੱਖ ਨ ਪਾਵੈ

ਮਾਣਸ ਦੇਹ

ਅਨਿਕ ਜਾਮ ਜਨਮ ਹੋਇ ਆਇ, ਹਮ ਅਬ ਮਾਣਸ ਦੇਹ ਪਾਇ
ਸਾਧ ਸੰਗਤ ਮਿਲ ਜਪੁ ਹਰਿ ਨਾਮਾ, ਹਰਿ ਨਾਮਾ ਪਾਰ ਤਰਾਇ
ਕਈ ਜਨਮ ਭਏ ਕੀਟ ਪਤੰਗਾ, ਕਈ ਜਨਮ ਭਏ ਨਾਦ ਕੁਰੰਗਾ
ਕਈ ਜਨਮ ਰੁੱਖ ਬਿਰਖ ਨਵਾਸੀ, ਕਈ ਜਨਮ ਪੰਛੀ ਰੰਗ ਰੰਗਾ
ਕਈ ਜਨਮ ਰੁੱਖ ਬਿਰਖ ਬਣ ਕੈਠੇ, ਪਸੂ ਪੰਖੀ ਛਾਇਆ ਮੈ ਬੈਠੇ
ਕਈ ਜਨਮ ਪੰਛੀ ਉੜੇ ਆਕਾਸੈ, ਰਾਤ ਬਿਤਾਇ ਸੁਬਹ ਉਠ ਨੱਠੇ
ਕਈ ਜਨਮ ਸਰਪ ਜੋਨ ਪਾਇਓ, ਮਾਇਆ ਸੰਗ ਨੇਹ ਬਣਾਇਓ
ਰਾਮ ਨਾਮ ਕਭੈ ਨਾ ਚੇਤਿਓ, ਜੋ ਆਇਓ ਤਿਸੈ ਡੰਗ ਚਲਾਇਓ
ਹਰਿ ਹਰਿ ਨਾਮ ਜਪੰਦਿਆ, ਅਬ ਮੋਹਿ ਦੇਹ ਮਾਣਸ ਦੀ ਪਾਈ
ਮੋਹਿ ਜਨਮ ਮਰਨ ਜਾਲ ਚੋਂ ਕੱਢ ਪ੍ਰਭ, ਪਾਵੈ ਸਵਰਨ ਦੁਹਾਈ
ਹਮ ਅਗਿਆਨ ਅਲਪ ਮਤ ਥੋੜੀ, ਬਹੁਤ ਜੂਨ ਹੋਇ ਆਇਓ
ਤੁਮਰੀ ਕਿਰਪਾ ਭਈ ਸੁਆਮੀ, ਮਾਣਸ ਜਾਮਾ ਤਬ ਹੀ ਪਾਇਓ
ਕਿਰਪਾ ਕਰੋ ਦੀਨ ਕੇ ਦਾਤੇ, ਸਤਿਗੁਰ ਮੋਹਿ ਸ਼ਬਦ ਸੁਣਾਇਓ
ਹਰਿ ਕਿਰਪਾਲ ਦੀਨ ਦੁਖ ਭੰਜਨ, ਪ੍ਰਭ ਅਪਣਾ ਨਾਮ ਜਪਾਇਓ
ਤੁਮਰੀ ਸਰਨ ਭਰੋਸਾ ਤੇਰਾ, ਅਬ ਸੰਤਨ ਸੰਗ ਰੁਚ ਬਣ ਆਇਓ
ਰਾਖ ਲਾਜ ਦਾਸ ਆਪਣੇ ਕੀ, ਪ੍ਰਭ ਚਰਨ ਸਰਣ ਚਿੱਤ ਲਾਇਓ
ਤੂੰ ਪ੍ਰਭ ਦਾਤਾ ਹਮ ਜਾਚਕ ਤੇਰੇ, ਤੁਮਰੀ ਕਿਰਪਾ ਮੈ ਸੁਖ ਘਨੇਰੇ
ਤੁਮਰਾ ਦਾਸ ਤੁਮਰੀ ਸਰਣਾਈ, ਹਰਿ ਹਰਿ ਨਾਮ ਵਸੈ ਮਨ ਮੇਰੇ
ਕਰਮ ਨ ਜਾਣਾ ਧਰਮ ਨ ਜਾਣਾ, ਪਾਇ ਗਹੇ ਹਰਿ ਨਾਮਾ ਬਾਣਾ
ਦੀਨ ਦਿਆਲ ਕਰੋ ਕਿਰਪਾ, ਨਾਮ ਦਾਨ ਬਖਸ ਬਰਤਾਇ ਭਾਣਾ
ਨਾਮ ਦਾਨ ਕੀ ਭੀਖ ਹਮ ਜਾਚੈਂ, ਅਲਖ ਜਗਾਇਓ ਦੁਆਰੇ ਤੇਰੇ
ਹਰਿ ਨਾਮਾ ਮੇਰੇ ਮਨ ਭਾਇਆ, ਬੈਂਸ ਹਰਦਮ ਹਰਿ ਨਾਮ ਚਤੇਰੇ
ਹਰਿ ਨਾਮ ਭਜਨ ਮਨ ਮਲ ਧੋਵੈ, ਨਾਮ ਭਜਨ ਸਤਿਗੁਰ ਸੰਗ ਹੋਵੈ
ਸਤਿਗੁਰ ਦਾਤਾ ਪੁਰਖ ਵਿਧਾਤਾ, ਹਰਿ ਔਖਧ ਮਲ ਮਨ ਕੀ ਧੋਵੈ

ਸੁਮੱਤ ਮੁਗਧ ਕੌ

ਸੁਮੱਤ ਬਖਸ ਮੁਗਧ ਕੌ ਸੁਆਮੀ, ਹਰ ਜਨ ਹਰਿ ਗੁਣ ਗਾਵੈ
ਹਰਿ ਹਰਿ ਨਾਮਾ ਮਨ ਪਰਬੋਧੈ, ਹਰਿ ਚਰਣੀ ਚਿੱਤ ਲਾਵੈ
ਵੇਲਾ ਈ ਸੋਚ ਵਿਚਾਰ ਮਨਾ, ਹਰਿ ਨਾਮਾ ਚਿੱਤ ਚਿਤਾਰ ਮਨਾ
ਚੇਤ ਅਚੇਤ ਭਜ ਹਰਿ ਨਾਮ, ਹਰਿ ਨਾਮਾ ਮਨ ਉਰਧਾਰ ਮਨਾ
ਰਾਮ ਰਾਮ ਹਰ ਕੋਇ ਜਪੈ, ਹਰਿ ਨਾਮ ਜਪਣ ਮਹਿ ਭੇਦ
ਮਨ ਰੇ ਰਾਮ ਕਹੋ ਚਿੱਤ ਲਾਇ, ਵਸ ਆ ਜਾਵੈ ਰਾਮ ਦੇਵ
ਮਨ ਮਾਰ ਕੈ ਮਨਸਾ ਸੂਝੈ, ਇਤ ਬਿਧ ਰਾਮ ਨਾਮ ਮਨ ਲੂਝੈ
ਚਿੱਤ ਲਾਇ ਮੂਰਤ ਥਿਰ ਰਹੋ, ਇਤ ਬਿਧ ਹਰਿ ਮਾਰਗ ਬੂਝੈ
ਮਨ ਮਹਿ ਮੂਰਤ ਚਿੱਤ ਮਹਿ ਸੂਰਤ, ਜਿਹਵਾ ਭਜੋ ਹਰਿ ਨਾਮ
ਰਾਮ ਸਿਮਰ ਹਰਿ ਨਾਮ ਸਿਮਰ, ਰਾਮ ਸਿਮਰ ਲਾਇ ਧਿਆਨ
ਆਇ ਗਹੇ ਸਤਿਗੁਰ ਸਰਣਾਈ, ਹਰਿ ਸਿਉਂ ਹਮ ਪ੍ਰੀਤ ਬਣਾਈ
ਸਤਿਗੁਰ ਦਾਤਾ ਨਾਮ ਜਪਾਵੈ, ਹਮ ਗੁਰ ਚਰਣੀ ਚਿੱਤ ਲਾਈ
ਗੁਰ ਚਰਣ ਸਰੇਵਾ ਹਰਿ ਹਰਿ ਦੇਵਾ, ਹਰਿ ਨਾਮਾ ਹਰਿ ਮੰਜਨ
ਹਰਿ ਨਾਮਾ ਭਾਉ ਭਰਮ ਮਿਟਾਵੈ, ਭਜ ਨਾਮ ਭਜੈ ਦੁਖ ਭੰਜਨ
ਰਾਮ ਰਾਮ ਰਾਮ ਭਜੁ ਮਨਾ, ਭਜੁ ਰਾਮਾ ਮਨ ਮਲ ਤਜ ਮਨਾ
ਨਿਰਮਲ ਮਨ ਪ੍ਰਭ ਪਰਗਾਸੈ, ਭਜੁ ਹਰਿ ਹਰਿ ਰੰਗ ਸੰਗ ਮਨਾ
ਆਇ ਮਿਲ ਮੇਰੇ ਪ੍ਰੀਤਮਾ, ਤੋਹਿ ਖੜ੍ਹੀ ਉਡੀਕੇ ਤਾਣ ਨਿਤਾਣੀ
ਤੁਝ ਬਿਨ ਰਾਤਾਂ ਹੋਈਆਂ ਡਾਢੀਆਂ, ਮੋਹਿ ਭਾਵੈ ਅੰਨ ਨ ਪਾਣੀ
ਯਾਦ ਆਵੇ ਮੇਰਾ ਦਿਲ ਘਬਰਾਵੇ, ਰਾਤਾਂ ਬੀਤਣ ਗਿਣ ਗਿਣ ਤਾਰੇ
ਪ੍ਰੀਤਮ ਸੰਗ ਮੋਹਿ ਨੇਹ ਰਚਾਇਆ, ਕਦ ਆ ਸਣ ਮੀਤ ਪਿਆਰੇ
ਚਾ੍ਰਤਿ ਏਕ ਬੂੰਦ ਬਿਨ ਤਰਸੈ, ਜਿਉਂ ਜਲ ਬਿਨ ਮੀਨ ਮਰ ਜਾਵੈ
ਤੂੰ ਮੇਰਾ ਚੰਨ ਮੈਂ ਤੇਰੀ ਚਕੋਰ, ਐਸੀ ਪ੍ਰੀਤ ਮੋਹਿ ਤੋਹਿ ਬਣ ਆਵੈ
ਤੂੰ ਜਲ ਮੈਂ ਫੇਨ ਬੁਦਬੁਦਾ, ਤੁਮ ਸੇ ਉਪਜੈ ਤੁਝ ਮਾਹਿ ਸਮਾਵੈ
ਮੋਹਿ ਤੋਹੇ ਪ੍ਰੀਤ ਬਣ ਆਵੈ, ਹਰਦਮ ਬੈਂਸ ਤੇਰਾ ਨਾਮ ਧਿਆਵੈ

ਆਦਿ ਜੁਗਾਦਿ

ਜੱਗ ਚ ਕੁਝ ਨਹੀਂ ਸੀ ਜਦ, ਉਸ ਵੇਲੇ ਸੀ ਕੇਵਲ ਰੱਬ
ਰੱਬ ਬਣਾਈ ਮਾਇਆ, ਕਰਮ ਧਰਮ ਉਠੱ ਖਲੋਇ ਸਭ
ਸੱਚ ਬੋਲਣਾ, ਭਰਮ ਨ ਕਰਨਾ, ਦੁਬਿਧਾ ਨ ਕੋਇ ਮਰਨਾ

ਨਿਮਰ ਰਹਿਣਾ ਉਚੱਾ ਨਹੀਂ ਕਹਿਣਾ, ਲੋਭ ਮੋਹ ਤੋਂ ਡਰਨਾ
ਸਮਾਂ ਜਦੋਂ ਉਸ ਅੱਗੇ ਵਧਾਇਆ, ਜੱਗ ਨੂੰ ਭਰਮਾਂ ਚ ਪਾਇਆ
ਭਰਮਾਂ ਚ ਪਾ ਦੇਵੀ ਦੇਵ ਪੂਜਾਇਆ, ਜੱਗ ਨੇ ਰੱਬ ਭੁਲਾਇਆ
ਮਗਰੋਂ ਆਇਆ ਮਨ ਚ ਭਰਮ, ਭਰਮ ਪੈਦਾਇ ਅਨੇਕਾਂ ਧਰਮ
ਧਰਮਾਂ ਨੇ ਜੱਗ ਪਿੱਛੇ ਲਾਇਆ, ਰੱਬ ਭੁਲਾ ਆਕੀ ਹੋਇ ਧਰਮ
ਅੱਜ ਕਲੂ ਦਾ ਵੇਲਾ ਆਇਆ, ਜਨ ਗਨ ਮਨ ਮੋਹ ਵਧਾਇਆ
ਕਰਮ ਧਰਮ ਭਰਮ ਚ ਪਾਇਆ, ਬਦਫੈਲੀ ਜੱਗ ਰੱਬ ਭੁਲਾਇਆ
ਸੱਚ ਬੋਲਣਾ, ਦਾਨ ਦੇਣਾ, ਇਹ ਇਨਸਾਨ ਦਾ ਫਰਜ਼ ਬਣਾਇਆ
ਲੋਭ ਮੋਹ ਹੰਕਾਰ ਨਹੀਂ ਕਰਨਾ, ਜੰਮਣ ਵੇਲੇ ਰੱਬ ਸਮਝਾਇਆ
ਚੰਗਾ ਹੋਣਾ ਇਨਸਾਨ ਦਾ ਫਰਜ਼, ਨਹੀਂ ਕਰੇਂਗਾ ਚੜ੍ਹੇਗਾ ਕਰਜ਼
ਜੋ ਕਮਾਵੈਂ ਸੋਈ ਵੱਢੇਂ, ਕਿਸੇ ਨ ਵੰਡਾਉਣਾ ਤੇਰਾ ਦੁਖ ਦਰਦ
ਕਰਮ ਧਰਮ ਸਭ ਦੁਨੀਆਂਦਾਰੀ, ਧਰਮੀ ਦੁਨੀਆਂ ਬੜੀ ਹੰਕਾਰੀ
ਵੱਢੇਂ ਗਲਾ ਆਖ ਬਿਸਮਿਲੱਾ, ਧਰਮਾਂ ਨੇ ਜੱਗ ਦੀ ਮੱਤ ਮਾਰੀ
ਸਤਿਗੁਰ ਸਰਣ ਭਜੁ ਹਰਿ ਨਾਮਾ, ਤਬ ਸਤਿਗੁਰ ਬਚਨ ਸੁਣਾਈ
ਸਤਿਗੁਰ ਦਾਤਾ ਪੁਰਖ ਬਿਧਾਤਾ, ਗੁਰ ਸਤਿਗੁਰ ਹਰਿ ਭੇਦ ਨ ਕਾਈ
ਗੁਰਬਚਨ ਕਮਾਇ ਭਜੁ ਹਰਿ ਰਾਇ, ਇਤ ਵਿਧ ਪ੍ਰਭ ਪਾਇਆ ਜਾਇ
ਸਤਿਗੁਰ ਤੀਰਥ ਅਮ੍ਰਿਤ ਨਾਮ, ਤੀਰਥ ਨਾਇ੍ਹ ਗੁਰ ਗਿਆਨ ਸਮਝਾਇ
ਗਿਆਨ ਧਿਆਨ ਨ ਹਰਿ ਭਾਇ, ਜਬ ਲਗ ਨ ਹਰਿ ਨਾਮ ਧਿਆਇ
ਹਰਿ ਹਰਿ ਨਾਮ ਜਪੋ ਮੇਰੇ ਭਾਈ, ਇਤ ਹਰਿ ਨਾਮ ਵਸੈ ਮਨ ਆਇ
ਸਤਿਗੁਰ ਦਾਤਾ ਪੁਰਖ ਵਿਧਾਤਾ, ਸਤਿਗੁਰ ਚਰਣ ਸਰਣ ਚਿੱਤ ਲਾਇ
ਸਬਦ ਕਮਾਇ ਸਤਿਗੁਰ ਸਰਣਾਇ, ਹਰਿ ਹਰਿ ਨਾਮ ਰਿਦੈ ਸਦ ਗਾਇ

ਚਰਣ ਪਖਾਰ

ਮਿਹਰ ਹੋਈ ਸਤਿ ਸੰਗਤ ਪਾਈ, ਪ੍ਰਭ ਜੂ ਰਾਖ ਲਿਓ ਸਰਣਾਈ
ਸਤਿਗੁਰ ਕੇ ਹਮ ਚਰਣ ਪਖਾਰੈ, ਸਤਿਗੁਰ ਸੰਗ ਪ੍ਰੀਤ ਬਣ ਆਈ

ਦੀਨ ਨਹੀਂ ਕੋਈ ਧਰਮ ਨਹੀਂ, ਚਿਤਵਨੀ ਚਿੱਤ ਹਰਿ ਨਾਮ ਧਿਆਵਾਂ
ਸਤਿਗੁਰ ਸੰਗਤ ਮੇਲ ਪ੍ਰਭ, ਸਤਿਗੁਰ ਸਰਣ ਜਾਇ ਸੀਸ ਝੁਕਾਵਾਂ
ਹਰਿ ਹਰਿ ਕਰਤ ਮੇਰਾ ਮਨ ਧ੍ਰਾਪੈ, ਦਿਨਸ ਰੈਣ ਹਰਿ ਨਾਮਾ ਜਾਪੈ
ਕਿਰਪਾ ਕਰੋ ਪ੍ਰਭ ਦੀਨ ਦਿਆਲਾ, ਹਰਿ ਨਾਮ ਜਪ ਮਨ ਤ੍ਰਿਪਤਾਸੈ
ਤੁਮਰੀ ਕਿਰਪਾ ਤੇ ਨਾਮ ਚਿੱਤ ਆਵੈ, ਬੈਂਸ ਨਿਮਾਣਾ ਨਾਮ ਧਿਆਵੈ

ਮਨ ਮੰਦਰ ਤਨ ਵੇਸ ਕਲੰਦਰ, ਹਰਿ ਹਰਿ ਕਰਤ ਹਰੇ ਹਰਿ ਗਾਵੈ
ਸਭ ਹੂ ਤੇ ਨੇਰੈ ਸਭ ਹੂ ਤੇ ਦੂਰ, ਹਰ ਜਾ ਹਰਿ ਪ੍ਰਭ ਰਿਹਾ ਭਰਪੂਰ
ਸਾਜਨਾ; ਦਰਸ ਵਖਾ ਕਰ ਮਨਸਾ ਪੂਰ, ਦਰਸ ਵੇਖ ਮਨ ਚੜ੍ਹੈ ਸਰੂਰ
ਮੈਂ ਨਹੀਂ ਕੁਛ ਹੌਂ ਨਹੀਂ ਕਛੁ ਨਾਹੀਂ ਮੇਰਾ, ਨਾਮ ਜਪੌਂ ਭਰਵਾਸਾ ਤੇਰਾ
ਆਇ ਮਿਲ ਪ੍ਰੀਤਮ ਆਇ ਮਿਲ, ਚਰਣ ਗਹੇ ਸਵਰਨ ਜਨ ਤੇਰਾ
ਤੋਹਿ ਮਿਲਣ ਕੀ ਆਸ ਪਿਆਰੇ, ਹਰਦਮ ਜਨ ਤੇਰਾ ਨਾਮ ਚਿਤਾਰੇ
ਘੋਰ ਘਟਾ ਨੀਰ ਤ੍ਰੁੰ ਭਰਿਆ, ਤ੍ਰਾਹਿ ਤ੍ਰਾਹਿ ਚਾਤ੍ਰਿਕ ਤੋਹਿ ਪੁਕਾਰੇ
ਤ੍ਰੁੰ ਅੰਧਲੇ ਕੀ ਲਾਠੀ ਤ੍ਰੁੰ ਮੇਰਾ ਸਹਾਰਾ, ਤ੍ਰੁੰ ਹੀ ਮੇਰਾ ਮੀਤ ਪਿਆਰਾ
ਦਰਸ ਵਖਾ ਮਾਹੀ ਨੈਣ ਭਰਮਾ, ਇਨ ਨੈਣਨ ਕੂ ਦੇਹ ਪ੍ਰੀਤ ਸਹਾਰਾ
ਮਨ ਮੇਰੇ ਵਿਚ ਚਰਾਗ ਜਲਾ ਦੇ, ਵੇਖਣ ਵੇਖ ਮੇਰਾ ਮਨ ਵਿਗਸਾ ਦੇ
ਸਤਿਗੁਰ ਮਨ ਮੂਰਤ ਚਿੱਤ ਚ ਸੂਰਤ, ਹਰਿ ਪ੍ਰੀਤ ਚ ਜੱਗ ਭੁਲਾ ਦੇ
ਮੇਰੇ ਰਾਮ ਨਿੱਤ ਕਰਾਂ ਜੋਦੜੀ ਤੋਹਿ, ਹਰਿ ਸਤਿਗੁਰੂ ਮਿਲਾਓ ਮੋਹਿ
ਸਤਿਗੁਰ ਚਰਣ ਧੋਇ ਧੋਇ ਪੀਵਾਂ, ਸਤਿਗੁਰ ਮੋਹਿ ਮਿਲਾਵੈ ਤੋਹਿ
ਸਤਿਗੁਰ ਸਬਦ ਸੁਣਾਵੈ ਹਰਿ ਨਾਮਾ, ਸਬਦ ਸੁਣੈ ਮੇਰਾ ਮਨ ਮਾਨਾ
ਸਬਦ ਅਰਾਧੈ ਜਨ ਵਡਭਾਗੈ, ਸੁਣ ਗੁਰ ਬਚਨ ਹਰਿ ਨਾਮ ਨਿਧਾਨਾ
ਸਤਿਗੁਰ ਕੇ ਹਮ ਲਾਲੇ ਗੋਲੇ, ਸਤਿਗੁਰ ਸੰਗ ਹਮ ਪ੍ਰੀਤ ਬਣਾਈ
ਸਤਿਗੁਰ ਚਰਣ ਸਰਣ ਚਿੱਤ ਲਾਈ, ਸਤਿਗੁਰ ਮੇਰਾ ਹਰਿ ਪ੍ਰਭ ਭਾਈ

ਗਗਨ

ਪਾਤਾਲ ਗਗਨ ਆਕਾਸ ਗਗਨ, ਵਿਚ ਸੂਰਜ ਚੰਦ ਚੰਦੋਇ
ਸਗਲ ਭਵਣ ਕਾ ਏਕੋ ਨਾਇਕ, ਤਿਸ ਬਿਨ ਅਵਰ ਨ ਕੋਇ
ਗਗਨ ਮਹਿ ਸੂਰਜ ਪਰਗਾਸਾ, ਚੰਦ ਧਰਤ ਪਾਤਾਲ ਆਕਾਸਾ
ਸਗਲ ਭਵਣ ਇਕ ਨੇਮ ਚਲਾਵੈ, ਘੱਟ ਵੱਧ ਰੱਤੀ ਨਹਿੰ ਮਾਸਾ
ਸਗਲ ਭਵਣ ਤੂੰ ਸਾਜ ਸਵਾਰਾ, ਸਗਲ ਭਵਣ ਤੋਰਾ ਪਰਵਾਰਾ
ਤੁਝ ਬਿਨ ਕੋਇ ਨ ਮੇਰੇ ਪਿਆਰੇ, ਸਭਨਾ ਕੌ ਤੂੰ ਕਰੈਂ ਆਹਾਰਾ
ਸਾਹਿਬ ਮੋਹਿ ਤੇਰਾ ਭਰਵਾਸਾ, ਹਰਿ ਨਾਮਾ ਜੀ ਮਹਿ ਪਰਗਾਸਾ
ਧਰਤ ਪਾਤਾਲ ਬ੍ਰਹਮੰਡ ਅਕਾਸਾ, ਵਾਹ ਗੁਰੂ ਖੁਦ ਥਾਪ ਉਥਾਪਾ
ਰਾਮ ਨਾਮ ਬਿਨ ਸਭ ਝੂਠੀ ਪ੍ਰੀਤ, ਸੰਗੀ ਸਾਥੀ ਪ੍ਰੀਤਮ ਮੀਤ
ਸਬੰਧ ਕੁਟੰਬ ਕੋਈ ਸਾਥ ਨ ਚੱਲੈ, ਨ ਕੋਈ ਸੰਗ ਸਖਾ ਨ ਮੀਤ
ਰਾਮ; ਖੰਡ ਪਾਤਾਲ ਆਕਾਸ ਬਣਾਏ, ਵਿਚੇ ਚੰਦਨ ਤਾਰੇ ਲਾਏ
ਨਾ ਕੋਈ ਰੋਕੈ ਨ ਕੋਈ ਬੰਨ੍ਹੈ, ਤਿਵੈ ਤਿਵ ਚਲਤ ਜਿਵੈ ਫੁਰਮਾਏ

ਹਰਿ ਸਿਮਰਣ ਜਨ ਆਦਤ ਪਾਇ, ਹਰਿ ਨਾਮਾ ਮਨ ਮਾਹਿ ਵਸਾਇ
ਪ੍ਰਭ ਹਰਿ ਨਾਮਾ ਮੇਰੈ ਮਨ ਭਾਵੈ, ਨਾਮ ਸਿਮਰਣ ਰੀਝ ਮਨ ਲਾਇ
ਸੁਣ ਮੇਰੇ ਭਾਈ ਸੁਣ ਮੇਰੇ ਮੀਤ, ਕਰਮ ਧਰਮ ਸਭ ਜੱਗ ਦੀ ਰੀਤ
ਪਿਆਰ ਚ ਰੱਬ ਸਭ ਜੱਗ ਸਾਜਿਆ, ਰੱਬ ਪਾਉਣ ਦੀ ਸਾਰ ਪ੍ਰੀਤ
ਸੁਣ ਮੇਰੇ ਭਾਈ ਚਰਨ ਚਿੱਤ ਲਾਈ, ਸਤਿਗੁਰ ਸੰਗ ਨੇਹ ਬਣਾਈ
ਸਤਿਗੁਰ ਸਰਣ ਗਹੁ ਮੇਰੇ ਭਾਈ, ਸਤਿਗੁਰ ਹਰਿ ਹਰਿ ਨਾਮ ਜਪਾਈ
ਹਰਿ ਨਾਮ ਸੁਣੋ ਮਨ ਮਾਹਿ ਵਸਾਓ, ਇਤ ਬਿਧ ਭੇਦ ਚਿੱਤ ਕਾ ਪਾਓ
ਹਰਿ ਨਾਮ ਭਜੋ ਹਰਿ ਨਾਮ ਸੁਣਾਓ, ਤਬ ਗਿਆਨੀ ਪੰਡਿਤ ਅਖਵਾਓ
ਬਿਨ ਹਰਿ ਭਜੇ ਗਤ ਨਹ ਹੋਈ, ਇਹ ਤੱਤ ਮੱਤ ਜਾਣੇ ਵਿਰਲਾ ਕੋਈ
ਗੁਰ ਬਿਨ ਗਤ ਗੁਰੂ ਬਿਨ ਸਤ, ਨਹਿੰ ਭਉ ਉਪਜੈ ਮਨ ਚੰਚਲ ਹੋਈ
ਹਰਿ ਸਤਿਗੁਰ ਕੀ ਹਮ ਸੇਵਾ ਲਾਗੈ, ਸਤਿਗੁਰ ਸਰਣ ਗਹੇ ਵਡਭਾਗੈ
ਰਾਮ ਨਾਮ ਜਪੁ ਸੰਤਨ ਸੰਗ ਪਿਆਰੇ, ਭਜੁ ਹਰਿ ਸੋਇਆ ਮਨ ਜਾਗੈ

ਕਰਮ ਦੁਹੇਲਾ

ਹਰਿ ਪ੍ਰਭ ਸੱਚਾ ਸਾਹ ਇਕ, ਇਹ ਜੱਗ ਦੂ ਮੇਲਾ
ਰੱਬ ਜੱਗ ਭਰਮ ਭਰਮਾਇਆ, ਜੱਗ ਕਰਮ ਦੁਹੇਲਾ

ਕੁਝ ਨਹੀਂ ਸੀ ਜਿਸ ਤਾਪੇ, ਗੁੰਮ ਸੁੰਮ ਸੂ ਪ੍ਰਭ ਆਪੇ
ਆਪੇ ਆਪ ਹਰਿ ਸਾਜਿਆ, ਸਤਿਗੁਰ ਕੈ ਪਰਤਾਪੇ
ਆਪਣਾ ਆਪ ਗਣਾਇਆ, ਰਚਿਆ ਜੱਗ ਮੇਲਾ
ਮੇਰੇ ਭਾਈ ਮੀਤਲੋ, ਹਰ ਜਾ ਮੇਰਾ ਹਰਿ ਪ੍ਰਭ ਵਸੈ
ਛੁਪ ਛੁਪ ਸਭ ਕੁਝ ਵੇਖਦਾ, ਕਿਸੈ ਕੁਝ ਨ ਦੱਸੈ
ਹਰਿ ਪ੍ਰਭ ਸ਼ਾਹਨ ਸ਼ਾਹ ਹੈ, ਵਰਿਆਮ ਅਕੇਲਾ
ਜਨ ਹਰਿ ਸੋ ਪ੍ਰੀਤ ਕਰ, ਗੁਰਮਤ ਹਰਿ ਭਾਣੈ
ਸਤਿਗੁਰ ਹਰਿ ਦੀਵਾਨ ਹੈ, ਹਰਿ ਮਾਰਗ ਜਾਣੈ
ਐਸੀ ਹਰਿ ਸਿਓਂ ਪ੍ਰੀਤ ਕਰ, ਜਿਉਂ ਚਾਤ ਮਘੇਲਾ
ਸੱਚਾ ਪ੍ਰਭ ਹੈ ਸਤਿ ਕਰਤਾਰਾ, ਝੂਠਾ ਸਗਲ ਸੰਸਾਰਾ
ਜੋ ਆਇਆ ਸੋ ਚੱਲ ਸੀ, ਬਿਰ ਸਤਿਗੁਰ ਕਰਤਾਰਾ
ਨਾਮ ਧਿਆਇ ਗੁਰ ਸਰਣਾਇ, ਹੋਇ ਮਰਨ ਸੁਹੇਲਾ
ਕਈ ਜਨਮ ਭੁਗਤਾਇ ਕੈ, ਮਿਲਿਆ ਮਾਣਸ ਜਨਮ
ਵੇਲਾ ਈ ਨਾਮ ਧਿਆਇ ਲੈ, ਮੁੱਕ ਜਾਵੈ ਜੰਮਣ ਮਰਨ

ਕਰ ਸਤਿਗੁਰ ਸੋਂ ਜੋਦੜੀ, ਹਰਿ ਮਿਲਣ ਕੀ ਵੇਲਾ

ਉਤਪਤਿ

ਪ੍ਰੀਐ ਪ੍ਰੀਤ ਗੁਰ ਸਤਿਗੁਰੈ, ਹਰਿ ਸਾਧੈ ਰਸਨਾ
ਚਿੱਤ ਲਾਇ ਧਿਆਇ ਸਤਿਗੁਰੈ, ਹਰਿ ਜਾਪੈ ਜਪਨਾ
ਪ੍ਰੀਤ ਪਾਇ ਹਰਿ ਧਿਆਇ, ਆਪਾ ਸਚੁ ਰਚਨਾ
ਸਾਚੈ ਤੇ ਪਵਨਾ ਭਯਾ, ਪਵਨੈ ਤੇ ਭਯਾ ਭਵਨਾ
ਪ੍ਰੀਤ ਰੀਤ ਹਰਿ ਰਹਿਸਿਓ, ਪ੍ਰੀਤੇ ਹਰਿ ਰਸਨਾ
ਪ੍ਰੀਤ ਪਾਇ ਰਚਨ ਰਚਾਇ, ਪ੍ਰੀਤ ਜੱਗ ਗ੍ਰਸਨਾ
ਪ੍ਰੀਤ ਪਾਇ ਹਰਿ ਧਿਆਇ, ਹਰਿ ਮਾਰਗ ਬਸਨਾ
ਗੁਰ ਸਤਿਗੁਰ ਪ੍ਰਭ ਪਾਰਬ੍ਰਹਮ, ਜਸ ਗਾਵੈ ਰਸਨਾ
ਜਗਤ ਉਪਾਇ ਸਿਰਜ ਮਾਇ, ਮਾਈ ਜੱਗ ਗ੍ਰਸਨਾ
ਮਾਈ ਮਾਇ ਮੋਹ ਵਿਆਪੈ, ਤਿਹ ਗਾਖੜ ਤ੍ਰਿਸਨਾ
ਵਿਚੈ ਗੁਨਹ ਪਾਇ ਕੈ, ਭਉ ਭਾਇ ਭਾਵਨੀ ਮਚਨਾ
ਹਮ ਗੁਨਹਗਾਰ ਹਰਾਮ ਕਰਮ, ਨਹਿੰ ਭਾਵੈ ਰਚਨਾ
ਕਾਰ ਕਮਾਵੈ ਹਰਿ ਬਿਸਰਾਵੈ, ਤਿਨ ਕਾਲੈ ਗ੍ਰਸਨਾ
ਕਾਲ ਜਾਲ ਜੰਜਾਲ ਜੱਗ, ਹਰਿ ਥਾਪੀ ਹਰ ਰਚਨਾ
ਹਰਿ ਧਿਆਇ ਗੁਰ ਸਰਨਾਇ, ਤਿਹ ਉਤਮ ਬਚਨਾ
ਸਤਿਗੁਰ ਹਰਿ ਪ੍ਰਗਟਾਇ, ਹਰਿ ਗੁਰ ਸੰਗ ਬਸਨਾ
ਹਮ ਖੱਤੇ ਬਹੁਤ ਕਮਾਵੰਦੇ, ਨਹਿੰ ਜੀਵਤ ਜਤਨਾ
ਹਮ ਪਾਪ ਕਰੰਤਾ ਹੇ ਭਗਵੰਤਾ, ਤਾਹੇ ਤੋਹੇ ਜਪਨਾ
ਹਮ ਨ ਹੋਤੇ ਪਾਪ ਨ ਹੋਤਾ, ਮੋਹਿ ਤੋਹਿ ਨ ਜਪਨਾ
ਸਤਿਗੁਰ ਸ੍ਰੀਧਰ ਹਰਿ ਪ੍ਰਭੂ, ਸੰਗ ਸੰਗ ਬਸਨਾ
ਜੋ ਸਤਿਗੁਰ ਹਰਿ ਸੇਂਵਦੇ, ਤਿਨ ਕਾਲ ਨ ਗ੍ਰਸਨਾ
ਹਰਿ ਧਿਆਇ ਚਿੱਤ ਲਾਇ, ਭਜੁ ਹਰਿ ਹਰਿ ਰਸਨਾ
ਏਕਸ ਹਰਿ ਕੇ ਨਾਮ ਬਿਨ, ਜਗ ਮਹਿ ਨਹਿੰ ਬਚਨਾ
ਗੁਰ ਸਤਿਗੁਰ ਪ੍ਰਭ ਅਰਾਧਿ, ਤਾਹਿ ਗਾਵੇ ਰਸਨਾ
ਹਰਿ ਹਰਿ ਨਾਮ ਅਰਾਧਿ ਬੈਂਸ, ਰਸਿ ਕਸ ਹਰਿ ਰਸਨਾ

ਨਿਵਲ ਭੁਇਅੰਗਮ

ਪੰਜ ਬਾਣੀਆਂ ਪਾਠ ਕਰੇਂ, ਕਰ ਤੜਕੇ ਉਠ ਇਸਨਾਨੇ
ਕਦੀ ਰੱਬ ਨੂੰ ਯਾਦ ਨ ਕੀਤਾ, ਮਿਲਣ ਦੇ ਕਰੇਂ ਬਹਾਨੇ
ਪਾਠ ਕਰੇਂ ਵੇਦ ਪੜ੍ਹੇਂ, ਸਾਧੇਂ ਨਿਵਲ ਭੁਇਅੰਗਮ ਯੋਗਾ
ਤਨ ਪਾਲਣ ਦੇ ਧੰਦੇ ਸਭ, ਕੋਈ ਮਨ ਸੋਧਣ ਨਹੀਂ ਜੋਗਾ
ਤੜਕੇ ਉਠ ਕੇ ਦੇਵੇਂ ਬਾਂਗਾਂ, ਸੁੱਤਿਆਂ ਦੀ ਨੀਂਦ ਚੁਰਾਵੇਂ
ਉਹਨੂੰ ਸਭ ਕੁਝ ਸੁਣ ਜਾਂਦਾ, ਭਾਵੇਂ ਕੰਨ ਚ ਫੂਕ ਵਜਾਵੇਂ
ਠਾਕਰ ਦੁਆਰੇ ਵਜਾਵੇਂ ਘੰਟੀ, ਪੂਜੇਂ ਪਾਹਣ ਪੱਥਰ ਭਾਈ
ਆਪ ਡੁੱਬੇ ਜਜਮਾਨ ਭੀ ਡੋਬੇ, ਬੈਂਸ ਨੇ ਸੱਚ ਆਖ ਸੁਣਾਈ
ਅਜਿਹੇ ਧੰਦੇ ਉਹ ਕਰਦੇ, ਜਿਹੜੇ ਕੰਮ ਕਰਨ ਤੋਂ ਡਰਦੇ
ਭੋਲਿਆਂ ਲੋਕਾਂ ਪਿੱਛੇ ਲਾ ਕੇ, ਕੰਮ ਪੇਟ ਭਰਨ ਦੇ ਕਰਦੇ
ਪੜ੍ਹਨਾ ਗੁਣਨਾ ਕਰਮ ਜੱਗ ਦਾ, ਯਾਰ ਮਨਾ ਕੇ ਰੱਬ ਮੰਨਦਾ
ਮੇਰਾ ਯਾਰ ਵਚੋਲਾ ਰੱਬ ਦਾ, ਪਿਆਰ ਰਾਹ ਰੰਗ ਰੱਬ ਦਾ
ਪਿਆਰ ਜਿਸ ਸੰਗ ਪਾਈਦੈ, ਉਹਨੂੰ ਚੇਤੇ ਕਰਨਾ ਚਾਹੀਦੈ
ਆਪਣਾ ਆਪ ਭੁਲਾ ਕੇ, ਮਾਹੀ ਦੇ ਪਿਆਰ ਮਰ ਜਾਈਦੈ
ਚਿੱਤ ਯਾਦ ਦਾ ਭਾਂਬੜ ਮਚੇ, ਉਹਦੀ ਯਾਦ ਚਿੱਤ ਨੂੰ ਖਿੱਚੇ
ਯਾਰ ਮਨਾਉਣ ਦਾ ਰਾਹ ਇਹੋ, ਮਾਹੀ ਸੁਣੇ ਪੜ੍ਹੇ ਨ ਲਿਖੇ
ਹੋਇ ਰਬਾਣਾ ਜੇ ਰੱਬ ਪਾਉਣਾ, ਹੋ ਅਹਿਰਣ ਵਾਂਗ ਨਿਮਾਣਾ
ਹੋਵੈ ਲੋਹਾ ਲਾਲ ਜਦੋਂ, ਘਣ ਵਾਕਣ ਹਰਿ ਨਾਮ ਦੁਹਰਾਉਣਾ
ਰੱਬ ਧਿਆਉਣਾ ਕਿੰਨਾਂ ਸੌਖਾ, ਰਾਮ ਰਾਮ ਨਿੱਤ ਕਰਦੀ ਜਾ
ਕਰਮ ਧਰਮ ਦਾ ਪੈਂਡਾ ਛੱਡ, ਤੂੰ ਰਾਮ ਨਾਮ ਤੇ ਮਰਦੀ ਜਾ
ਹਰਿ ਹਰ ਜਾ ਪਿਆ ਵਸਦਾ, ਹਰਿ ਹਰਿ ਨਾਮ ਧਿਆ ਬੰਦੇ
ਸੰਤਨ ਸੰਗਤ ਸਤਿਗੁਰ ਸੋਭਾ, ਗੁਰ ਚਰਣੀ ਚਿੱਤ ਲਾ ਬੰਦੇ
ਚਿਤਾਰ ਚਿੱਤ ਚੋਂ ਹਰਿ ਨਾਮਾ, ਜਿਉਂ ਅੱਗ ਚੋਂ ਨਿਕਲੇ ਸੇਕ
ਜਿਨ ਧਿਆਇਆ ਤਿਨ ਪਾਇਆ, ਬੈਂਸ ਤੂੰ ਧਿਆ ਕੇ ਵੇਖ

ਪਾਟ ਪਟੰਬਰ

ਪਹਿਨਣ ਪਾਟ ਪਟੰਬਰੈ, ਥਾਨ ਥਨੰਤਰ ਥਾਟ ਬਣਾਵੈ
ਹਰਿ ਨਾਮ ਨ ਮੁੱਖੋਂ ਉਚਰੈ, ਬਹਿ ਲੋਕਾਂ ਕਥਾ ਸੁਣਾਵੈ
ਚਿੱਤ ਚੋਰ ਮਨ ਹਰਾਮਖੋਰ, ਕਰਮ ਕੁਕਰਮ ਬਣਾਵੈ
ਐਸੇ ਗੁਰ ਕੀ ਸੋਭਤ ਸੰਗਤ, ਮੇਰੇ ਪ੍ਰਭ ਨਾ ਭਾਵੈ

ਛਾਛ ਦੁੱਧ ਰੰਗ ਬਰੰਗ ਹੈ, ਨਜ਼ਰ ਪਰਖ ਨ ਪਾਵੈ
ਜੀਭ ਚੱਖ ਜਦੋਂ ਪਰਖੀਐ, ਸੁਆਦ ਵੱਖਰਾ ਆਵੈ
ਸਾਧ ਚੋਰ ਪਰਖ ਜਾਣੀਐਂ, ਕਰਮ ਸਾਹਮਣੈ ਆਵੈ
ਹਰਿ ਨਾਮਾ ਸੱਚ ਸਾਖੀਐ, ਗੁਰ ਸਤਿਗੁਰ ਸਮਝਾਵੈ
ਸਤਿਗੁਰ ਸੱਚਾ ਸਾਹ ਹੈ, ਗੁਰ ਊਚ ਨੀਚ ਨ ਜਾਣੈ
ਸਤਿਗੁਰ ਸਰਣੀ ਧਾਇਆਂ, ਗੁਰ ਸਤਿਗੁਰ ਪਰਵਾਣੈ
ਸੇਵਕ ਸਤਿਗੁਰ ਚਾਕਰੀ, ਸਤਿਗੁਰ ਹਿਰਦੈ ਲਾਵੈ
ਰਵਿ ਹੋਵੈ ਪਰਕਾਸ, ਚਾਰ ਕੁੰਠ ਰੋਸ਼ਨ ਹੋਇ ਆਵੈ
ਸਤਿਗੁਰ ਬਚਨ ਅਪਰੰਪਰਾ, ਸੁਣੈ ਸੋ ਕੀਰਤ ਗਾਵੈ
ਆਪ ਜਪੈ ਹਰਿ ਨਾਮ ਨਿੱਤ, ਮੋਹਿ ਵਿਧ ਸਮਝਾਵੈ
ਓਛੀ ਸੰਗਤ ਛਾਡ ਕੈ, ਕਮਾਵੈ ਜੋ ਸਤਿਗੁਰੂ ਸੁਣਾਵੈ
ਪਾਣੀ ਦੁੱਧ ਹੋਇ ਮੇਲ ਜਿਉਂ, ਪਾਣੀ ਦੁੱਧ ਬਣ ਆਵੈ
ਸਾਕਤ ਮਨ ਨ ਭਿੱਜਈ, ਮੁੱਖੋਂ ਤੁੱਖ ਕੀ ਬਾਣੀ ਬੋਲੈ
ਚਰਣ ਗਹੇ ਆਇ ਸਤਿਗੁਰੈ, ਗੁਰ ਅਮ੍ਰਿਤ ਘੋਲੈ
ਤੜਕੇ ਉਠ ਪਾਠ ਕਰੈ, ਝੂਠ ਬੋਲ ਲੋਕਾਂ ਸਮਝਾਵੈ
ਝੂਠ ਬੋਲ ਮਨ ਮੈਲਾ ਹੋਵੈ, ਪਾਠ ਭੀ ਬਿਰਥਾ ਜਾਵੈ
ਸੂਰਜ ਨਿਕਲੈ ਦਿਨ ਚੜ੍ਹੈ, ਛੁਪਣ ਘੁੱਗੂ ਚੰਦਾ ਤਾਰੇ
ਸਤਿਗੁਰ ਸੱਚਾ ਸਾਹ ਮਿਲ, ਨੱਸਣ ਚੋਰਾਂ ਜਾਰਾਂ ਸਾਰੇ
ਗੁਰ ਦਾਤਾ ਹਰਿ ਨਾਮ ਕਾ, ਗੁਰ ਪਾਰਬ੍ਰਹਮ ਕਰਤਾਰ
ਗੁਰ ਸਤਿਗੁਰ ਹਰਿ ਧਿਆ ਬੈਂਸ, ਹੋ ਜਾਸੀ ਬੇੜਾ ਪਾਰ
ਲੋਹਾ ਪਾਰਸ ਪਰਸੀਐ, ਕਚ ਧਾਤੁ ਕੰਚਨ ਹੋਇ ਆਵੈ
ਸਤਿਗੁਰ ਬਿਰਖ ਮਲਿਆਗਰ, ਹਰਿ ਮਹਿਕ ਫੈਲਾਵੈ
ਮਨ ਮੈਲਾ ਨਿਰਮਲ ਪਹਿਰਾਵਾ, ਜਨ ਸੰਤ ਕਹਿਲਾਵੈ
ਸਾਬੁਣ ਲਾਇ ਮਨ ਧੋਇ ਨ ਸਕੈ, ਚਿੱਤ ਮੈਲ ਨ ਜਾਵੈ
ਨਾਮ ਜਪਤੁ ਮਨ ਸਾਫ ਹੋਇ, ਸਤਿਗੁਰ ਬਚਨ ਸੁਣਾਵੈ
ਸੱਚਾ ਸਤਿਗੁਰ ਸੋ ਧਣੀ, ਸਰਣ ਗਹੇ ਕੀ ਲਾਜ ਰਖਾਵੈ
ਸਭ ਲੋਕੀਂ ਪੂਜਣ ਰੱਬ, ਅਸਾਂ ਯਾਰ ਮਨਾਉਣ ਦਾ ਚਾਉ
ਯਾਰ ਕਾਬਾ ਹਰਿਮੰਦਰ, ਅਸਾਂ ਹੋਰ ਨ ਕੋਇ ਸੁਆਉ
ਸੋਈ ਸੱਚ ਸੱਚ ਕਰ ਜਾਣੀਐ, ਜੇ ਸੋਇ ਸੱਚੀ ਹੋਇ
ਹਰਿ ਹਰਿ ਨਾਮ ਧਿਆਇ ਮਨ, ਤਨ ਮਨ ਸੱਚਾ ਹੋਇ
ਨਾਮ ਧਿਆਇ ਸੱਚ ਸਮਾਇ, ਹਰਿ ਹਰਿ ਨਾਮ ਨਿਰੰਜਣਾ
ਸਤਿਗੁਰ ਸਰਣੀ ਲੱਗ ਕੈ, ਹਰਿ ਨਾਮਾ ਹਰਿ ਰੰਗ ਰੰਗਣਾ

ਤਨ ਕੂ ਭਸਮ ਚੜ੍ਹਾਇ, ਧਾਇ ਭਰਮਾਇ ਦੇਸ ਪਰਦੇਸ
ਹਰਿ ਪ੍ਰਭ ਵਾਸਾ ਚਿੱਤ ਮੈ, ਖੋਜ ਚਿੱਤ ਛੱਡ ਭੇਸ ਅਭੇਸ
ਨਾਮ ਨ ਧਿਆਵੈ ਭੇਸ ਬਣਾਵੈ, ਸਭ ਮਨ ਪਰਚੌਣ ਦੇ ਧੰਦੇ
ਜੋ ਖੱਟੈਂ ਸੋਈ ਖਰਚ ਸਕੈਂ, ਇਹ ਰੱਖ ਚਿੱਤ ਵਿਚ ਬੰਦੇ
ਹਰਿ ਹਰ ਜਾ ਹਰ ਜਾਈ, ਫਿਰ ਕਿਉਂ ਬਣ ਖੋਜਣ ਜਾਈ
ਆਪਣਾ ਮਨ ਖੋਜ ਪਰਖ ਲੈ, ਆਪੇ ਭੇਦ ਖੁੱਲ੍ਹ ਜਾਵੈ ਭਾਈ
ਰੱਬ ਧਿਆਇ ਚਿੱਤ ਲਾਇ, ਹਰਿ ਨਾਮ ਵਸੈ ਮਨ ਆਇ
ਬੈਂਸ ਹਰਿ ਹਰਿ ਨਾਮ ਧਿਆਇ, ਮਨ ਸਿੱਧਾ ਹੋਇ ਜਾਇ
ਹਰਿ ਚਰਣਾ ਸਤਿਗੁਰ ਸਰਣਾ, ਹਰਿ ਨਾਮਾ ਮੁੱਖੋਂ ਉਚਰ
ਹਰਿ ਨਾਮਾ ਭਜਨਿ ਭਜੁ, ਭਜਿ ਨਾਮਾ ਮਨ ਸਿੱਧਾ ਕਰ
ਰੱਬ ਪਾਉਣਾ ਕੋਈ ਹੋਰ ਨਹੀਂ, ਕੇਵਲ ਮਨ ਸਿੱਧਾ ਕਰਨਾ
ਰਾਮ ਨਾਮ ਮਨ ਦਵਾ ਦੁਆ, ਭਜ ਰਾਮ ਨਾਮ ਕਿਉਂ ਡਰਨਾ

ਜੱਗ ਦੀ ਰੀਤ

ਆਪੇ ਘੜ ਘੜ ਬੁੱਤ ਬਣਾਵੈਂ, ਬੁੱਤ ਬਣਾਇ ਵਿਚ ਆਪ ਛੁਪਾਵੈਂ
ਭੁੱਲ ਖੁਦਾ ਖੁਦੀ ਗਲ ਲਾਵੈਂ, ਜੱਗ ਕਿਹੀ ਰੀਤ ਚਲਾਈ ਏ
ਛਾਹ ਰਗ ਤੋਂ ਨੇੜੇ ਵਸਦਾ, ਨਾ ਉਹ ਦਿਸਦਾ ਨਾ ਉਹ ਦੱਸਦਾ
ਧਰਮ ਭਰਮ ਦੇ ਜਾਲ ਬਿਛਾ, ਜੱਗ ਰੱਬ ਦੀ ਯਾਦ ਭੁਲਾਈ ਏ
ਨਮਾਜ਼ ਪੜ੍ਹੇਂ ਕਦੀ ਰਗੜੇਂ ਮੱਥੇ, ਮਸਜਿਦ ਮੰਦਰ ਕੁਝ ਨਾ ਦੱਸੇ
ਜਿਹਾ ਜਾਵੇਂ ਤਿਹਾ ਮੁੜ ਆਵੇਂ, ਮਨ ਮੰਦਰ ਵਸਦਾ ਮਾਹੀ ਏ
ਲੋਕਾਂ ਮਜ਼ਹਬੀ ਢੌਂਗ ਰਚਾਇਆ, ਸਾਰੇ ਜੱਗ ਨੂੰ ਪਿੱਛੇ ਲਾਇਆ
ਰੱਬ ਭੁਲਾਇ ਰਸਮ ਫਸਾਇਆ, ਇਹ ਕੈਸੀ ਛਾਈ ਮਾਈ ਏ
ਗੁਰ ਅੱਲਾ ਗੁਰ ਆਪ ਵਚੋਲਾ, ਗੁਰ ਪਾਇਆ ਹਰਿ ਪ੍ਰਭ ਚੋਲਾ
ਅਹਿਦੋ ਅਹਿਮਦ ਨਾਮ ਸਮੋਲਾ, ਭਜ ਹਰਿ ਪਾਰ ਲੰਘਾਈ ਏ
ਮੀਮ ਦੇ ਓਹਲੇ ਲੁਕਿਆ ਬੈਠਾ, ਸਤਿਗੁਰ ਯਾਰ ਬਣਾਇਆ ਜੇਠਾ
ਮਨ ਮਾਰ ਭਜ ਨਾਮ ਮੁਰਾਰ, ਤੱਤ ਕਰਮ ਧਰਮ ਸਭ ਆਹੀ ਏ
ਮਿੱਟੀ ਮਾਇਆ ਮਿੱਟੀ ਛਾਇਆ, ਮਿੱਟੀ ਚੋਂ ਇਨਸਾਨ ਬਣਾਇਆ
ਮਿੱਟੀ ਜੰਮਿਆਂ ਮਿੱਟੀ ਪਲਿਆ, ਮਰ ਮਿੱਟੀ ਮਾਹਿ ਸਮਾਈ ਏ
ਭਜੁ ਹਰਿ ਕੱਢ ਭਰਮ ਅੰਦਰ ਦਾ, ਬੂਹਾ ਖੁਲ੍ਹ ਸੀ ਮਨ ਮੰਦਰ ਦਾ
ਤੇਰੇ ਮਨ ਵਿਚ ਛੁਪਿਆ ਬੈਠਾ, ਕਿਤ ਆਇਆ ਕਿਤ ਜਾਈ ਏ
ਸੱਚ ਆਖਾਂ ਦੁਨੀਆਂ ਜਲਦੀ ਏ, ਸੱਚ ਝੂਠ ਗੱਲ ਨਾ ਰਲਦੀ ਏ

ਛੱਡ ਧੰਦੇ ਕਰਮਾਂ ਧਰਮਾਂ ਦੇ, ਭਜਿ ਹਰਿ ਪ੍ਰਭ ਹੋਇ ਸਹਾਈ ਏ
ਗੁਰ ਹਰਿ ਪ੍ਰਭ ਤੋਂ ਵੱਖ ਨਹੀਂ, ਮੇਰੇ ਸਤਿਗੁਰ ਬਾਝੋਂ ਸੱਚ ਨਹੀਂ
ਕਰ ਪਰਗਟ ਹੋਵੈ ਦੱਸ ਨਹੀਂ, ਲੁਕਾਈ ਭੇਸ ਬਣਾ ਭਰਮਾਈ ਏ
ਹਰਿ ਨਾਮ ਧਿਆਉਣਾ ਸੌਖਾ ਏ, ਜੇ ਮਿਲਦਾ ਗੁਰੂ ਦਾ ਪੋਖਾ ਏ
ਹਰਿ ਪ੍ਰਭ ਸਤਿਗੁਰ ਭੇਦ ਨ ਭਾਈ, ਬੈਂਸ ਸੱਚੀ ਆਖ ਸੁਣਾਈ ਏ
ਭਜੁ ਹਰਿ ਹਰਿ ਹਰਿ ਹਰਿ ਬੰਦੇ, ਛਾਡ ਕਰਮ ਧਰਮ ਦੇ ਧੰਦੇ
ਜਿਨ ਧਿਆਇਆ ਤਿਨ ਪਾਇਆ, ਭਜੁ ਹਰਿ ਪ੍ਰਭ ਮੇਰੇ ਭਾਈ ਹੇ

ਮੀਮ ਦੇ ਓਹਲੇ

ਉਹ ਮੀਮ ਦੇ ਓਹਲੇ ਵਸਦਾ, ਉਹ ਵਾਲੀ ਸਾਰੇ ਜੱਗ ਦਾ
ਮਨਮੁੱਖਾਂ ਕੂ ਰਾਹ ਦੱਸਦਾ, ਗੁਰ ਮਿਣਸਿਆਂ ਬਾਝ ਨ ਲੱਭਦਾ
ਘੜ ਭਾਂਡਾ ਬਣਤ ਬਣਾਵੈ, ਬੱਤੀ ਤੇਲ ਵਿਚ ਮੇਲ ਮਿਲਾਵੈ
ਹਰਿ ਨਾਮ ਜਾਗ ਵਿਚ ਲਾਵੈ, ਇੰਞ ਮਨ ਦਾ ਦੀਵਾ ਜਗਦਾ
ਹਰਿ ਏਕੰਕਾਰ ਲਿਵ ਲਾਵੈ, ਮੁੜ ਇਕੋ ਅਲਖ ਜਗਾਵੈ
ਏਕ ਕਵਾਇ ਜੱਗ ਪਰਗਟਾਵੈ, ਹਰਿ ਪ੍ਰਭ ਮਾਲਕ ਸਭ ਦਾ
ਜਦੋਂ ਕੁਝ ਨਹੀਂ ਸੀ ਰੱਬ ਸੀ, ਨਾ ਭਵਸਾਗਰ ਨਾ ਜੱਗ ਸੀ
ਸੁੰਨਮ ਸੁੰਨ ਤਾੜੀ ਲਾਇ, ਬਹਿ ਰਚਨਾ ਰਚਿਆ ਜੱਗ ਦਾ
ਏਕ ਕਵਾਇ ਹੁਕਮ ਸੁਣਾਇ, ਜੱਗ ਪਰਗਟ ਹੋਇਆ ਆਇ
ਆਪ ਬਣਾਵੈ ਆਪੇ ਢਾਵੈ, ਆਪੇ ਹਿਸਾਬ ਰੱਖਦਾ ਸਭ ਦਾ
ਸਭ ਅੰਦਰ ਛੁਪਿਆ ਰਹਿੰਦਾ, ਮੁੱਖੋਂ ਕਿਸੇ ਕੁਝ ਨਹੀਂ ਕਹਿੰਦਾ
ਚੰਗਾ ਮੰਦਾ ਮਨ ਦਾ ਸੋਚਣ, ਮਨ ਮੰਦਿਆਂ ਕਰਮਾਂ ਭੱਜਦਾ
ਮੰਦਾ ਰੋਣਾ ਬੜਾ ਈ ਸੌਖਾ, ਚੰਗਾ ਧੋਣਾ ਬੜਾ ਈ ਔਖਾ
ਚੰਗਾ ਮੰਦਾ ਖੇਲ੍ਹ ਜੱਗ ਦਾ, ਚੰਗਾ ਸੋ ਜੋ ਜੱਗ ਨੂੰ ਫਬਦਾ
ਜੰਮਣ ਮਰਨਾ ਦੁਨੀਆਂਬਾਜ਼ੀ, ਜੰਮਣ ਵੇਲੇ ਸਭ ਜੱਗ ਰਾਜ਼ੀ
ਜੋ ਜੰਮਿਆਂ ਸੋ ਮਰਨਾ, ਫਿਰ ਮਰਨਾ ਕਿਉਂ ਨਹੀਂ ਫਬਦਾ
ਪੜ੍ਹ ਪੜ੍ਹ ਗਿਆਨੀ ਗ੍ਰੰਥ ਕਤੇਬਾਂ, ਦੱਸਣ ਲੋਕਾਂ ਲਾ ਫਰੇਬਾਂ
ਆਖੋ ਕੁਝ ਕਰਨ ਦਰੇਗਾਂ, ਨਾਮ ਧਿਆਇ ਇਲਮ ਰੱਬ ਦਾ
ਸੁਣ ਮੇਰੇ ਸੰਗੀ ਸਾਥੀ ਭਾਈ, ਸੱਚੇ ਸਤਿਗੁਰ ਆਖ ਸੁਣਾਈ
ਚਿੱਤ ਚਰਣ ਲਾ ਨਾਮ ਧਿਆ, ਰਾਹ ਮਿਲਸੀ ਸੱਚੇ ਰੱਬ ਦਾ
ਹਰਿ ਸਤਿਗੁਰ ਮੈ ਭੇਦ ਨ ਕਾਈ, ਪ੍ਰਭ ਆਪੇ ਬਣਤ ਬਣਾਈ
ਹਰਿ ਧਿਆਇ ਸਤਿਗੁਰ ਸਰਣਾਇ, ਗੁਰੂ ਵਚੋਲਾ ਰੱਬ ਦਾ

ਰੱਬ ਰੱਬ ਨਿੱਤ ਕਰਦੀ ਜਾਹ, ਇਹੋ ਰੱਬ ਮਿਲਣ ਦਾ ਰਾਹ
ਮੂਰਤ ਯਾਰ ਦੀ ਚਿੱਤ ਵਸਾ, ਦੀਦ ਯਾਰ ਦਿਦਾਰ ਈ ਰੱਬ ਦਾ

ਨੀਵਾਂ ਮਨ

ਰੱਬ ਧਿਆਉਣਾ ਮਨ ਸਮਝਾਉਣਾ, ਮਨ ਸਮਝਾ ਮਨ ਸਿੱਧਾ ਕਰਨਾ
ਸੱਖਣੇ ਯਾਰ ਸੰਗ ਨੇਹ ਰਚਾ ਕੈ, ਪਿਆਰ ਪਾ ਮਨ ਨੀਵਾਂ ਕਰਨਾ
ਇੰਞ ਕਰ ਸੱਚੇ ਰੱਬ ਦੀ ਸਾਧਨਾ, ਰੱਬ ਮਿਲਣ ਦਾ ਰਾਹ ਅੜਿਆ
ਕਰਮ ਧਰਮ ਸਭ ਕੱਚੇ ਧਾਗੇ, ਹਰਿ ਨਾਮਾ ਮਨ ਵਸਾ ਅੜਿਆ
ਪਾਠ ਪੂਜਾ ਇਸ ਲਈ ਕਰਦੇ, ਜੇ ਭੜਕਿਆ ਮਨ ਟਿਕ ਜਾਵੈ
ਸੁਹਣੇ ਯਾਰ ਸੰਗ ਪਿਆਰ ਪਾ ਕੇ, ਚਿੱਤ ਰੱਬ ਯਾਰ ਵਸ ਜਾਵੈ
ਸਾਚ ਕਹੌਂ ਸੁਣ ਲਿਓ ਜੱਗ, ਪ੍ਰੀਤ ਬਿਨਾਂ ਕਿਸੇ ਪ੍ਰਭ ਨਹਿੰ ਪਾਇਓ
ਹਰਿ ਭਾਵਣ ਸਿੱਖ ਸਿੱਖਿਆ, ਹਰਿ ਸੱਚ ਜਾਣ ਸੱਚ ਬਣ ਆਇਓ
ਜਪ ਤਪੁ ਸੰਜਮ ਨਿਵਲ ਭੁਇਅੰਗਮ, ਇਹ ਸਭ ਸਾਧਨਾ ਤਨ ਦੀ
ਸਾਬੁਣ ਲਾ ਤਨ ਨਿਰਮਲ ਹੋਵੈ, ਮਲ ਮਲ ਮੈਲ ਨ ਉਤਰੈ ਮਨ ਦੀ
ਜੇ ਮਨ ਨਾ ਨਿਰਮਲ ਹੋਵੈ, ਪਾਠ ਪੜ੍ਹਨ ਸੁਣਨ ਕਿਸੈ ਕੰਮ ਨ ਆਵੈ
ਜਿਸ ਚਿੱਤ ਚੋਰ ਮਨ ਕਠੋਰ, ਪਾਠ ਪੜ੍ਹਨ ਸੁਣਨ ਚਿੱਤ ਨਾ ਭਾਵੈ
ਨਿੱਤ ਪਾਠ ਕਰੈਂ ਨਾ ਸੋਚ ਵਿਚਾਰੈਂ, ਭਾਈ ਆਪਣਾ ਮਨ ਨ ਸਧਾਰੈਂ
ਜੇ ਤੇਰੇ ਮਨ ਤੇ ਅਸਰ ਨ ਹੋਵੈ, ਪਾਠ ਪੜ੍ਹੈਂ ਸੁਣੈ ਨਾ ਚਿੱਤ ਸਧਾਰੇਂ
ਬਿਨ ਕੀਤੇ ਨਾਲੋਂ ਪਾਠ ਕਰਨਾ ਚੰਗਾ, ਹਰਿ ਭਾਵੈ ਮਤੇ ਸੋਚੈ ਬੰਦਾ
ਪਾਠ ਪੜ੍ਹੈਂ ਫਿਰ ਨਾਮ ਕਮਾਵੈਂ, ਇੰਞ ਨਿਰਮਲ ਹੋ ਜਾਵੈ ਮਨ ਗੰਦਾ
ਜਨਮ ਜਨਮ ਕੀ ਹੌਮੈਂ ਮਲ ਲਾਗੀ, ਮਨ ਕਾਲਾ ਹੋਇਆ ਸਿਆਹ
ਮਨ ਲੋਭ ਮੋਹ ਭਰਮਾਂ ਵਿਚ ਖੋਇਆ, ਮਨ ਕਿਸੈ ਨ ਕਰੈ ਵਸਾਹ
ਜੇ ਮਨ ਦੀ ਕਾਲੀ ਕਾਲਖ ਲਾਹੁਣੀ, ਸਤਿਗੁਰ ਸਰਣ ਚਿੱਤ ਰਾਖੈ
ਸੱਚਾ ਸਤਿਗੁਰ ਹਰਿ ਮਾਰਗ ਜਾਣੈ, ਕਰ ਵਖਾ ਹਰਿ ਸਤਿਗੁਰ ਭਾਖੈ
ਸਤਿਗੁਰ ਸਦ ਹਰਿ ਨਾਮ ਧਿਆਵੰਦਾ, ਸੇਵਕ ਸਿੱਖਨ ਸਮਝਾਵੰਦਾ
ਬੈਂਸ; ਸਤਿਗੁਰ ਹਰਿ ਦਰ ਰਾਹ ਖੋਜ, ਜੋ ਹਰਿ ਪ੍ਰਭ ਕੈ ਘਰ ਜਾਵੰਦਾ
ਸੇਵਕ ਸਤਿਗੁਰ ਸਹਿਜ ਸੁਭਾਇ, ਹਰਿ ਕਾ ਨਾਮ ਜਪੈ ਚਿੱਤ ਲਾਇ
ਸਤਿਗੁਰ ਹਰਿ ਪ੍ਰਭ ਸੰਗਤ ਸੁਣ, ਧਾਇਆ ਮਨ ਸਿੱਧਾ ਹੋਇ ਆਇ

ਸੱਚਾ ਸੋਈ

ਸਭ ਮੈਂ ਵਰਤੈ ਸੱਚਾ ਸੋਈ, ਤਿਸ ਬਿਨ ਅਵਰ ਨ ਸੂਝੈ ਕੋਈ
ਸੱਚ ਕਮਾਵੈ ਸੱਚ ਸਮਾਵੈ, ਸੱਚ ਵਣਜ ਮਨ ਨਿਰਮਲ ਹੋਈ
ਸੱਚੈ ਸੱਚੀ ਜਗਤ ਉਪਾਇਆ, ਵਿਚੇ ਪਾਈ ਮਾਈ ਮਾਇਆ
ਮਾਇਆ ਵਲ ਛਲ ਤ੍ਰਿਪਤਾਸੈ, ਜੋ ਲੋਚੈ ਸੋ ਮਨ ਭਰਮਾਇਆ
ਮਨ ਚ ਐਸੀ ਬਣਤ ਬਣਾਈ, ਲੋਭ ਮੋਹ ਦੀ ਪ੍ਰੀਤ ਬਣਾਈ
ਲੋਭ ਮੋਹ ਮਨ ਸਾਦ ਨਵੇਲਾ, ਜੋ ਚਾਖੈ ਤਿਸ ਮਨ ਭਰਮਾਈ
ਹਰਿ ਪ੍ਰਭ ਸਾਚਾ ਕੱਚ ਨ ਕਾਚਾ, ਕਾਚਾ ਭਾਵੈ ਨ ਪ੍ਰਭ ਮਾਸਾ
ਸੱਚ ਪਿਆਸਾ ਜਗਤ ਨਿਵਾਸਾ, ਸੱਚ ਮਿਟਾਵੈ ਲੋਭ ਪਿਆਸਾ
ਸੱਚ ਬੋਲ ਸੱਚ ਤੋਲ ਪ੍ਰਾਣੀ, ਮੁਖ ਸੇ ਬੋਲੋ ਹਰਿ ਹਰਿ ਬਾਣੀ
ਸਤਿਗੁਰ ਗਾਵੈ ਹਰਿ ਕੀ ਬਾਣੀ, ਬ੍ਰਹਮਾ ਬਿਸ਼ਨ ਮਹੇਸ਼ ਨ ਜਾਣੀ
ਸੱਚ ਹਰਿ ਧਿਆਵੈ ਮਨ ਸੱਚ ਸਮਾਵੈ, ਸੱਚ ਕਮਾਵੈ ਸੱਚੇ ਭਾਵੈ
ਹਰਿ ਭਾਵੈ ਹਰਿ ਨਾਮ ਜਪਾਵੈ, ਜੰਮਣ ਮਰਨ ਬਹੁੜ ਨ ਆਵੈ
ਹਰਿ ਨਿਰਮਲ ਹਰ ਮਨ ਵਸਾਵੈ, ਅੰਧੇ ਕਮੀਂ ਮਨ ਕਾਲਖ ਲਾਵੈ
ਬੌਹ ਕਰਮ ਕਮਾਵੈ ਮੈਲ ਵਧਾਵੈ, ਮੈਲਾ ਮਨ ਹਰਿ ਪ੍ਰਭ ਨਾ ਭਾਵੈ
ਮੈਲਾ ਮਨ ਮੈਲੇ ਕਰਮ ਕਮਾਵੈ, ਜਿਸ ਕਾਰਨ ਮਨ ਟਿਕਣ ਨ ਪਾਵੈ
ਹਰਿ ਪ੍ਰਭ ਮਾਰਗ ਅਤਿ ਗਾਖੜ, ਮਲੀਨ ਮਨ ਭੁੱਲ ਠੋਕਰ ਖਾਵੈ
ਹਰਿ ਹਰਿ ਬੋਲੈ ਹਰਿ ਹਰਿ ਗਾਵੈ, ਹਰਿ ਨਾਮਾ ਮਨ ਮਾਹਿ ਵਸਾਵੈ
ਹਰਿ ਭਜਿ ਮਨ ਨਿਰਮਲ ਹੋਵੈ, ਹਰਿ ਧਿਆਇ ਹਰਿ ਮਹਿਲ ਬੁਲਾਵੈ
ਸੱਚ ਭਾਖ ਪ੍ਰਭ ਜਗਤ ਉਪਾਈ, ਸੱਚ ਮਹਿ ਪ੍ਰਭ ਵਸੈ ਮੇਰੇ ਭਾਈ
ਸੱਚ ਕਮਾਇ ਹਰਿ ਪ੍ਰਭ ਭਾਇ, ਸੱਚ ਅਲਾਪ ਸਤਿਗੁਰ ਦਰ ਜਾਈ
ਸੱਚ ਵਣਜ ਕਰੈ ਸਾਚਾ ਵਣਜਾਰਾ, ਹਰ ਪ੍ਰਭ ਭਾਵੈ ਸਾਚ ਬਿਓਹਾਰਾ
ਹਰਿ ਪ੍ਰਭ ਵੇਖੈ ਅਲਖ ਅਲੇਖੈ, ਭਜੁ ਹਰਿ ਪ੍ਰਭ ਪਾਰ ਉਤਾਰਣਹਾਰਾ
ਸੱਚ ਅਲਾਵੈ ਹਰਿ ਨਾਮ ਧਿਆਵੈ, ਸੋ ਜਨ ਜਮ ਕੀ ਬਾਟ ਨ ਪਾਵੈ
ਜਮ ਜਲਾਦ ਹਰਿ ਨਾਮ ਡਰਾਵੈ, ਹਰੀ ਨਾਮ ਸੁਣ ਜਮ ਨੱਸ ਜਾਵੈ

ਤਰਲੇ ਪਾਵਾਂ

ਮਾਹੀ ਬਾਝੋਂ ਚਿੱਤ ਨਾ ਲਗਦਾ, ਦਿਲ ਪਾਉਂਦਾ ਫਿਰੈ ਦੁਹਾਈ
ਮਿੰਨਤਾਂ ਕਰਾਂ ਮੈਂ ਤਰਲੇ ਪਾਵਾਂ, ਮੁੱਕਣੀ ਏ ਕਦੋਂ ਜੁਦਾਈ
ਹਰਿ ਹਮ ਹਰ ਭੇਸ ਬਣਾਈ, ਹਰਿ ਪ੍ਰਭ ਦਰਸਣ ਤਾਈਂ
ਤੂੰ ਦੇਖੈਂ ਮੋਹਿ ਨਜ਼ਰ ਨ ਆਵੈ, ਮੈਥੋਂ ਕਿਉਂ ਨਜ਼ਰ ਚੁਰਾਈ

ਆਪੇ ਸਾਜੈ ਆਪ ਨਿਵਾਜੈ, ਹਰਿ ਹਰ ਜਾ ਰਿਹਾ ਸਮਾਈ
ਸੰਤਨ ਸੋਭਾ ਹਰਿ ਪ੍ਰਭ ਸੋਭਾ, ਹਰਿ ਸੰਗਤ ਮਾਹਿ ਸਮਾਈ
ਚਿੱਤ ਲਾਇ ਸੁਣ ਗੁਰ ਬਾਣੀ, ਸਤਿਗੁਰ ਕਥੈ ਅਕੱਥ ਕਹਾਣੀ
ਨਾਮ ਧਿਆਇ ਮਨ ਵਸ ਆਇ, ਸੰਤਨ ਸੰਗ ਭਜੋ ਹਰਿ ਪ੍ਰਾਣੀ
ਸੰਤਨ ਸੋਭਾ ਸਾਧਨ ਸੰਗਤ, ਹਰਿ ਨਾਮਾ ਗਾਵੈ ਮਨ ਮੰਦਰ
ਨਾਮ ਧਿਆਇ ਖੋਜ ਮਨ ਮੰਦਰ, ਭਾਉ ਭਾਇ ਉੜੈ ਗਗਨੰਦਰ
ਧਾਇਆ ਮਨ ਵਸ ਨ ਆਈ, ਇਕ ਪਾਇ ਕੱਢ ਦੂਜੈ ਹਾਈ
ਸਤਿਗੁਰ ਸੇਵੋ ਚਰਣ ਸਰੇਵੋ, ਸਿਮਰੋ ਸੱਚਾ ਸਤਿਗੁਰ ਭਾਈ
ਸਤਿਗੁਰ ਦਾਤਾ ਪੁਰਖ ਵਿਧਾਤਾ, ਸਤਿਗੁਰ ਹਰਿ ਭੇਦ ਨ ਕਾਈ
ਸਤਿਗੁਰ ਮਹਿ ਵਸੈ ਪ੍ਰਭ ਸਾਚਾ, ਭਜੋ ਸਤਿਗੁਰ ਸਰਣਾਈ
ਜਿਉਂ ਟਿੰਡ ਖਾਲੀ ਹੋਇ ਆਵੈ, ਜਲ ਨ੍ਹਾਵੈ ਮੁੜ ਭਰ ਆਵੈ
ਜੋ ਜਨ ਹਰਿ ਹਰਿ ਨਾਮ ਧਿਆਵੈ, ਨਾਮ ਦਾਨ ਝੋਲੀ ਭਰ ਲਾਵੈ
ਮਨ ਖੋਜੈ ਜਨ ਮਨ ਪਰਬੋਧੈ, ਭਜੁ ਨਾਮ ਹਰਿ ਹੋਇ ਸਹਾਈ
ਸਤਿਗੁਰ ਸਰਣ ਜਨ ਜਾਇ ਗਹੋ, ਨਾਮ ਨਿਰੰਜਨ ਮਨ ਮਹਿ ਕਹੋ
ਗੁਰ ਸਿਖਿਆ ਸਤਿ ਕਰ ਮਾਨੋ, ਚਰਣ ਗਹੋ ਗੁਰ ਪਰਣੈ ਰਹੋ
ਸਤਿਗੁਰ ਸਰਣ ਮਨ ਹੋਇ ਆਵੈ, ਨਾਮ ਕੀ ਮਾਲਾ ਮਨ ਵਸਾਵੈ
ਹਰਿ ਗਾਵੈ ਹਰਿ ਭੁੰਚ ਭੁੰਚਾਵੈ, ਹਰਿ ਗਾਵੈ ਸਾਦ ਹਰਿ ਪਾਵੈ
ਸਤਿਗੁਰ ਸਾਚਾ ਸਾਧ ਸੰਤ ਰਾਖਾ, ਬੈਂਸ ਭਜੁ ਨਾਮ ਹਰਿ ਭਾਈ
ਹਰਿ ਭਾਵੈ ਗੁਰ ਸੰਤ ਮਿਲਾਵੈ, ਸਤਿਗੁਰ ਸੇਵਣ ਦੁਬਿਧਾ ਜਾਈ

ਅੰਨ੍ਹੇ ਹੱਥ ਮਾਣਕ

ਅੰਨ੍ਹੇ ਹੱਥ ਮਾਣਕ ਪਰਸੀਐ, ਤਿਨ ਪਾਹਣ ਜਾਣ ਗੁਆਇ
ਮਾਣਕ ਮੋਤੀ ਹੀਰਿਆਂ, ਜੌਹਰੀ ਪਰਖ ਲੱਖ ਕੀਮਤ ਪਾਇ
ਡੰਗਰ ਮਾਣਕ ਪਰਸੀਐ, ਪਸੂ ਖਾਣ ਪਾਣ ਮਾਣਕ ਨ ਭਾਇ
ਪਸੂ ਨ ਮਾਣਕ ਭੁੰਚ ਹੋਇ, ਢੋਰ ਘਮਕ ਘਾਸ ਖਸ ਖਾਇ
ਸਾਕਤ ਹਰਿ ਨਾਮ ਨ ਭਾਵਈ, ਤਿਨ ਕੂੜ ਕਪਟ ਕਮਾਇ
ਬਿਨ ਸੰਗਤ ਮਨ ਨ ਭਿੱਜੈ, ਬਿਨ ਭਾਗਾਂ ਸਤਿਸੰਗ ਨਾ ਪਾਇ
ਜੋ ਹਰਿ ਪ੍ਰਭ ਮੁੱਲ ਪੁੱਛਦੇ, ਤਿਨ ਮੂੜ ਮਨ ਭਰਮ ਭਰਮਾਇ
ਹਰਿ ਪ੍ਰਭ ਸਭ ਜੱਗ ਸਾਜਿਆ, ਜੱਗ ਉਪਜੈ ਨਿਪਜੈ ਜਾਇ
ਹਰਿ ਹਰਿ ਨਾਮ ਨਿਧਾਨ ਹੈ, ਵਿਣ ਕਰਮਾਂ ਨ ਪਾਇਆ ਜਾਇ
ਹਰਿ ਹਰਿ ਵਣਜ ਕਮਾਵੰਦੇ, ਜਿਨ ਤਨ ਮਨ ਸੱਚ ਸਮਾਇ

ਸੱਚੇ ਸੱਚਾ ਵਣਜ ਕਰ, ਮਨ ਸੱਚੇ ਤਨ ਸੱਚਾ ਹੋਇ ਆਇ
ਸੱਚੇ ਮੈਲ ਨ ਲੱਗਈ, ਸੱਚ ਭਾਖੈ ਮਨ ਨਿਰਮਲ ਹੋਇ ਜਾਇ
ਹਰਿ ਨਾਮ ਕਦਰ ਨ ਸੂੱਝਈ, ਜਿਤ ਮਨ ਨ ਸਹਜ ਸਮਾਇ
ਹਰਿ ਨਾਮਾ ਅਨਮੋਲ ਗੌਹਰ, ਮਨ ਵਸ ਆਵੈ ਗੁਰ ਸਰਣਾਇ
ਹਰਿ ਨਾਮ ਨ ਮੋਤੀ ਮਾਣਕਾ, ਹਰਿ ਨਾਮ ਹਰੇ ਹਰਿ ਰਾਇ
ਤਿਸਕੀ ਰੀਸ ਨ ਕਰ ਸਕੈ, ਲੱਖ ਮਾਣ ਮਹਤ ਜਨ ਪਾਇ
ਹਰਿ ਹਰਿ ਨਾਮ ਅਮੋਲਕਾ, ਮੁੱਲ ਮੋਲ ਅਮੋਲ ਨ ਪਾਇ
ਹਰਿ ਨਾਮਾ ਵਣਜ ਵਾਪਾਰੀਆ, ਜੋ ਹਰਿ ਨਾਮ ਧਿਆਇ
ਅਪਰ ਪਰੰਪਰ ਖਾਲਕਾ, ਬਿਨ ਸਤਿਗੁਰ ਸੂਝ ਨ ਪਾਇ
ਸਤਿਗੁਰ ਹਰਿ ਸਨਮੁੱਖ ਹੈ, ਹਰਿ ਸਤਿਗੁਰ ਮਾਹਿ ਸਮਾਇ
ਰਈਅਤ ਰਾਜੇ ਰਾਉ ਮਲੂਕ, ਸਭ ਆਇ ਜਾਇ ਭਰਮਾਇ
ਮੀਰ ਪੀਰ ਹਰਿ ਸੇਖ ਮਸਾਇਕ, ਭਵਸਾਗਰ ਪਾਰ ਤਰਾਇ
ਜੋ ਆਇਆ ਸੋ ਚੱਲਸੀ, ਕੋਈ ਥਿਰ ਨ ਸਦਾ ਰਹਾਇ
ਜੋ ਹਰਿ ਨਾਮ ਧਿਆਇੰਦੇ, ਸੇ ਬਹੁੜ ਜਨਮ ਨ ਆਇ
ਸੱਚ ਤਾਂ ਸਵਰਨ ਜਾਣੀਐ, ਜੇ ਹਿਰਦੈ ਸੱਚ ਪਰੋਇ
ਕੂੜ ਕੀ ਮਲ ਉਤਰੈ, ਤਦ ਤਨ ਮਨ ਨਿਰਮਲ ਹੋਇ
ਕੂੜ ਬੋਵੈ ਕੂੜ ਉਪਜੈ, ਕੂੜ ਫੁੱਲ ਫਲ ਲੱਗ ਖਲੋਇ
ਕੂੜ ਖਾਵੈ ਕੂੜ ਭੁੰਚਰੈ, ਕੂੜੋਂ ਕੂੜੀ ਸੋਇ ਪਰਗਟ ਹੋਇ
ਰੱਬ ਮਨਾਉਣਾ ਰੱਬ ਧਿਆਉਣਾ, ਸੱਚ ਕਮਾ ਆਵੈ ਮਨ ਰਾਸ
ਸੱਚੇ ਸੱਚਾ ਜਗਤ ਉਪਾਇਆ, ਵਿਚ ਸੱਚ ਵਸੈ ਹਰਿ ਆਪ
ਸੱਚ ਬੋਲਣਾ ਨੇਕ ਕਮਾਉਣਾ, ਇਹ ਇਨਸਾਨ ਦੀ ਫਿਤਰਤ
ਰੱਬ ਪਾਉਣਾ ਹਰਿ ਹਰਿ ਧਿਆਉਣਾ, ਸੱਚੇ ਰੱਬ ਦੀ ਕੁਦਰਤ
ਹਰਿ ਹਰਿ ਨਾਮ ਧਿਆਇੰਦੇ, ਪ੍ਰਭ ਆਪ ਵਸੈ ਤਿਨ ਪਾਸ
ਹਰਿ ਹਰਿ ਨਾਮ ਧਿਆਇ ਬੈਂਸ, ਕਰ ਗੁਰ ਆਗੈ ਅਰਦਾਸ
ਸਤਿਗੁਰ ਹਰਿ ਪ੍ਰਭ ਪਾਰਬ੍ਰਹਮ, ਹਰਿ ਸਤਿਗੁਰ ਭੇਦ ਨ ਕੋਇ
ਜਿਨ ਗੁਰ ਹਰਿ ਕਰ ਪੂਜਿਆ, ਤਿਨ ਬਿਘਨ ਨ ਲਾਗੈ ਕੋਇ
ਸਤਿਗੁਰ ਦਰਸਣ ਪਰਸੀਐ, ਧਾਇਆ ਮਨ ਵਸ ਆਵੈ
ਗੁਰ ਸਤਿਗੁਰ ਨਾਮ ਧਿਆਵੰਦਾ, ਮੋਹਿ ਹਰਿ ਨਾਮ ਜਪਾਵੈ
ਅਰਪ ਮਨ ਤਨ ਸਤਿਗੁਰੈ, ਸਤਿਗੁਰ ਮਨ ਬਿਰਥਾ ਜਾਣੈ
ਸਤਿਗੁਰ ਮਨ ਸਿਉਂ ਮਨ ਜੋਰ, ਮਨ ਸਿੱਧਾ ਕਰ ਆਣੈ
ਸਤਿਗੁਰ ਬਾਝੋਂ ਗਤ ਨਹੀਂ, ਸਤਿਗੁਰ ਜਿਹਾ ਨਹੀਂ ਮਿੱਤ
ਸਤਿਗੁਰੂ ਹਰਿ ਕਰ ਜਾਣ, ਹਰਿ ਸਤਿਗੁਰ ਮੈਂ ਨਹੀਂ ਵਿੱਥ

ਗੁਰ ਸਤਿਗੁਰ ਹਰਿ ਪ੍ਰਭ ਆਪ, ਹਰਿ ਮੰਤਰ ਸਤਿਗੁਰ ਪਾਸ
ਸਬਦ ਕਮਾਇ ਹਰਿ ਧਿਆਇ, ਮਨ ਮਨੁ ਗੁਰ ਪਰਗਾਸ
ਸਤਿਗੁਰ ਸਰਣੀ ਲੱਗਿਆਂ, ਸਾ ਬੁੱਧ ਪਰਗਟ ਹੋਇ ਆਵੈ
ਮਨ ਸਾਧਨਾ ਹਰਿ ਅਰਾਧਨਾ, ਗੁਰ ਹਰਿ ਬੁੱਧ ਪਰਗਟਾਵੈ

ਗੁਰ ਕਿਰਪਾ

ਹਰਿ ਹਰ ਅੰਦਰ ਵਸਦਾ, ਤੂੰ ਖੋਜੈਂ ਬਾਹਰ
ਗੁਰ ਕਿਰਪਾ ਤੇ ਜਾਣੀਐ, ਪ੍ਰਭ ਹੋਵੇ ਜ਼ਾਹਰ
ਹਰਿ ਪ੍ਰਭ ਹਰ ਜਾਈ, ਕਿਉਂ ਬਣ ਖੋਜਣ ਜਾਈ
ਕੰਦ ਮੂਲ ਸਭ ਖਾਇ ਕੈ, ਮਨ ਵਸ ਨ ਆਈ
ਨਗਨ ਫਿਰੈ ਜੱਗ ਭ੍ਰਮੈ, ਤਨ ਭਸਮ ਚੜ੍ਹਾਵੈ
ਬਾਇ ਕੁਬਾਇ ਭਰਮਿਆ, ਮਨ ਵਸ ਨ ਆਵੈ
ਪਾਠ ਪੜ੍ਹੈ ਮਨ ਵਾਗੀਆ, ਮਨ ਤਨ ਨ ਧਰਾਸੈ
ਪਹਿਨੈ ਪਾਟ ਪਟੰਬਰੈ, ਪਰ ਮਨ ਕਾਲਖ ਲਾਖੈ
ਤੜਕੇ ਉਠ ਕੈ ਬਾਂਗ ਦਵੈ, ਜੱਗ ਨੀਂਦ ਚੁਰਾਵੈ
ਫੂਕ ਕੰਨ ਚ ਮਾਰ ਛੱਡ, ਹਰਿ ਪ੍ਰਭ ਸੁਣ ਜਾਵੈ
ਕਰ ਕਰ ਲੰਬੀ ਯਾਤਰਾ, ਤੀਰਥ ਜਾਇ ਨ੍ਹਾਵੈ
ਡੱਡੀ ਮੱਛੀ ਵਸੈ ਤੀਰਥਾਂ, ਸੋ ਤੋ ਪਾਰ ਨ ਪਾਵੈ
ਅਪਣਾ ਮਨ ਨਹਿ ਸੋਧਿਆ, ਹੱਜ ਕਾਬੇ ਜਾਵੈ
ਕਦੀ ਰੱਬ ਨ ਚੇਤਿਆ, ਐਵੇਂ ਨਿੱਤ ਰਸਮ ਪੁਗਾਵੈ
ਰੱਬ ਅੰਦਰ, ਖੋਜੈਂ ਬਾਹਰ, ਇਹ ਮਨ ਦੀ ਭੜਕਣ
ਬੈਂਸ; ਸੱਚੇ ਨਾਮ ਬਿਨ, ਮਿਟੈ ਨ ਮਨ ਦੀ ਧੜਕਣ
ਮਨ ਕੂ ਮਨ ਸਮਝਾਇ, ਬੈਂਸ ਮਨ ਆਪਣਾ ਖੋਜ
ਹਰਿ ਹਰਿ ਨਾਮ ਧਿਆਇ ਕੈ, ਟੁੱਟੈ ਭਰਮਤ ਰੋਗ
ਗੁਰ ਚਰਣੀ ਚਿੱਤ ਲਾਇ, ਮਨ ਸਿੱਧਾ ਕਰ ਲੈ
ਹਰਿ ਨਾਮਾ ਹਰਿ ਹਰਿ ਭਜਿ, ਭਵਸਾਗਰ ਤਰ ਲੈ
ਹਰਿ ਹਰਿ ਨਾਮ ਨਿਧਾਨ, ਇਹੋ ਜਪ ਤਪ ਪੂਜਾ
ਸੱਚਾ ਸਤਿਗੁਰ ਸਾਹ ਹੈ, ਕੋਈ ਅਵਰ ਨ ਦੂਜਾ
ਗੁਰ ਚਰਣੀ ਚਿੱਤ ਲਾਇ, ਹਰਿ ਹਰਿ ਨਾਮ ਧਿਆਇ
ਭਜੁ ਗੁਰ ਸਤਿਗੁਰ ਹਰਿ, ਜਨਮ ਮਰਨ ਦੁਖ ਜਾਇ

ਕੱਲਿਆਂ ਜਾਣਾ ਪੈਂਦਾ

ਰਾਹ ਰੱਬ ਦਾ ਸੁੰਨਮ ਸੁੰਨਾਂ, ਉਥੇ ਕੱਲਿਆਂ ਪੈਂਦਾ ਜਾਣਾ
ਪੜ੍ਹਨਾ ਗੁਣਨਾ ਕਾਰ ਜੱਗ ਦੀ, ਉਥੇ ਪੈਂਦਾ ਯਾਰ ਮਨਾਉਣਾ

ਪੜ੍ਹਨ ਕਤੇਬਾਂ ਕਰਨ ਕਥਾਵਾਂ, ਸਮਝ ਉਦੋਂ ਹੀ ਆਉਂਦਾ
ਯਾਰ ਬਣਾ ਕੇ ਪਿਆਰ ਪਾ ਕੇ, ਰਾਹ ਜਦੋਂ ਮਿਲ ਜਾਂਦਾ
ਯਾਰ ਬਾਝੋਂ ਰੱਬ ਨ ਮੰਨਦਾ, ਮੁੱਕਦਾ ਨਹੀਂ ਆਉਣਾ ਜਾਣਾ
ਪਿਆਰ ਯਾਰ ਯਾਰ ਰੱਬ, ਜਾ ਬੈਠ ਯਾਰ ਦੇ ਦਰ ਅੜਿਆ
ਕਰਮ ਧਰਮ ਸਭ ਧੰਦੇਬਾਜ਼ੀ, ਲੜ ਯਾਰ ਦਾ ਫੜ ਅੜਿਆ
ਆਪ ਮਾਰ ਕੇ ਜੱਨਤ ਮਿਲਦੀ, ਇੰਵ ਪੈਂਦਾ ਮਨ ਸਮਝਾਉਣਾ
ਤੂੰ ਏਂ ਮੇਰਾ ਯਾਰ ਵੇ ਅੜਿਆ, ਮੇਰੇ ਯਾਰ ਵੇ ਮੇਰੇ ਸਾਈਂ
ਤੇਰੇ ਦਰ ਦਾ ਬੈਂਸ ਦਰਬਾਰੀ, ਪਿਆਰ ਦੀ ਅਲਖ਼ ਜਗਾਈ
ਪ੍ਰੀਤ ਚ ਤੂੰ ਜੱਗ ਸਾਜਿਆ, ਉਸੇ ਪਿਆਰ ਚ ਤੈਨੂੰ ਪਾਉਣਾ
ਅਰਚਾ ਪੂਜਾ ਪੰਜ ਨਮਾਜ਼ਾ, ਇਹ ਮਝ੍ਹਬਾਂ ਦੀ ਰੀਤ ਕੁੜੇ
ਦੁਨੀਆਂ ਚਿੱਤ ਚੈਨ ਲੁਟਾਇਆ, ਨ ਦੱਸੇ ਪਾਉਣੀ ਪ੍ਰੀਤ ਕੁੜੇ
ਦੁਨੀਆਂ ਖੋਜੇ ਬੇਦ ਕਤੇਬਾਂ, ਉਥੇ ਪੜ੍ਹਨਾ ਕੰਮ ਨੀ ਆਉਣਾ
ਬੰਦਿਆ; ਨੇਕੀ ਕਰਿਆ ਕਰ, ਮੁੜ ਕੇ ਸੁੱਟ ਖੂਹ ਵਿਚ
ਮੁੜ ਕੇ ਨ ਇਜ਼ਹਾਰ ਕਰੀਂ, ਨਾਂ ਰੱਬ ਦਾ ਰੱਖ ਮੂੰਹ ਵਿਚ
ਖੁਦਾ ਖੁਦੀ ਦਾ ਵੈਰ ਬੈਂਸ, ਹੋ ਨਿਮਾਣਾ ਜੇ ਰੱਬ ਪਾਉਣਾ
ਬੈਠ ਤਿੰਜਣਾ ਕੱਤਾਂ ਪੂਣੀਆਂ, ਉਹਨੂੰ ਯਾਦ ਕਰਾਂ ਹਰ ਗੇੜੇ
ਅੱਡੀਆਂ ਚੁੱਕ ਚੁੱਕ ਵੇਖਾਂ ਰ੍ਹਾਵਾਂ, ਜੇ ਆ ਜਾਣ ਸਾਜਨ ਮੇਰੇ
ਬਾਝ ਯਾਰ ਦੇ ਗਲੇ ਲੱਗਿਆਂ, ਨਹੀਂ ਮੁੱਕਣਾ ਸਾਡਾ ਰੋਣਾ
ਰਾਹ ਤੱਕ ਤੱਕ ਹਾਰ ਗਈ, ਢੋਲਣ ਕੋਲ ਨਹੀਂ ਆਉਂਦਾ
ਸੁਫਨੇ ਚ ਪਿਆ ਦਵੇ ਤਸੀਹੇ, ਨੈਣਾਂ ਚ ਨੈਣ ਨਹੀਂ ਪਾਉਂਦਾ
ਤੈਨੂੰ ਚੇਤੇ ਕਰ ਕਰ ਰੋਣਾ ਏ, ਬੈਂਸ; ਨਹੀਂ ਆਖ ਸੁਣਾਉਣਾ

ਮਨ ਸਿੱਧਾ ਕਰਨਾ

ਰੱਬ ਆਖ ਕੇ ਰੱਬ ਨਹੀਂ ਮੰਨਦਾ, ਮਨੋਂ ਮਨ ਸਿੱਧਾ ਕਰਕੇ
ਯਾਰ ਬਣਾ ਕੇ ਪਿਆਰ ਪਾ, ਮਨ ਮੰਨੇ ਪਿਆਰ ਚ ਮਰ ਕੇ

ਪ੍ਰੇਮ ਮਾਹੀ ਦਾ ਅਕੱਥ ਕਹਾਣੀ, ਰੱਬ ਮਿਲਣ ਦੀ ਪ੍ਰੇਮ ਨਿਸ਼ਾਨੀ

ਪ੍ਰੀਤ ਯਾਰ ਦੀ ਪ੍ਰੇਮ ਰੱਬ ਦਾ, ਬ੍ਰਹਮਾ ਬਿਸ਼ਨ ਮਹੇਸ਼ ਨ ਜਾਣੀ
ਵੇਖ ਜੱਗ ਦੇ ਕਰਮ ਭਰਮ ਤਮਾਸ਼ੇ, ਬੈਂਸ ਲਿਖੇ ਡਰ ਡਰ ਕੇ
ਪ੍ਰੇਮ ਜਤਾਉਣ ਨੂੰ ਸਾਜਿਆ ਜੱਗ, ਪ੍ਰੀਤ ਚ ਖੁਦ ਵਸਦਾ ਰੱਬ
ਯਾਰ ਬਣਾ ਕੇ ਪ੍ਰੀਤ ਪਾ ਕੇ, ਜੋ ਯਾਰ ਕਹੇ ਕਰ ਆਖੇ ਲੱਗ
ਯਾਰ ਮੰਨ ਗਿਆ ਮਨ ਮੰਨ ਗਿਆ, ਸਵਰਨ ਵੇਖ ਲੈ ਕਰ ਕੇ
ਅੱਜ ਆਇਆ ਕੱਲ੍ਹ ਟੁਰ ਜਾਣਾ, ਰਹਿਣਾ ਨ ਕੋਈ ਰਾਜਾ ਰਾਣਾ
ਕਰਮ ਕਮਾ ਲੈ ਧਰਮ ਕਮਾ ਲੈ, ਤੂੰ ਬਣ ਕੇ ਸਵਰਨ ਸਿਆਣਾ
ਜੋ ਕਮਾਵੇਂ ਸੋਈ ਫਲ ਪਾਵੇਂ, ਬੈਂਸ; ਚੱਖ ਵੇਖ ਜੀਭ ਤੇ ਧਰ ਕੇ
ਮੁੱਖ ਹਰਿ ਚਿੱਤ ਹਰਿ ਧਰਨਾ, ਹਰਿ ਧਿਆਇ ਮਨ ਸਿੱਧਾ ਕਰਨਾ
ਮਨ ਰਾਮ ਬੋਲ ਮੁੱਖ ਨਾਮ ਬੋਲ, ਮਨ ਵਸਾ ਸਿੱਖਿ ਪਿਆਰ ਕਰਨਾ
ਹਰਿ ਨਾਮਾ ਜਨ ਮਨ ਪਰਬੋਧੈ, ਮਨ ਲੋਚੈ ਪਿਆਰ ਚਿੱਤ ਧਰ ਕੇ
ਦਿਨੇ ਚਿੱਤ ਰੱਖ ਰਾਤ ਸੁਫਨੇ ਤੱਕ, ਸੱਖਣਾ ਮਾਹੀ ਸਾਹਮਣੇ ਆਵੇ
ਯਾਦ ਮਾਹੀ ਦੀ ਮਨ ਤੜਫਾਵੇ, ਤੜਫ ਤੜਫ ਮਨ ਸਿੱਧਾ ਹੋ ਜਾਵੇ
ਪਿਆਰ ਲਈ ਰੱਬ ਜੱਗ ਸਾਜਿਆ, ਰੱਬ ਮੰਨੇਂ ਪਿਆਰ ਚ ਮਰ ਕੇ

ਸਾਂਤ ਮਨ

ਧੰਦੈ ਧਾਵਤ ਮਨ ਫਿਰੈ, ਮਨ ਕੂ ਸਾਂਤ ਨ ਆਇ
ਸਾਂਤ ਬਾਝ ਮਨ ਭੜਕਦਾ, ਮਨ ਕੂ ਨਾਮ ਨ ਭਾਇ
ਸਤਿਗੁਰ ਦਾਤਾ ਨਾਮ ਕਾ, ਸਰਣ ਗਹੋ ਚਿੱਤ ਲਾਇ
ਸਤਿਗੁਰ ਚਰਣੀ ਲੱਗਿਆਂ, ਮਨ ਸਾਂਤ ਹੋਇ ਜਾਇ
ਨੌਂ ਦਰ ਦੁਬਿਧਾ ਭਾਣਿਆਂ, ਦਸਵਾਂ ਦਰ ਹਰਿ ਰਾਇ
ਗੁਰ ਬਿਨ ਚਿੱਤ ਉਤਾਵਲਾ, ਦਰ ਦਰ ਚੋਟਾ ਖਾਇ
ਗੁਰ ਚਰਣੀ ਚਿੱਤ ਲਾਇ ਕੈ, ਗੁਰ ਬਚਨ ਕਮਾਇ
ਗੁਰਬਚਨ ਗੁਰੂ ਕੀ ਬਾਣੀ, ਹਰਿ ਪ੍ਰਭ ਧੁਰੋਂ ਫਰਮਾਇ
ਬਚਨ ਕਮਾ ਨਾਮ ਧਿਆ, ਧਾਇਆ ਮਨ ਵਸ ਆ ਜਾਇ
ਬਿਨ ਮਾਰੇ ਮਨ ਨ ਮੰਨੈਂ, ਸਭ ਦੇਖ ਲਿਆ ਅਜਮਾਇ
ਆਪ ਮਾਰ ਕੈ ਮਨ ਮਰੈ, ਤਬ ਮਨ ਨਾਮ ਸਮਾਇ
ਗੁਰ ਕਾ ਬਚਨ ਦੁਲੱਭ ਹੈ, ਨਾਮ ਜਪੋ ਚਿੱਤ ਲਾਇ
ਰਾਮ ਕਹੋ ਸਰਣੀ ਗਹੋ, ਕੋਇ ਸਾਸ ਨ ਬਿਰਥਾ ਜਾਇ
ਗੁਰ ਬਿਨ ਨਾਮ ਨ ਮਨ ਵਸੈ, ਸਭ ਘਾਲ ਬਿਰਥੀ ਜਾਇ
ਪਾਠ ਪੜ੍ਹਨ ਪਵਿੱਤ ਹੈ, ਜੇ ਮਨ ਸਿਖਿ ਸਿੱਖਿਆ ਪਾਇ

ਆਖੈ ਸੋ ਕਰ ਵਖਾਵੈ, ਇਤ ਵਿਧ ਨਾਮ ਜਪਿਆ ਜਾਇ
ਹਰਿ ਨਾਮਾ ਹਰਿ ਰੰਗ ਹੈ, ਬਿਨ ਗੁਰ ਨਾਮ ਨ ਭਾਇ
ਸਤਿਗੁਰ ਸਰਣੀ ਲੱਗਿਆਂ, ਤਨ ਮਨ ਨਾਮ ਧਿਆਇ
ਜੇ ਮਨ ਸਰਧਾ ਨ ਹੋਵੈ, ਗੁਰ ਦਰ ਸੀਸ ਨਿਵਾਇ
ਗੁਰੂ ਪਖੰਡ ਨ ਭਾਵਈ, ਆਇ ਜਾਇ ਭਰਮਾਇ
ਜੇ ਸਤਿਗੁਰ ਰਾਹ ਖੋਜਣਾ, ਨ ਪਿੱਛੈ ਮੁੜ ਤਕਾਇ
ਘਰ ਮੁਰਾਦਾਂ ਛਾਡ ਕੈ, ਗੁਰ ਦਰ ਮਨ ਲੈ ਜਾਇ
ਗੁਰੂਦੁਆਰੇ ਜਾਇ ਢਹਿ, ਗੁਰਚਰਣੀ ਚਿੱਤ ਲਾਇ
ਸਤਿਗੁਰ ਚਰਣੀ ਲੱਗਿਆਂ, ਮਨ ਮਹਿ ਰਾਮ ਸਮਾਇ

ਸੱਚ ਝੂਠ

ਝੂਠ ਆਖੋ ਦੁਨੀਆਂ ਹਸਦੀ ਏ, ਸੱਚ ਅਖੋ ਦੁਨੀਆਂ ਮਚਦੀ ਏ
ਸੱਚਿਆਂ ਦੀ ਸੱਚੀ ਹਸਤੀ ਏ, ਝੂਠਿਆਂ ਦੀ ਝੂਠੀ ਬਸਤੀ ਏ
ਕੱਚੇ ਕਰਮ ਛੁਪਾਉਣ ਵਾਸਤੇ, ਨਿੱਤ ਝੂਠ ਬੋਲਣਾ ਪੈਂਦਾ ਏ
ਇਕ ਝੂਠ ਛੁਪਾਉਣ ਲਈ, ਦਸ ਗੱਲ ਝੂਠ ਮਨ ਕਹਿੰਦਾ ਏ
ਸੱਚ ਬੋਲ ਭਾਵੇਂ ਝੂਠ ਬੋਲ, ਅੰਤ ਸਭ ਸਾਹਮਣੇ ਆਉਣਾ ਏ
ਸੱਚੇ ਦੀ ਅੱਗੇ ਗਤ ਹੋਵੈ, ਝੂਠਿਆਂ ਨੇ ਅੰਤ ਪਛਤਾਉਣਾ ਏ
ਸੱਚ ਉਹ ਬੰਦਾ ਬੋਲਦਾ ਏ, ਤਨ ਮਨ ਜਿਹਦਾ ਸਾਫ ਹੋਵੇ
ਉਹ ਪੂਰਾ ਇਨਸਾਫ ਕਰੇ, ਸੱਚ ਦਾ ਜਿਸ ਅਹਿਸਾਸ ਹੋਵੇ
ਸੱਚਾ ਸੱਚ ਸਾਹਮਣੇ ਕਹਿੰਦਾ, ਝੂਠੇ ਮੂੰਹ ਛਪਾਉਣਾ ਪੈਂਦਾ
ਸੱਚ ਬੋਲਿਆ ਕਰ ਬੈਂਸ, ਸੱਚ ਝੂਠ ਸੰਗ ਸੰਗ ਲੱਗ ਵੈਂਦਾ
ਸੱਚ ਰੱਬ ਨੂੰ ਭਾਉਂਦਾ ਏ, ਸੱਚਾ ਮਨ ਰੱਬ ਧਿਆਉਂਦਾ ਏ
ਸੱਚ ਬੋਲ ਮਨ ਥਿਰ ਹੋਵੈ, ਹਰਿ ਨਾਮਾ ਮਨ ਵਸ ਜਾਂਦਾ ਏ
ਝੂਠ ਬੋਲਣਾ ਮਨ ਧੜਕਾਵੈ, ਝੂਠਾ ਬੋਲ ਨ ਜੱਗ ਨੂੰ ਭਾਵੈ
ਜੱਗ ਨ ਭਾਵੈ ਰੱਬ ਨ ਭਾਵੈ, ਮਾਣ ਤਾਣ ਕਿਥਾਇ ਨ ਪਾਵੈ
ਨਾਮ ਧਿਆਉਣਾ ਤਾਂ ਫਬਦਾ, ਜੇ ਰੱਬ ਕਹਿਣ ਨੂੰ ਜੀ ਲਗਦਾ
ਝੂਠੇ ਦੇ ਝੂਠੇ ਵਾਧੇ ਬੈਂਸ, ਝੂਠਾ ਬੋਲ ਝੂਠ ਨਹੀਂ ਕੱਜ ਸਕਦਾ
ਸੱਚ ਝੂਠ ਵਿੱਥ ਦੂਰ ਹੋਵੇ, ਜੇ ਸੱਚੇ ਰੱਬ ਨੂੰ ਮਨਜ਼ੂਰ ਹੋਵੇ
ਮਨ ਨਾਮ ਧਿਅਉਣਾ ਨ ਮੰਨੇਂ, ਜੇ ਮਨ ਚ ਝੂਠ ਗ਼ਰੂਰ ਹੋਵੇ
ਹਰਿ ਦਰ ਸੁੰਦਰ ਸੁਘੜ ਸਰੂਪ, ਉਥੇ ਕੋਇ ਨ ਬੋਲੈ ਝੂਠ
ਸੱਚੀ ਸੰਗਤ ਸੱਚ ਵਾਪਾਰਾ, ਸੱਚ ਵਣਜ ਨ ਕਰ ਪਾਵੈ ਝੂਠ

ਸੱਚ ਬਚਨ ਸਤਿਗੁਰੂ ਸੁਣਾਵੈ, ਸੱਚਾ ਮਾਰਗ ਸਤਿਗੁਰ ਭਾਵੈ
ਝੂਠਾ ਝੂਠੇ ਬਚਨ ਅਲਾਵੈ, ਬਚਨ ਬਿਲਾਸ ਨ ਥਾਇ ਪਾਵੈ
ਸਤਿਗੁਰੂ ਸੱਚਾ ਵਣਜਾਰਾ, ਸਤਿਗੁਰ ਪ੍ਰਭ ਕਾ ਕਰੈ ਵਾਪਾਰਾ
ਸੱਚ ਬੋਲ ਹਰਿ ਨਾਮ ਨਿਰੋਲ, ਸਤਿਗੁਰ ਪਾਰ ਉਤਾਰਣਹਾਰਾ

ਨਿੰਦਾ

ਨਿੰਦਕ ਨਿੰਦਾ ਕੂੜ ਸੁਣਾਵੈ, ਨਿੰਦਕ ਕੈ ਨਿੰਦਾ ਮਨ ਭਾਵੈ
ਨਿੰਦਕ ਝੂਠਾ ਵਣਜ ਕਮਾਵੈ, ਨਿੰਦਕ ਸੱਚ ਨੇੜ ਨ ਆਵੈ
ਨਿੰਦਕ ਸੋ ਜਿਹੜਾ ਨਿੰਦਾ ਹੋੜੈ, ਬੋਲੈ ਕੂੜ ਕਪਟ ਮੁੱਖ ਮੋੜੈ
ਉਲਟੇ ਸਿੱਧੇ ਬਚਨ ਅਲਾਪੈ, ਬੋਲੈ ਬਚਨ ਕਰ ਤੋੜ ਮਰੋੜੈ
ਨੀਰ ਵਲੋਵੈ ਕਿਵ ਵੱਥ ਹੋਵੈ, ਨਿੰਦਕ ਗੂੜ੍ਹੀ ਨੀਂਦ ਨ ਸੋਵੈ
ਦੁੱਧ ਵਲੋਵੈ ਤਾਂ ਵੱਥ ਹੋਵੈ, ਨਿੰਦਕ ਦੁੱਧ ਦੀ ਸਾਰ ਨਾ ਹੋਵੈ
ਨਿੰਦਕ ਕੌੜੈ ਬਚਨ ਬਿਲਾਸੈ, ਰਸਨਾ ਕੌੜਾ ਸੁਆਦ ਚਾਖੈ
ਕੌੜਾ ਕਦੀ ਨ ਹੋਵੈ ਮਿੱਠਾ, ਤੁੰਮਾਂ ਸੁਆਦ ਨਾ ਮਿਸਰੀ ਜਾਪੈ
ਨਿੰਦਕ ਕੂੜ ਕਪਟ ਕਮਾਵੈ, ਨਿੰਦਕ ਨਿੰਦਾ ਸੋਹਲੇ ਗਾਵੈ
ਨਿੰਦਾ ਚਿੰਦਾ ਪ੍ਰਭ ਨ ਭਾਵੈ, ਪਾਪਾਂ ਦਾ ਸਿਰ ਭਾਰ ਉਠਾਵੈ
ਨਿੰਦਕ ਬੋਲੈ ਬਚਨ ਨਾਦਾਨੈ, ਨਿੰਦਕ ਕਿਸੈ ਭਲਾ ਨ ਮਾਨੈ
ਨਿੰਦਕ ਬੋਲੈ ਕੁਫਰ ਤੋਲੈ, ਨਿੰਦਕ ਨਿੰਦ ਨਾ ਮਿਣੈ ਪੈਮਾਨੈ
ਨਿੰਦਕ ਬੋਲੈ ਆਲ ਬਿਤਾਲਾ, ਨਿੰਦਕ ਕਾ ਮਨ ਹੋਵੈ ਕਾਲਾ
ਮੈਲਾ ਮਨ ਨਿਰਮਲ ਨਾ ਹੋਵੈ, ਭਾਵੇਂ ਨਿੰਦਕ ਫੇਰੈ ਨਿੱਤ ਮਾਲਾ
ਨਿੰਦਾ ਕਰ ਨਿੰਦਕ ਦੁਖ ਪਾਵੈ, ਹਰਿ ਜਨ ਨਿੰਦ ਚਿੰਦ ਨ ਭਾਵੈ
ਨਿੰਦਾ ਚੋਂ ਘਾਟ ਲੱਭ ਜਾਵੈ, ਨਿੰਦਾ ਸੁਣ ਜਨ ਘਾਟ ਮਿਟਾਵੈ
ਨਿੰਦਕ ਮਨ ਵਿਚ ਵਿਸ ਘੋਲੈ, ਨਿੰਦਕ ਅਵਲਾ ਸਵਲਾ ਬੋਲੈ
ਬੁਰਾ ਭਲਾ ਨਿੰਦਕ ਮੁੱਖ ਬੋਲੈ, ਬੋਲ ਬਿਲਾਸੈ ਕੁਫਰ ਸਦ ਤੋਲੈ
ਨਿੰਦਕ ਨਿੰਦਾ ਅਤਿ ਪਿਆਰੀ, ਨਿੰਦਾ ਬਾਪ ਨਿੰਦਾ ਮਹਿਤਾਰੀ
ਨਿੰਦਕ ਨਿੰਦ ਅਵਸਥਾ ਸਾਰੀ, ਨਿੰਦਕ ਸਜ਼ਾ ਮਿਲੈ ਅਤਿ ਭਾਰੀ
ਨਿੰਦਕ ਬੋਲੈ ਬੋਲ ਵਿਗਾੜ, ਨਿੰਦਕ ਉਠਾਵੈ ਪਾਪਾਂ ਸਿਰ ਭਾਰ
ਨਿੰਦਕ ਚੜ੍ਹੈ ਪਾਹਣ ਭਰ ਬੇੜੀ, ਨਿੰਦਕ ਡੁੱਬੈ ਅੱਧ ਵਿਚਕਾਰ
ਨਿੰਦਕ ਨੀਚ ਕਰਮ ਕਮਾਵੈ, ਨਿੰਦਕ ਕਿਸੇ ਨ ਭਲਾ ਮਨਾਵੈ
ਨਿੰਦਾ ਨਿੰਦਕ ਪਾਠ ਬਣ ਆਵੈ, ਬੈਂਸ, ਨਿੰਦਕ ਨਰਕਾਂ ਜਾਵੈ

ਗਿਆਨ ਬਿਹੂਣਾ

ਫਲ ਕਾਰਨ ਫੂਲੈ ਬਨਰਾਇ, ਫਲ ਲਾਗੈ ਤਾ ਫੂੱਲ ਮਰ ਜਾਇ
ਗਿਆਨ ਬਿਹੂਣਾ ਧਰਮ ਕਮਾਇ, ਗਿਆਨ ਪਾਇ ਧਰਮ ਮੁੱਕ ਜਾਇ
ਗਿਆਨ ਲਈ ਜੱਗ ਧਰਮ ਚਲਾਵੈ, ਧਰਮ ਕਰਮ ਵਿਚ ਫਸ ਜਾਵੈ
ਧਰਮ ਕਮਾਵੈ ਹਰਿ ਨ ਧਿਆਵੈ, ਰੱਬ ਧਿਆਉਣ ਜਨ ਭੁੱਲ ਜਾਵੈ
ਰਸਮਾਂ ਵਿਚ ਧਰਮ ਫਸ ਜਾਵੈ, ਰਸਮ ਰਵਾਜ ਧਰਮ ਬਣ ਆਵੈ
ਨਾਮ ਧਿਆਇ ਹਰਿ ਨਾਨ ਸਮਾਵੈ, ਨਾਮ ਬਿਨਾਂ ਧਰਮ ਬਿਰਥਾ ਜਾਵੈ
ਜਬ ਲਗ ਪੇਟ ਤਬ ਲਗ ਮਾਇਆ, ਹਰਿ ਦਾਤੇ ਸਭ ਖੇਡ੍ਹ ਰਚਾਇਆ
ਜਬ ਲਗ ਸਿਆਰ ਸਿੰਘ ਕੂ ਖਾਵੈ, ਤਬ ਲਗ ਨ ਫੂੱਲੈ ਬਨਰਾਇਆ
ਹਰ ਜਿਣਸ ਸੰਗ ਰੱਬ ਪੇਟ ਲਗਾਵੈ, ਖਾਣ ਪਾਣ ਪੇਟ ਬਣ ਆਵੈ
ਨਾ ਖਾਵੈ ਤਾਂ ਹਰ ਸ਼ੈ ਮਰ ਜਾਵੈ, ਜੇ ਖਾਵੈ ਤਾਂ ਘਣ ਪਾਪ ਕਮਾਵੈ
ਰੱਬ ਧਰਮ ਦਾ ਪੈ ਗਿਆ ਝਗੜਾ, ਧਰਮਾਂ ਪਾਇਆ ਕਰਮਾਂ ਰਗੜਾ
ਧਰਮ ਕਮਾਓ ਰੱਬ ਨ ਧਿਆਓ, ਜੰਮਣ ਮਰਨ ਮਿਟੇ ਨ ਝਗੜਾ
ਪਾਪ ਪੁੰਨ ਸਭ ਧਰਮ ਬਣਾਵੈ, ਭਰਮ ਫਸਾ ਜੱਗ ਪਿੱਛੈ ਲਾਵੈ
ਧਰਮ ਕਮਾਵੈ ਭਰਮਾਂ ਪਾਵੈ, ਹਰਿ ਪ੍ਰਭ ਐਸਾ ਧਰਮ ਨ ਭਾਵੈ
ਧਰਮ ਕਮਾਉਣਾ ਰੀਤ ਜੱਗ ਦੀ, ਸੋ ਇਨਸਾਨ ਨੂੰ ਚੰਗੀ ਲਗਦੀ
ਕਰਮ ਕਮਾਇ ਧਰਮ ਕਮਾਇ, ਬਿਨ ਹਰਿ ਨਾਮ ਕੁਥਾਇ ਭੱਜਦੀ
ਖਾਣ ਬਾਘ ਦਾ ਮਾਸ ਬਣਾਵੈ, ਮਾਰ ਮੁਕਾਵੈ ਸਿੰਘ ਸਿਆਰ ਖਾਵੈ
ਧਰਮ ਮਾਰਨਾ ਪਾਪ ਬਣਾਵੈ, ਜੇ ਨਾ ਮਾਰੈ ਬਾਘ ਆਪ ਮਰ ਜਾਵੈ
ਧਰਮ ਰੱਬ ਦਾ ਰਾਹ ਬਦਲਾਇਆ, ਸਾਰੇ ਜੱਗ ਨੂੰ ਪਿੱਛੇ ਲਾਇਆ
ਧਰਮ ਨ ਕਰੇ ਰੱਬ ਪਾਲਣਾ, ਨਾਮ ਬਿਹੂਣਾ ਸਭ ਨੂੰ ਭਟਕਾਇਆ
ਹਰ ਸ਼ੈ ਜਿਸ ਕਾਰਨ ਰੱਬ ਬਣਾਵੈ, ਸਫਲ ਹੋਵੈ ਜੇ ਕਰਮ ਨਿਭਾਵੈ
ਜਬ ਲੌ ਸਿੰਘ ਸਿਆਰ ਕੂ ਖਾਵੈ, ਸਫਲ ਜਨਮ ਸਿਆਰ ਹੋਇ ਆਵੈ
ਜਿਉਂ ਭਾਵੈ ਪ੍ਰਭ ਬਣਤ ਬਣਾਵੈ, ਬਣਾਇ ਪਰਖ ਬਿਗਸ ਬਿਗਸਾਵੈ
ਹਰਿ ਹਰ ਸ਼ੈ ਹਰਿ ਆਪ ਸਮਾਵੈ, ਬੈਂਸ ਧਿਆਇ ਪਾਰ ਤਰ ਜਾਵੈ

ਮਿਹਨਤ ਹਿੰਮਤ

ਤੜਕੇ ਉਠ ਨਿੱਤ ਹਲ ਜੋਈਐ, ਬਿਨ ਬੀਜ ਫਸਲ ਨ ਜੰਮੈਂ
ਜਪ ਤਪ ਪੂਜਾ ਸਭ ਪਵਿੱਤ ਹੈ, ਬਿਨ ਸਤਿਗੁਰ ਰੱਬ ਨਾ ਮੰਨੈਂ
ਬੀਜ ਪਾਇ ਫਸਲ ਉਗੱ ਆਵੈ, ਬਿਨ ਸੇਵਾ ਥਾਇ ਨ ਪਾਵੈ
ਹਰਿ ਨਾਮਾ ਹਰਿ ਰੰਗ ਹੈ, ਬਿਨ ਸਤਿਗੁਰ ਵਾਟ ਨ ਪਾਵੈ
ਹਲ ਵਾਹ ਬੀਜ ਪਾ, ਫਸਲ ਉਗੈ ਵਧੈ ਤਬ ਫੁੱਲ ਫਲ ਲਾਗੈ
ਮਿਹਨਤ ਕਰੈ ਪੇਟ ਪਾਲਣ ਥੀਂ, ਸੋਇਆ ਮਨ ਕਿਤ ਜਾਗੈ
ਗੋਡੀ ਕਰੈ ਨਿੱਤ ਪਾਣੀ ਲਾਵੈ, ਸ਼ਾਮੀਂ ਫਲ ਵੇਖਣ ਥੀਂ ਜਾਵੈ
ਵਧਦੀ ਫੁਲਦੀ ਫਸਲ ਵੇਖ ਕੈ, ਮਨ ਤਨ ਵਿਗਸ ਵਿਗਸਾਵੈ
ਦਿਨ ਰਾਤ ਮਿਹਨਤ ਕਰਦਿਆਂ, ਫੁੱਲ ਫਲ ਖਿੜਾਵੈ ਵਾਸ
ਅਜਹੂ ਕੰਮ ਨ ਮੁੱਕਿਓ, ਹਰਿ ਨਾਮ ਬਿਨ ਮਿਟੈ ਨ ਪਿਆਸ
ਢੇਰ ਲਾਵੈ ਫਿਰ ਫਲ੍ਹੇ ਚਲਾਵੈ, ਛੰਡ ਫੰਡ ਫਿਰ ਧੜ ਉੜਾਵੈ
ਧੜ ਉੜਾਵੈ ਬੋਹਲ ਲਾਵੈ, ਤਬ ਅਨਾਜ ਕਿਸਾਨ ਘਰ ਲਿਆਵੈ
ਵਾਹ ਬੀਜ ਕੱਟੈ ਵੱਢੈ ਦਾਣੇ ਕੱਢੈ, ਫਿਰ ਆਟਾ ਪੀਸ ਪਿਸਾਵੈ
ਆਟਾ ਗੁੰਨ੍ਹੈਂ ਰੋਟ ਪਕਾਵੈ, ਪੇਟ ਭਰ ਖਾਇ ਰੁਚੀ ਭਰ ਆਵੈ
ਪਰਪੰਚ ਕਰੈ ਪੇਟ ਭਰਨ ਕੂ, ਜਿਨ ਸਾਜਿਆ ਚਿੱਤ ਨ ਆਵੈ
ਹਰਿ ਨਾਮ ਮਾਰਗ ਅਤਿ ਗਾਖੜ, ਬਿਨ ਗੁਰ ਹਰਿ ਨ ਰੁਝਾਵੈ
ਮਨ ਹਲ ਤਨ ਬਲਦ ਕਰ ਭੇਸ, ਵਾਹਿ ਵਾਹਿਗੁਰੂ ਚਿੱਤ ਚੇਤ
ਹਰਿ ਨਾਮ ਸੁਹਾਗਾ ਮਾਰ ਮਨ ਮਾਰ, ਬੈਂਸ ਰੱਖ ਗਰੀਬੀ ਵੇਸ
ਮਨ ਹਰਿ ਹਰਿ ਨਾਮ ਧਿਆਇ, ਗੁਰ ਚਰਣੀ ਚਿੱਤ ਲਾਇ
ਗੁਰ ਸਤਿਗੁਰ ਸਰਣੀ ਲੱਗਿਆਂ, ਹਰਿ ਨਾਮ ਵਸੈ ਮਨ ਆਇ
ਰਾਮ ਕਹੋ ਚਿੱਤ ਲਾਇ, ਨਾਮ ਚਿੱਤ ਲਾਇ ਮੇਰੇ ਪ੍ਰਭ ਭਾਇ
ਹਰਿ ਜਸ ਵੱਖਰ ਖੱਟ ਚੱਲੋ, ਧਾਇਆ ਮਨ ਵਸ ਆਇ ਜਾਇ
ਹਰਿ ਨਾਮ ਵੱਖਰ ਸਤਿਗੁਰ ਪਾਸ, ਨਾਮ ਧਿਆਇ ਹੋਇ ਨਿਰਾਸ
ਨਾਲ ਧਿਆਇ ਹੋਇ ਨਿਮਾਣਾ, ਗੁਰ ਕਰੈ ਮਨ ਹਰਿ ਪਰਗਾਸ

ਅਪਣਾ ਕਰਮ

ਜੈਸੀ ਕਰਨੀ ਤੈਸੀ ਭਰਨੀ, ਸੱਚਾ ਸਾਹ ਨਾ ਕਿਰਤ ਬਦਲਾਵੈ
ਜੋ ਖੱਟਿਆ ਸੋ ਖਾਤੈ ਪਾਵੈ, ਅਪਣੇ ਕਰਮ ਜਨ ਆਪ ਬਣਾਵੈ
ਜਾਣ ਬੁੱਝ ਜਨ ਕਿਰਤ ਕਮਾਵੈ, ਮਨ ਮਨ ਮਹਿ ਲਿਖ ਪਾਵੈ

ਕੀਤਾ ਕਰਮ ਨ ਚਿੱਤ ਭੁਲਾਵੈ, ਲਿਖ ਪਾਵੈ ਪਰ ਮੇਟ ਨ ਪਾਵੈ
ਅਚੇਤ ਚੇਤ ਕਰ ਕੈ ਭੁੱਲ ਜਾਵੈ, ਚੰਗਾ ਮੰਦਾ ਪਰਖ ਨ ਪਾਵੈ
ਚੰਗੇ ਦਾ ਫਲ ਚੰਗਾ ਮਿਲਸੀ, ਮੰਦੇ ਦਾ ਫਲ ਮੰਦਾ ਹੋਇ ਆਵੈ
ਕਰਮ ਧਰਮ ਨਾ ਸਾਕਤ ਭਾਵੈ, ਨਿੰਦਾ ਸਾਕਤ ਮਨ ਭਰਮਾਵੈ
ਹਰਿ ਬਿਰਖ ਸੋ ਫਲ ਲਾਵੈ, ਜੈਸਾ ਕਮਾਵੈ ਤੈਸਾ ਸਾਦ ਆਵੈ
ਨਾਮ ਸਿਮਰਤ ਅਮ੍ਰਿਤ ਬਣੈ, ਸਾਕਤ ਖਾਵੈ ਵਿਸ ਬਣ ਆਵੈ
ਉਦਰ ਭਰਨ ਲਈ ਪਾਠ ਸੁਣਾਵੈ, ਜੇ ਮਨ ਭਉ ਭਾਉ ਨ ਹੋਇ
ਸੱਚ ਕਦੀ ਨਾ ਹੋਇ ਪੁਰਾਣਾ, ਹਰਿ ਜਾਪੁ ਰਿਦੈ ਜਪੁ ਹੋਇ
ਨਾਮ ਜਪਿ ਮਨ ਕੀ ਮਲ ਉਤਰੈ, ਪੁੰਨ ਪਾਪ ਸਭ ਕੱਢੈ ਧੋਇ
ਪਾਠ ਪੜ੍ਹੈ ਪਾਖੰਡ ਆਰਾਧੈ, ਨਿਵਲ ਭੁਇੰਗਮ ਯੋਗਾ ਸਾਧੈ
ਕਰਮ ਪਖੰਡਨ ਮਨ ਦਾ ਬੰਧਨ, ਬੰਧ ਜਾਵੈ ਸੰਗ ਅਪਰਾਧੈ
ਜਤ ਸਤ ਸੰਜਮ ਅਰਚਾ ਪੂਜਾ, ਮਨ ਪਰਚੌਣ ਦੇ ਧੰਦੇ ਸਭ
ਨਾਮ ਧਿਆਇ ਹਰਿ ਗੁਣ ਗਾਇ, ਆਇ ਵਸੈ ਚਿੱਤ ਹਰਿ ਪ੍ਰਭ
ਕੰਨ ਫੜੈ ਹੱਥ ਉਲਟਾ ਪਾ ਕੇ, ਨਾਮ ਭੁੱਲੈ ਜਪ ਤਪ ਉਲਝਾ ਕੇ
ਕਰਨ ਬਹਾਨੇ ਰੱਬ ਮਿਲਣ ਦੇ, ਪੇਟ ਭਰਨ ਲਈ ਪਾਠ ਸੁਣਾ ਕੇ
ਜਬ ਲਗ ਮਨ ਹਰਿ ਨਾਮ ਨ ਭਾਵੈ, ਤਬ ਲਗ ਮਨ ਵਸ ਨ ਆਵੈ
ਮਨ ਬਹਿਕਾਵੈ ਚਿੱਤ ਚੈਨ ਗੁਆਵੈ, ਐਸਾ ਜਨ ਹਰਿ ਪ੍ਰਭ ਨ ਭਾਵੈ
ਭਜੁ ਹਰਿ ਰਾਮ ਨਾਮ ਨਿਧਾਨਾ, ਮਨ ਵਿਚ ਹੋਵੇ ਇਕ ਨਿਸ਼ਾਨਾ
ਸਿੱਧਾ ਰਾਹ ਛੱਡ ਲਾਵੈਂ ਸਾਂਗਾਂ, ਢਿੱਡ ਭਰਨ ਦਾ ਕਰੈਂ ਬਹਾਨਾ
ਦੁੱਧ ਰਿੜਕ ਵਿਚੋਂ ਨਿਕਲੈ ਵੱਥ, ਪਾਣੀ ਰਿੜਕਿਆਂ ਮਿਲੈ ਨ ਕੱਖ
ਰਾਮ ਰਾਮ ਸੰਗ ਮਨ ਰਿੜਕਾਇ, ਮਨ ਮੰਦਰ ਮੈਂ ਹਰਿ ਜਾਵੈ ਵਸ

ਕਰਮ ਫਲ

ਮਾਣਸ ਫਲ ਬਦਨ ਮਹਿ ਸਾਸ, ਚੰਦਨ ਫਲ ਮਹਿਕਾਵੈ ਵਾਸ
ਰੁਕੈ ਸਾਸ ਬਦਨ ਹੋਇ ਰਾਖ, ਬਿਨ ਸਾਸੈ ਜਨ ਹੋਇ ਵਿਣਾਸ
ਚੰਦਨ ਵਾਸ ਨ ਕਦੀ ਗੁਆਵੈ, ਰੁੱਖ ਸੁੱਕੈ ਵੱਢ ਢੇਰੀ ਲਾਵੈ
ਸਾਹ ਰੁਕੈ ਮਾਣਸ ਮੁੱਕ ਜਾਵੈ, ਮ੍ਹਾਣੂ ਮਾਣ ਤਾਣ ਮੁੱਕ ਜਾਵੈ
ਮੈਗਲ ਮਰੈ ਨ ਬਿਰਥਾ ਜਾਵੈ, ਦੰਦ ਖੱਲ ਸਭ ਕੰਮ ਆ ਜਾਵੈ
ਮਾਣਸ ਆਪਣੇ ਢੋਲੇ ਗਾਵੈ, ਨਰੂ ਮਰੈ ਕਿਸੈ ਕੰਮ ਨ ਆਵੈ
ਜਿਉਂਦਾ ਹੋਵੈ ਜੇ ਸਾਹ ਆਵੈ, ਬਿਨਾ ਸਾਹ ਜਨ ਮਰ ਜਾਵੈ
ਸਾਹ ਆਵੈ ਵੇਖ ਜੱਗ ਮੇਲਾ, ਕੀਤਾ ਕਰਮ ਸੰਗ ਲੈ ਜਾਵੈ

ਕੀ ਭਰੋਸਾ ਇਸ ਜਿੰਦੜੀ ਦਾ, ਅੱਗੋਂ ਸਾਹ ਆਵੈ ਨ ਆਵੈ
ਕਿੰਨੀਂ ਬੇਕਦਰੀ ਮਾਣਸ ਦੀ, ਭਰ ਵਿਹੜਾ ਖਾਲੀ ਟੁਰ ਜਾਵੈ
ਚਰਾਗ ਦਾ ਚਾਨਣ ਮਿਟ ਜਾਵੈ, ਜਦੋਂ ਮੁੱਕੇ ਦੀਵੇ ਦਾ ਤੇਲ
ਨਬਜ਼ ਰੁਕੀ ਸਾਹ ਰੁਕ ਗਿਆ, ਮੁੱਕੈ ਮਾਣ ਤਾਣ ਦਾ ਖੇਲ੍ਹ
ਵੇਖ ਖੋਜ ਸਾਹ ਮਿਲੇ ਉਧਾਰੇ, ਨਿਰਧਨ ਜੋ ਨਾ ਰਿਣ ਉਤਾਰੇ
ਕਰਜ਼ਾ ਲੱਬੈ ਸਮੇਤ ਵਿਆਜ, ਚੇਤੇ ਕਰ ਹਰਿ ਬਖਸੇ ਸਾਰੇ
ਇਹ ਕਦੀ ਨਹੀਂ ਸੋਚਿਆ, ਸਾਹ ਆਉਣਾ ਨਹੀਂ ਤੇਰੇ ਵਸ
ਜੰਮਣ ਵੇਲੇ ਸੀ ਲੱਖ ਦਾ, ਭੈੜਿਆ; ਮਰ ਕੇ ਰਿਹਾ ਨ ਕੱਖ
ਮੇਰੀ ਮੇਰੀ ਕਰਦੇ ਮਰ ਗਏ, ਬਿਨ ਕੀਤੇ ਚਿੱਤ ਅਹਿਸਾਸ
ਜਿਹਨੇ ਸਾਜ ਨਿਵਾਜਿਆ, ਸਾਹ ਦੀ ਕੁੰਜੀ ਹਰਿ ਪ੍ਰਭ ਪਾਸ
ਮਰਜ਼ੀ ਏ ਸੱਚੇ ਸਾਹ ਗੁਰੂ ਦੀ, ਭਾਵੇਂ ਰੱਖੇ ਭਾਵੇਂ ਛੱਡੇ ਮਾਰ
ਬਿਨ ਹਰਿ ਪ੍ਰਭ ਚਿੱਤ ਚੇਤਿਆਂ, ਬੈਂਸ ਲੱਬਣਾ ਨਹੀਂ ਉਧਾਰ
ਮਾਣਸ ਕਰਮ ਸਭ ਕਰਜ਼ ਹੈ, ਸਭ ਕੁਝ ਨਾਲ ਲੈ ਜਾਂਦਾ
ਹਰਿ ਕਰਜ਼ ਉਸ ਬਖਸਦਾ, ਜੋ ਹਰਿ ਨਾਮ ਧਿਆਉਂਦਾ
ਸਾਸ ਸਾਸ ਭਜੋ ਗੋਬਿੰਦ, ਭਜੁ ਹਰਿ ਉਤਰੇ ਮਨ ਚਿੰਦ
ਨਾਮ ਧਿਆਇ ਚਿੱਤ ਲਾਇ, ਗੁਰ ਸਤਿਗੁਰ ਪਰਮਾਨੰਦ

ਤਾਣ ਨਿਤਾਣਾ

ਬਰਤਿਆ ਪ੍ਰਭ ਦਾ ਭਾਣਾ, ਮਨ ਹੋ ਗਿਆ ਮਾਣ ਨਿਤਾਣਾ
ਹਰਿ ਬਖਸਿਆ ਰਾਹ ਰਬਾਣਾ, ਅਸਾਂ ਮਾਹੀ ਦੇ ਦਰ ਜਾਣਾ
ਹੋਇ ਨਿਮਾਣਾ ਤ ਦਰ ਜਾਣਾ, ਜਾ ਮਾਹੀ ਦਰ ਸੀਸ ਝੁਕਾਉਣਾ
ਉਚਾ ਰੁਤਬਾ ਯਾਰ ਰੱਬ ਦਾ, ਉਹਦੀ ਚਰਨ ਧੂੜ ਬਣ ਜਾਣਾ
ਹਰਿ ਆਪੇ ਯਾਰ ਬਣਾਇਆ, ਯਾਰ ਸੰਗ ਨੇਹ ਰਚਾਇਆ
ਪਲਕਾਂ ਚ ਮਾਹੀ ਵਸ ਜਾਵੈ, ਉਸ ਨਾ ਆਉਣਾ ਨਾ ਜਾਣਾ
ਸਾਡੀ ਸੰਗ ਸਜਣ ਦੇ ਲੱਗੀ, ਹੁਣ ਅੱਖ ਫੜਕਦੀ ਸੱਜੀ
ਮਾਹੀ ਮੇਰੇ ਚਿੱਤ ਚ ਵਸਦਾ, ਭਾ ਯਾਰ ਮਿਲਣ ਦੀ ਲੱਗੀ
ਰੂਪ ਯਾਰ ਦਾ ਰੱਬੀ, ਵੇਖ ਵਿਸਮ ਵਿਸਮਾਦ ਵਿਗਸੌਣਾ
ਮੇਰੀ ਅੱਖ ਯਾਰ ਸੰਗ ਲੱਗੀ, ਮੇਰੈ ਚਿੱਤ ਚਿਤਵਣੀ ਲੱਗੀ
ਇਸ਼ਕ ਤੇਰੇ ਚਰਣ ਧੂੜ ਬਣੀ, ਤੂੰ ਕਿਉਂ ਨਹੀਂ ਨੇਹ ਰਚੌਣਾ
ਸਤਿਗੁਰ ਰੂਪ ਹੈ ਰੱਬ ਦਾ, ਪ੍ਰਭ ਕਰਮ ਵਿਧਾਤਾ ਜੱਗ ਦਾ
ਸੱਜਣ ਸੰਗ ਅੱਖੀਆਂ ਲੱਗੀਆਂ, ਪਾਇਆ ਪਿਆਰ ਦਾ ਬਾਣਾ

ਕਰਮ ਵਿਧਾਤੇ ਰਚਨ ਰਚਾਇਆ, ਹਰਿ ਚੰਦਨ ਮੈਂ ਸਾਇਆ
ਮਹਿਕ ਮਾਹੀ ਦੀ ਦਿਲ ਭਰਮਾਵੈ, ਹੋਰ ਕਿਤੈ ਨਹੀਂ ਜਾਣਾ
ਮੇਰੇ ਢੋਲਾ ਸੁਣ ਮੇਰੇ ਮਾਹੀ, ਤੂੰ ਮੇਰਾ ਮਾਹੀ ਮੈਂ ਤੇਰੀ ਆਹੀ
ਨੈਣ ਚੁਰਾ ਕੇ ਨਾ ਟੁਰ ਜਾਵੀਂ, ਅਸਾਂ ਮੁੜ ਨ ਪਾਉਣਾ ਗਹੁਣਾ
ਬਣ ਹਾਜੀ ਹਰਿ ਦਰ ਦਾ, ਮਨ ਹਰਿ ਹਰਿ ਹਰਿ ਕਰਦਾ
ਮਾਹੀ ਦੇ ਦਰ ਹੱਜ ਅਸਾਡੀ, ਅਸਾਂ ਹੋਰ ਹੱਜ ਨਹੀਂ ਜਾਣਾ
ਮੇਰਾ ਮਾਹੀ ਛੈਲ ਛਬੀਲਾ, ਅਜਬ ਅਜੈਬ ਮਾਹੀ ਦੀ ਲੀਲਾ
ਮਨ ਚੜ੍ਹ ਗਿਆ ਰੰਗ ਰੰਗੀਲਾ, ਅਸਾਂ ਨਹੀਂ ਰੰਗ ਵਟੌਣਾ
ਮਾਹੀ ਦਾ ਰੰਗ ਮਜੀਠਾ, ਸਤਿਗੁਰ ਅੰਗ ਸੰਗ ਕਰੈ ਬਸੀਠਾ
ਮਾਹੀ ਸੰਗ ਨੇਹ ਰਚਾਇਆ, ਪਿਆਰ ਚ ਮਾਹੀ ਧਿਆਉਣਾ
ਮਾਹੀ ਸੰਗ ਅੱਖੀਆਂ ਲੱਗੀਆਂ, ਕਰਾਂ ਸਜਦੇ ਚੁੱਕ ਚੁੱਕ ਅੱਡੀਆਂ
ਪਲਕਾਂ ਤੇ ਮਾਹੀ ਵਸਦਾ, ਅਸਾਂ ਹੁਣ ਕਜਲਾ ਨਹੀਂ ਪਾਉਣਾ
ਜਿਤ ਵੇਖਾਂ ਤਿਤ ਸੋਈ, ਮਾਹੀ ਬਾਝੋਂ ਹੋਰ ਦਿਸੈ ਨਾ ਕੋਈ
ਮਾਹੀ ਮਾਹੀ ਕਰਦੀ ਬੈਂਸ, ਅਸਾਂ ਖੁਦ ਮਾਹੀ ਬਣ ਜਾਣਾ

ਹਰਿ ਮੰਦਰ

ਹਰਿ ਮੰਦਰ ਹਰਿ ਸਾਜਿਆ, ਹਰਿ ਸੱਚੇ ਕਾ ਵਿਚ ਵਾਸ
ਹਰਿ ਬਾਹਰ ਤਾਲਾ ਮਾਰਿਆ, ਦਰ ਕੁੰਜੀ ਸਤਿਗੁਰ ਪਾਸ
ਹਰਿਮੰਦਰ ਇਹ ਸਰੀਰ ਹੈ, ਹਰਿ ਮਨ ਮਹਿ ਕਰੈ ਨਿਵਾਸ
ਹਰਿ ਮੰਦਰ ਅਤਿ ਸੁਹਣਾ, ਮੋਹਿ ਹਰਿ ਵੇਖਣ ਕੂ ਪਿਆਸ
ਹਰਿ ਵਸੈ ਮਨ ਮਾਹਿ, ਮਨਮੁਖ ਮਾਣਸ ਮਨ ਨਾਹਿ ਪਛਾਣੈ
ਬਾਹਰ ਨ੍ਹਾ ਬਦਨ ਸਾਫ ਹੋਵੈ, ਹਰਿ ਪ੍ਰਭ ਕੀ ਸਾਰ ਨ ਜਾਣੈ
ਹਰਿ ਭਾਵੈ ਹਰਿ ਨਾਮ ਜਪਾਵੈ, ਇਤ ਮਨ ਸਾਫ ਹੋਇ ਆਵੈ
ਮਨ ਸਮਝਾਵੈ ਸੁਕਰਮ ਕਮਾਵੈ, ਭਟਕਿਆ ਮਨ ਵਸ ਆ ਜਾਵੈ
ਭਗਤ ਨ ਸੋਚੈ ਬੁਰਾ ਕਿਸੈ ਦਾ, ਅਣਜਾਣੇ ਕੁਕਰਮ ਨਾ ਕਮਾਵੈ
ਮਨ ਪਰਬੋਧੈ ਜਨ ਮਨਸਾ ਸੋਧੈ, ਤਬ ਮਨ ਸੁਭ ਕਰਮ ਕਮਾਵੈ
ਸੁਭ ਕਰਮ ਕਮਾਵੈ ਹਰਿ ਪ੍ਰਭ ਭਾਵੈ, ਹਰਿ ਪ੍ਰਭ ਗੁਰੂ ਮਿਲਾਵੈ
ਗੁਰੂ ਮਿਲਾਵੈ ਹਰਿ ਪ੍ਰਭ ਭਾਣੈ, ਗੁਰੂ ਚਰਣ ਸੇਵਕ ਚਿੱਤ ਲਾਵੈ
ਗੁਰ ਸੇਵਕ ਸੇਵ ਸਮਾਵੈ, ਚਿੱਤ ਹਰਿ ਹਰਿ ਨਾਮ ਧਿਆਵੈ
ਨਾਮ ਧਿਆਵੈ ਚਿੱਤ ਚਰਣੀ ਲਾਵੈ, ਮੇਰੇ ਸੱਚੇ ਹਰਿ ਪ੍ਰਭ ਭਾਵੈ
ਸੇਵ ਕਮਾਵੈ ਸਤਿਗੁਰ ਸਰਣਾਵੈ, ਸਤਿਗੁਰ ਅਮ੍ਰਿਤ ਵਰਸਾਵੈ

ਸਤਿਗੁਰ ਮਿਹਰ ਹੋਇ ਆਵੈ, ਧਾਇਆ ਮਨ ਵਸ ਆਇ ਜਾਵੈ
ਜਬ ਮਨ ਭਯੋ ਦਾਸਨ ਦਾਸ ਦਾਸਰੋ, ਤਬ ਗੁਰ ਸ਼ਬਦ ਸੁਣਾਵੈ
ਸ਼ਬਦ ਕਮਾਵੈ ਗੁਰ ਵਿਗਸਾਵੈ, ਮਨ ਮਨੁ ਮਹਿ ਪਰਚਾ ਲਾਵੈ
ਸਤਿਗੁਰ ਹਰਿ ਪ੍ਰਭ ਭਾਵੈ, ਹਰਿ ਪ੍ਰਭ ਸਤਿਗੁਰ ਮਾਹਿ ਸਮਾਵੈ
ਭਰਮ ਧਰਮ ਸਭ ਵਿਨਸ ਜਾਇ, ਗੁਰ ਚਰਣੀ ਚਿੱਤ ਲਾਵੈ
ਹਰਿ ਸਤਿਗੁਰ ਸੰਗ ਸਮਾਵੈ, ਗੁਰ ਹਰਿ ਪਹਿਚਾਣ ਕਰਾਵੈ
ਹਰਿ ਹਰਿ ਕਰਤ ਹਰੇ ਹਰਿ ਹੋਈਐ, ਮਨ ਹਰਿਆ ਹੋਇ ਆਵੈ
ਹਰਿ ਹਰਿ ਨਾਮ ਧਿਆਇ ਬੈਂਸ, ਮਨ ਮਨੁ ਮਹਿ ਪਰਚਾ ਲਾਵੈ
ਗੁਰਬਚਨ ਕਮਾਇ ਨਾਮ ਧਿਆਇ, ਗੁਰ ਮਨ ਮਾਹਿ ਪਰਗਟਾਵੈ

ਆਦਿ ਅੰਤ

ਇਹ ਮਨ ਤਨ ਹੰਢ ਗਿਆ, ਮਨ ਕਰੈ ਨ ਸੋਚ ਵਿਚਾਰ
ਹਰਿ ਹਰਿ ਨਾਮ ਨ ਸਾਧਿਆ, ਕਿਤ ਆਇਆ ਸੰਸਾਰ
ਕਾਲਿਆਂ ਤੋਂ ਬੱਗੇ ਹੋ ਗਏ, ਪਰ ਮਨ ਨ ਹੋਇਆ ਸਾਫ
ਪਿਛਲੀ ਕਮਾਈ ਵੇਖ ਕੇ, ਕਰਮਾਂ ਦਾ ਲੱਗਾ ਸਰਾਫ
ਜੇ ਸੌ ਵ੍ਹਰਿਆਂ ਜੀਵਣਾ, ਫਿਰ ਭੀ ਤਨ ਹੋਸੀ ਖੇਹ
ਅਣਤੋਲੀ ਮਿੱਟੀ ਪਾ ਦੱਬਣਾ, ਮੁੜ ਮਿੱਟੀ ਹੋਸੀ ਦੇਹ
ਜਿਸ ਜਾ ਤੋਂ ਬੰਦਾ ਆਇਆ, ਮੁੜ ਉਥੇ ਜਾਣਾ ਵੱਤ
ਜਾਲ ਜਲਾਦਾਂ ਸੁੱਟਣਾ, ਉਨ੍ਹਾਂ ਦੇਣਾ ਸਿਰ ਧੜ ਕੱਪ
ਨਜ਼ਰੀ ਆਵੈ ਵੰਨਾਂ ਮੌਤ ਦਾ, ਜਿਉਂ ਢਾਹਾ ਦਰਿਆ
ਹੜ੍ਹ ਦਰਿਆਵੈ ਆਵਣਾ, ਕੱਪ ਢਾਹੈ ਕਰੈ ਫਨਾਹ
ਮੌਤ ਹਨੇਰੀ ਰਾਤ ਛੁਪ, ਜਿਉਂ ਸੰਨ੍ਹੀ ਲਾਵਣ ਚੋਰ
ਚੋਰ ਚੁਰਾਵਣ ਸੰਨ੍ਹ ਲਾ, ਮਈਅਤ ਵੇਖੈ ਚੋਰ ਨ ਮੋਰ
ਬਾਰ ਪਰਾਇਆ ਵੇਖਣਾ, ਮੋਹਿ ਨਾ ਘੱਲੀਂ ਯਾਰ
ਐਸਾ ਜੀਣ ਨਖਿਧ ਹੈ, ਕਰ ਭਲਾ ਸਾਈਂ ਦੇ ਮਾਰ
ਬਾਰ ਪਰਾਇਆ ਵੇਖਣਾ, ਬਣ ਬੈਠਾ ਏਂ ਮਹਿਮਾਨ
ਮਹਿਮਾਨ ਨਿਵਾਜ਼ੀ ਦੋ ਦਿਹ, ਜਾਣਾ ਅੰਤ ਨਾਦਾਨ
ਜਿੰਦ ਸੁਹਾਗ ਮਰਨ ਵਰ, ਲੈ ਜਾਸੀ ਪਰਣਾਇ
ਸਤਿ ਸੁਹਾਗਣ ਜਾਣੀਐਂ, ਜੋ ਹਰਿ ਨਾਮ ਧਿਆਇ
ਇਹ ਚੇਤੇ ਰੱਖ ਚਿੱਤ ਸਵਰਨਾ, ਜੋ ਜੰਮਿਆਂ ਸੋ ਮਰਨਾ
ਮੌਤ ਕੋਈ ਗੁਨਾਹ ਨਹੀਂ, ਫਿਰ ਕਿਉਂ ਬੈਂਸ ਤੂੰ ਡਰਨਾ

ਹਰਿ ਮਨ ਤਾਲਾ ਮਾਰਿਆ, ਰੱਖ ਕੁੰਜੀ ਸਤਿਗੁਰ ਪਾਸ
ਹਰਿ ਹਰਿ ਨਾਮ ਧਿਆਇ ਮਨ, ਹੋ ਦਾਸਨ ਕੋ ਦਾਸ
ਸਤਿਗੁਰ ਹਰਿ ਪ੍ਰਭ ਹੋਇ, ਹਰਿ ਗੁਰ ਭੇਦ ਨ ਕੋਇ
ਸਤਿਗੁਰ ਦਾਤਾ ਨਾਮ ਕਾ, ਹਰਿ ਨਾਮ ਜਪਾਵੈ ਮੋਹਿ

ਪ੍ਰੇਮ ਕਹਾਣੀ

ਮੇਰੇ ਸਾਹਿਬ ਮੇਰੇ ਸਾਹਿਬ, ਤੇਰਾ ਜੱਗ ਤੇਰੀ ਪ੍ਰੇਮ ਕਹਾਣੀ
ਹਮ ਨਾਦਾਨ ਅਗਿਆਨ ਅਨੋਭੜ, ਅਸਾਂ ਤੇਰੀ ਸਾਰ ਨਾ ਜਾਣੀ

ਮੈਨੂੰ ਜੱਗ ਚ ਘੱਲਣ ਵੇਲੇ, ਮੇਰਾ ਮਨ ਆਜ਼ਾਦ ਬਣਾਇਆ
ਜ਼ਰਾ ਸਮਝ ਨਾ ਆਈ ਮੈਨੂੰ, ਪ੍ਰਭ ਜੂ ਮੈਂ ਤੇਰਾ ਸਰਮਾਇਆ
ਜੋ ਪ੍ਰਭ ਬਖਸੈ ਸੋਈ ਵਰਤੈ, ਕੁਝ ਤੇਰੈ ਵਸ ਨਹੀਂ ਪ੍ਰਾਣੀ
ਆਪੇ ਜਨਮ ਦੇਵੈਂ ਪ੍ਰਿਤਪਾਲੈਂ, ਆਪੇ ਪ੍ਰਭ ਨਦਰ ਨਿਹਾਲੈਂ
ਹਮ ਕਿਆ ਜਾਣੈ ਚੰਗਾ ਮੰਦਾ, ਜੋ ਬਖਸੈਂ ਹਮ ਸੋ ਕਰ ਜਾਲੈਂ
ਸਭ ਤੇਰਾ ਖੇਡ੍ਹ ਤਮਾਸਾ ਪ੍ਰਭ ਜੂ, ਤੂੰ ਸਭ ਕੁਝ ਜਾਣਨ ਜਾਣੀ
ਤੇਰਾ ਜੱਗ ਤੇਰੀ ਖੇਡ੍ਹ ਮੇਰੇ ਸਾਹਿਬ, ਬਣਤ ਬਣਾ ਬਿਗਸਾਵੈਂ
ਜਿਉਂ ਭਾਵੈ ਤਿਉਂ ਬਣਤ ਬਣਾਵੈਂ, ਜਿਉਂ ਭਾਵੈ ਤਿਵ ਢਾਵੈਂ
ਰੀਝਾਂ ਲਾ ਲਾ ਬੁੱਤ ਬਣਾਵੈਂ, ਪਰਖੈਂ ਕੱਚ ਪੱਕ ਭਰ ਪਾਣੀ
ਤੱਕ ਤੱਕ ਤੇਰੇ ਜੱਗ ਦੀ ਝਿਲਮਿਲ, ਬੈਂਸ ਹੈਰਾਨ ਹੋਇ ਆਵੈ
ਕਿਰਤ ਵਿਰਤ ਸਾਜ ਨਿਵਾਜ ਕੈ, ਆਪ ਬਣਾਵੈ ਆਪੇ ਢਾਵੈ
ਮੋਹ ਮਮਤਾ ਨ ਪਿਆਰ ਸੰਤਾਪੈ, ਰਾਜ ਕਾਜ ਨ ਰਾਜਾ ਰਾਣੀ
ਮਿਹਰ ਕਰੋ ਮੇਰੇ ਸਾਹਿਬਾ, ਨਿਮਾਣੇ ਬੈਂਸ ਦਾ ਮਨ ਸਮਝਾਵੋ
ਹਰਿ ਹਰਿ ਨਾਮ ਰਿਦੈ ਵਸਾਵੋ, ਪ੍ਰਭ ਆਪਣਾ ਬਿਰਦ ਰਖਾਵੋ
ਪ੍ਰੀਤਮ ਸੰਗ ਬਖਸੋ ਪ੍ਰੀਤ ਪ੍ਰਭ, ਮਨ ਗਾਵੈ ਹਰਿ ਹਰਿ ਬਾਣੀ
ਹਮਰੀ ਗਿਣਤ ਮਿਣਤ ਨ ਕਾਈ, ਜੋ ਕੁਛ ਹੈ ਸੋ ਪ੍ਰਭ ਤੇਰਾ
ਦਾਨ ਦੇਹ ਹਰਿ ਨਾਮ ਬਖਸ, ਜਿਤ ਧਿਆਇ ਹੋਐ ਨਬੇਰਾ
ਦਿਵਸ ਰਾਤ ਹਰਿ ਚਿੱਤ ਆਵੈ, ਧਿਆਇ ਉਮਰ ਵਿਹਾਣੀ
ਪ੍ਰਭ ਜੂ ਸਾਹਿਬ ਸਤਿਗੁਰੂ ਹਮਾਰਾ, ਹਮ ਦਾਸਨ ਕੇ ਦਾਸਾ
ਹਰਿ ਨਾਮ ਧਿਆਵੈ ਚਿੱਤ ਚਰਣੀ ਲਾਵੈ, ਪ੍ਰਭ ਤੇਰਾ ਭਰਵਾਸਾ
ਨਾਮ ਚਿੱਤ ਆਵੈ ਗੁਰ ਸਰਣਾਵੈ, ਮਿਟੈ ਜੰਮਣ ਮਰਨ ਕਹਾਣੀ

ਨਿਰਮਲ ਮਨ

ਨਾਹ ਧੋ ਬਦਨ ਸਾਫ ਹੋਵੈ, ਮਨ ਸਾਫ ਹੋਵੈ ਹਰਿ ਭਜ ਕੈ
ਮਾਇਆ ਮਮਤਾ ਦੁਨੀਆਂਦਾਰੀ, ਟੁਰ ਜਾਂਦੇ ਸਭ ਛੱਡ ਕੈ
ਜਲ ਪਰਵਾਹੈ ਬਦਨ ਧੋਈਦੈ, ਲੀੜਾ ਲੱਤੜ ਸਾਬੁਣ ਲਾ ਕੈ
ਮਨ ਦੀ ਮਲ ਤਦ ਉਤਰੈ, ਹਰਿ ਨਾਮ ਧਿਆ ਚਿੱਤ ਲਾ ਕੈ
ਸੱਚ ਬੋਲਣਾ ਦਾਨ ਵੰਡਣਾ, ਇਨਸਾਨ ਇਹ ਤੇਰੀ ਫਿਤਰਤ
ਨਾਮ ਧਿਆਇ ਦਾਨ ਬਰਸਾਇ, ਸਾਜੀ ਹਰਿ ਪ੍ਰਭ ਕੁਦਰਤ
ਦਾਨ ਪਾਨ ਇਸਨਾਨ ਗਿਆਨ, ਇਹ ਸਭ ਮਨ ਦੀ ਆਦਤ
ਦਾਨ ਦਿੱਤਿਆਂ ਰੱਬ ਨਹੀਂ ਮੰਨਦਾ, ਸਭ ਝੂਠੀ ਝੂਠ ਇਬਾਦਤ
ਪਾਠ ਪੜ੍ਹਨਾ ਪੂਜਾ ਕਰਨਾ, ਇਹ ਸਭ ਇਨਸਾਨ ਦਾ ਧਰਮ
ਧਰਮ ਕਰਮ ਚ ਭੇਦ ਡਾਢਾ, ਕਰਮ ਨਾ ਪਾਰ ਉਤਾਰੈ ਧਰਮ
ਸੁਭ ਕਰਮ ਮਨ ਨਿਰਮਲ ਸੋਚੈ, ਕਬੁੱਧ ਕਰਾਵੈ ਕੁਕਰਮ
ਕਾਮ ਕ੍ਰੋਧ ਲੋਭ ਮੋਹ ਫੰਧਾ, ਇਹ ਮਨ ਭੜਕਣ ਆਚਰਣ
ਨੇਕ ਕਰਮ ਕਰ ਹੋਵੈ ਚੰਗਾ, ਕੇਵਲ ਮਨ ਟਿਕਣ ਦਾ ਧੰਦਾ
ਕੁਕਰਮ ਕਰ ਮਨ ਘਬਰਾਵੈ, ਇਹ ਮਨ ਟਿਕਣ ਨ ਦਿੰਦਾ
ਕਰਮ ਧਰਮ ਪਾਠ ਪੂਜ ਨਿਮਾਜਾ, ਇਸ ਕਾਰਨ ਜਨ ਧਿਆਵੈ
ਸੁੱਧ ਕੁਸੁੱਧਾ ਕੁਕਰਮ ਤਿਆਗੈ, ਭਟਕਿਆ ਮਨ ਟਿਕ ਜਾਵੈ
ਕਰਮ ਧਰਮ ਨਹੀਂ ਰਾਹ ਰੱਬ ਦਾ, ਪਰ ਮਨ ਵਸ ਕਰ ਪਾਵੈ
ਮਨ ਵਸ ਆਵੈ ਨਾਮ ਧਿਆਵੇ, ਇਤ ਵਿਧ ਮਾਰਗ ਪਾਵੈ
ਗੁਰ ਸਰਣ ਆਵੈ ਨਾਮ ਧਿਆਵੈ, ਕਰਮ ਧਰਮ ਮੁੱਕ ਜਾਵੈ
ਗੁਰ ਸਰਣਾ ਹਰਿ ਹਰਿ ਕਰਣਾ, ਜਨਮ ਮਰਨ ਦੁਖ ਜਾਵੈ
ਗੁਰ ਦਾਤਾ ਹਰਿ ਨਾਮ ਕਾ, ਬਿਨ ਗੁਰ ਗਿਆਨ ਨ ਹੋਇ
ਹਰਿ ਹਰਿ ਸਭ ਜੱਗ ਕਰੈ, ਗੁਰ ਕਿਰਪਾ ਮਨ ਨਾਮ ਸਮੋਇ
ਸਤਿਗੁਰ ਹਰਿ ਕਰ ਜਾਣੀਐ, ਹਰਿ ਧਿਆਇ ਚਿੱਤ ਲਾਇ
ਸਤਿਗੁਰ ਮੇਘ ਬਰਸਾਵੰਦਾ, ਹਰਿ ਨਾਮ ਕੀ ਛਹਿਬਰ ਲਾਇ

ਸੋਚ ਵਿਚਾਰ

ਗਿਆਨੀ ਵਾਚੈ ਪੋਥੀਆਂ, ਪੜ੍ਹ ਪੜ੍ਹ ਲੋਕ ਸੁਣਾਇ
ਸਾਧ ਸੰਗਤ ਸਮਝਾਵਣਾ, ਆਪਣੈ ਮਨ ਨ ਭਾਇ
ਪੜ੍ਹਨ ਪੜ੍ਹਾਵਣ ਬਾਦ ਹੈ, ਜਿੱਚਰ ਨ ਕਰੈ ਵਿਚਾਰ
ਵਾਚ ਵਿਚਾਰ ਬੇਅਰਥ ਹੈ, ਜਿੱਚਰ ਨ ਉਪਜੈ ਪਿਆਰ

ਤੀਰਥ ਨ੍ਹਾਵਣ ਜਾਈਐ, ਮਨ ਹਰਿ ਨਾਮ ਨ ਭਾਇ
ਮਨ ਕੀ ਮੈਲ ਨ ਉਤਰੈ, ਜਿਉਂ ਜਾਇ ਮੁੜ ਆਇ
ਮਨ ਜੂਠਾ ਤਨ ਜੂਠੜਾ, ਨਿੱਤ ਜਿਹਵਾ ਬੋਲੈ ਕੂੜ
ਕੂੜ ਬੋਲ ਬਿਲਾਸ ਕੂੜ, ਕਿਰਤ ਕਰਮ ਸਭ ਕੂੜ
ਕੰਧੀ ਉਤੇ ਰੁੱਖੜਾ, ਕਿਚਰਕ ਰਹਿਣ ਤਿਥਾਇ
ਢਾਹੇ ਕੁੱਲੀ ਵਾਸ ਜਿਉਂ, ਹੜ੍ਹ ਆਵੈ ਰੁੜ੍ਹ ਜਾਇ
ਗੁਰ ਬਿਨ ਗਿਆਨ ਨ ਉਪਜੈ, ਹਰਿ ਨਾਮ ਨਾ ਭਾਇ
ਗੁਰ ਸਤਿਗੁਰ ਹਰਿ ਨਾਮ ਬਿਨ, ਜਾਇ ਪੱਤ ਗੁਆਇ
ਨਾਮ ਮਨ ਨਾ ਭਾਇਆ, ਇਕ ਦੋ ਚਿੱਤ ਚਿਤਾਇ
ਦੋ ਚਿੱਤਾ ਦੂ ਚਿੱਤ ਧਾਵੰਦਾ, ਦੁਬਿਧਾ ਫਾਥਾ ਜਾਇ
ਬੰਦੇ ਸੋਚ ਵਿਚਾਰ ਲੈ, ਕਿਤ ਕਾਰਨ ਇਤ ਆਇ
ਹਰਿ ਹਰਿ ਨਾਮ ਧਿਆਇ, ਜਨਮ ਮਰਨ ਦੁਖ ਜਾਇ
ਜਿਤ ਹਰਿ ਨਾਮ ਨ ਚੇਤਿਆ, ਕਿਤ ਆਏ ਸੰਸਾਰ
ਸਤਿਗੁਰ ਸੱਚੇ ਨਾਮ ਬਿਨ, ਕੋਇ ਨਾ ਉਤਰੈ ਪਾਰ
ਗੁਰ ਬੇੜੀ ਬਾਣੀ ਤੁੱਲ੍ਹਾ, ਗੁਰ ਸ਼ਬਦ ਚਿੱਤ ਵਿਚਾਰ
ਗੁਰ ਕਾ ਬਚਨ ਕਮਾਇ ਬੈਸ, ਹੋ ਜਾਸੀ ਬੇੜਾ ਪਾਰ
ਧਰਮ ਖੰਡ ਸੋ ਜਾਣੀਐ, ਜਿਤ ਹਰਿ ਨਾਮ ਵਿਚਾਰ
ਕਰਮ ਖੰਡ ਹੋਇ ਉਤਰੈ, ਪਾ ਸਤਿਗੁਰ ਸੰਗ ਪਿਆਰ
ਸੱਚ ਖੰਡ ਹੋਇ ਆਣੀਐ, ਜਿਤ ਹਰਿ ਨਾਮ ਧਿਆਇ
ਹਰਿ ਹਰਿ ਨਾਮ ਜਪੰਦਿਆ, ਹਰਿ ਹੀ ਮਾਹਿ ਸਮਾਇ

ਡਾਢੀ ਪ੍ਰੀਤ

ਹਰਿ ਦਰ ਢੂੰਡ ਢੂੰਡੇਦਿਆਂ, ਮੈਂ ਪਾਇਆ ਪ੍ਰੀਤਮ ਡਾਘਾ
ਸੱਜਣ ਮੇਰਾ ਮਾਣਕ ਮੋਤੀ, ਪਿਆਰ ਦੋਹਾਂ ਦਾ ਸਾਝਾ

ਕੋਲੇ ਕੂ ਲਾ ਕਸਵਟੀ, ਪਾਹਣ ਮਾਣਕ ਲਾਲ ਬਣਾਵੈ
ਸੋਨੇ ਉਤੇ ਲਾਇ ਸੁਹਾਗਾ, ਕਚ ਕੁੰਦਨ ਕੱਛ ਬਣਾਵੈ
ਮੀਤਨ ਮੀਤ ਪ੍ਰੀਤਮ ਪ੍ਰੀਤ, ਕੋਇ ਪਾਵੈ ਭਾਗ ਸੁਭਾਗਾ
ਗੁਰੂ ਬਾਝ ਨ ਗਿਆਨ, ਧੀਰਜ ਬਿਨ ਨ ਲੱਗੈ ਧਿਆਨ
ਆਪ ਜਪੈ ਹਰਿ ਨਾਮ ਨਿੱਤ, ਮੋਹਿ ਬਖਸੇ ਨਾਮ ਨਿਧਾਨ
ਹਰਿ ਨਾਮਾ ਜਪੁ ਜਾਪੁ ਸੁਣ, ਦੁਖ ਪਾਪ ਦਰਿਦਰ ਭਾਗਾ

ਸੇਵਕ ਗੁਰ ਚਰਣੀ ਚਿੱਤ ਲਾਵੈ, ਗੁਰ ਰੰਗ ਮਜੀਠ ਚੜ੍ਹਾਵੈ
ਹੀਰੇ ਹੀਰਾ ਬੇਧਿਆ, ਸਤਿਗੁਰ ਮਨਿ ਮਨ ਪਰਚਾ ਪਾਵੈ
ਗੁਰ ਸਰਣਾਇ ਨਾਮ ਧਿਆਇ, ਗੁਰ ਚਰਣੀ ਚਿੱਤ ਲਾਗਾ
ਪਾਣੀ ਚੱਲ ਪਹਾੜੋਂ ਆਵੈ, ਨੀਵਾਂ ਹੋਇ ਸਮੁੰਦ ਮਿਲ ਜਾਵੈ
ਧਾਇਆ ਮਨ ਵਸ ਆਇ ਜਾਵੈ, ਗੁਰ ਚਰਣੀ ਚਿੱਤ ਲਾਵੈ
ਸੁਹਾਗ ਸਜਾਵੈ ਚਿੱਤ ਚਰਣੀ ਲਾਵੈ, ਪਾਵੈ ਵਰ ਵਡਭਾਗਾ
ਪੂਜਾ ਅਰਚਾ ਨਾਹਿੰ ਗਿਆਨਾ, ਯਾਰ ਸੰਗ ਨੇਹ ਰਚਾਇਆ
ਵਡਭਾਗੀਂ ਸਹੁ ਵਰ ਪਾਇਆ, ਲੜ ਲੱਗ ਮਨ ਤ੍ਰਿਪਤਾਇਆ
ਸਹੁ ਵਣਜਾਰਾ ਮੋਹਿ ਪਿਆਰਾ, ਪਾਇ ਪਿਆਰ ਜੰਞੂ ਧਾਗਾ
ਮੇਰੇ ਸੱਜਣ ਸੁਹੇਲੇ ਪ੍ਰੀਤਮਾ, ਪਈ ਉਡੀਕਾਂ ਖੜ੍ਹੀ ਨਿਮਾਣੀ
ਦਰਸਨ ਪਿਆਸੀ ਭਈ ਉਦਾਸੀ, ਮੋਹਿ ਭਾਵੈ ਅੰਨ ਨ ਪਾਣੀ
ਦਾਸਨ ਦਾਸੀ ਪ੍ਰੀਤ ਪਿਆਸੀ, ਮੋਹਿ ਨੇਹ ਪ੍ਰੀਤਮ ਸੰਗ ਲਾਗਾ
ਪ੍ਰੀਤ ਸਤਾਵੈ ਨੀਂਦ ਨ ਆਵੈ, ਰਾਤਾਂ ਬੀਤਣ ਗਿਣ ਗਿਣ ਤਾਰੇ
ਆ ਚੰਨਾਂ ਦੇਹ ਸੀਤ ਚਾਨਣੀ, ਤੈਨੂੰ ਚਕੋਰ ਦਾ ਪਿਆਰ ਪੁਕਾਰੇ
ਚੰਨ ਚਕੋਰ ਦਾ ਨਾਤਾ ਬਣਿਆ, ਹੱਡ ਮਾਸੋਂ ਵੱਧ ਨੇਹ ਅਸਾਡਾ

ਮਾਇਆ ਮਾਈ

ਪ੍ਰਭ ਕਰਤੈ ਬਣਤ ਬਣਾਇ ਕੈ, ਵਿਚ ਪਾਈ ਮਾਇਆ ਮਾਈ
ਉਹ ਵੇਖੈ ਮੋਹਿ ਨਜ਼ਰ ਨ ਆਵੈ, ਹਰਿ ਹਰ ਜਾ ਹਰ ਜਾਈ

ਹਰਿ ਹਰ ਮਨ ਚ ਛੁਪਿਆ ਬੈਠਾ, ਹਰ ਗੱਲ ਦਾ ਰੱਖਦਾ ਲੇਖਾ
ਬਿਨ ਸਤਿਗੁਰ ਸੇਵਣ ਸੇਵਿਆਂ, ਨਹੀਂ ਮਿਟਦਾ ਚਿੱਤ ਭੁਲੇਖਾ
ਕਰਮ ਕਮਾਵੈਂ ਹਰਿ ਪ੍ਰਭ ਜਾਣੈ, ਉਹ ਜੱਗ ਤੋਂ ਰੱਖੈ ਛੁਪਾਈ
ਪੜ੍ਹ ਪੜ੍ਹ ਹੋਰਾਂ ਤਾਈਂ ਸੁਣਾਵੇਂ, ਆਪਣੇ ਚਿੱਤ ਨ ਟੁੱਭੀ ਲਾਵੇਂ
ਮੁੜ ਇਹ ਵੇਲਾ ਹੱਥ ਨ ਆਵੈ, ਜਦੋਂ ਬਦਲ ਜਾਣ ਪੜਛਾਵੇਂ
ਜੱਗ ਤੇ ਥਿਰ ਕੋਇ ਨਹੀਂ ਰਹਿੰਦਾ, ਜੋ ਆਇਆ ਸੋ ਜਾਈ
ਪੜ੍ਹ ਸੋਚ ਵਿਚਾਰ ਕੈ ਮਨ ਵਸਾ, ਇੰਞ ਆਪਣਾ ਮਨ ਸਮਝਾ
ਮਨ ਸਮਝਾ ਕੈ ਗੁਰ ਦਰ ਜਾਹ, ਇਹ ਰੱਬ ਮਿਲਣ ਦਾ ਰਾਹ
ਦੂਰ ਸੱਜਣ ਘਰ ਰਾਤ ਡਰਾਵੈ, ਮੁੜ ਪਿੱਛੇ ਵੇਖ ਨਾ ਕਾਈ
ਗੁਰ ਦੀਖਿਆ ਚਿੱਤ ਵਸਾ, ਚਿੱਤ ਹਰਿ ਨਾਮ ਹਰੇ ਹਰਿ ਗਾ
ਜਿਹਵਾ ਹਰਿ ਬੋਲੈ ਮਨ ਟੋਲੈ, ਯਾਰ ਦੀ ਮੂਰਤ ਚਿੱਤ ਵਸਾ

ਮਨ ਗਾਵੈ ਜਿਹਵਾ ਧਿਆਵੈ, ਮਨ ਬਿਗਸੈ ਹਰਿ ਹਰਿ ਗਾਈ
ਪ੍ਰਭ ਸਤਿਗੁਰ ਮੈਂ ਭੇਦ ਨ ਕਾਈ, ਚਿੱਤ ਲਾ ਸੁਣ ਲਿਓ ਲੁਕਾਈ
ਚਿੱਤ ਚਰਣੀ ਲਾਈ ਹਰਿ ਮਨ ਵਸਾਈ, ਗੁਰ ਤੱਤੈ ਤੱਤ ਮਿਲਾਈ
ਚਿੱਤ ਲਾਇ ਭਰਮ ਮਿਟਾਇ, ਭਰਮ ਭਾਗੈ ਹਰਿ ਗੁਣ ਗਾਈ
ਅਗਮ ਅਗੋਚਰ ਪ੍ਰਭ ਸੁਆਮੀ, ਹਰਿ ਪ੍ਰਭ ਕੀ ਮੈਂ ਸਾਰ ਨ ਜਾਣੀ
ਖੋਜ ਥੱਕੀ ਮੈਂ ਮੰਦਰ ਗੁਰਦੁਆਰੇ, ਮਨ ਦਾ ਦਰਪਣ ਪ੍ਰਭੂ ਸੁਆਮੀ
ਨਿਰਮਲ ਮਨ ਮੈਂ ਸੱਚ ਸਮਾਵੈ, ਸਾ ਪ੍ਰੱਭ ਸੱਚੇ ਬਣਤ ਬਣਾਈ
ਹਸਤੀ ਮਸਤੀ ਚਾਰ ਦਿਹਾੜੇ, ਮਗਰੋਂ ਆ ਜਾਵਣ ਦਿਨ ਮਾੜੇ
ਅੰਤ ਸਮੈਂ ਕੋਈ ਸੰਗ ਨ ਸਾਥੀ, ਮਾਇਆ ਮਮਤਾ ਘਰ ਉਜਾੜੇ
ਬੈਂਸ ਧਿਆਵੈ ਹਰਿ ਪ੍ਰਭ ਭਾਵੈ, ਹਰਿ ਮਨ ਮਹਿ ਹੋਇ ਸਹਾਈ

ਤਨ ਮਨ ਹਰਿ

ਤਨ ਮਹਿ ਪ੍ਰਭ ਮਨ ਬਣਾਇਆ, ਮਨ ਮਹਿ ਨਾਮ ਨਿਰੰਜਣ ਪਾਇਆ
ਤਨ ਮਨ ਮਹਿ ਜਨ ਹਰਿ ਖੋਜੋ, ਹਰਿ ਮਨ ਮਹਿ ਰਿਹਾ ਸਮਾਈ ਹੇ

ਹਰਿ ਪ੍ਰਭ ਹਰ ਜਾ ਹਰ ਜਾਈ, ਮਨ ਮਾਹਿ ਹਰਿ ਰਿਹਾ ਸਮਾਈ
ਮਨ ਹੈ ਹਰਿ, ਹਰਿ ਪ੍ਰਭ ਮਨੂਆ, ਮਨ ਹੀ ਮਨਿ ਹਰਿ ਖੋਜੋ ਭਾਈ
ਮਨ ਮਹਿ ਸਿਮਰੋ ਹਰਿ ਹਰਿ ਨਾਮਾ, ਵੇਦ ਗੁੰਥਾਂ ਪਾਈ ਦੁਹਾਈ ਹੇ
ਸੁਭ ਘੜੀ ਜਿਤ ਨਾਮ ਧਿਆਵੈ, ਨਾਮ ਧਿਆਇ ਅਮ੍ਰਿਤ ਫਲ ਪਾਵੈ
ਵੇਲਾ ਵਖਤ ਜੋ ਜਨ ਵਿਚਾਰੈ, ਤਿਸ ਜਨ ਕੌ ਹਰਿ ਨਾਮ ਨ ਭਾਵੈ
ਅੱਠੇ ਪਹਿਰ ਧਿਆਈਐ ਨਾਮਾ, ਹਰਿ ਨਾਮਾ ਮਨ ਵਸ ਜਾਈ ਹੇ
ਭਸਮ ਚੜ੍ਹਾਵੈ ਨਿੱਤ ਧਰਤੀ ਧਾਵੈ, ਧਾਇਆ ਮਨ ਵਸ ਨ ਆਵੈ
ਨਾ ਮਨਿ ਸੋਚੈ ਨ ਮਨ ਸਮਝੈ, ਜੰਗਲ ਗਾਹਿਆ ਬਾਇ ਨ ਪਾਵੈ
ਵਿਭੂਤ ਲਗਾਏ ਭਰਮ ਭਰਮਾਇ, ਮੇਰੇ ਹਰਿ ਪ੍ਰਭ ਸਾ ਨ ਭਾਈ ਹੇ
ਸਤਿਗੁਰ ਬਾਝੋਂ ਨਾਮ ਨ ਭਾਵੈ, ਬਿਨ ਸਬਦੇ ਮਨ ਨਾਹਿ ਸਮਾਵੈ
ਸਤਿਗੁਰ ਦਾਤਾ ਪੁਰਖ ਬਿਧਾਤਾ, ਸਤਿਗੁਰ ਬਾਝੋਂ ਗਿਆਨ ਨ ਆਵੈ
ਹਰਿ ਗੁਰ ਨਾਮ ਜਪੋ ਮਨ ਮੇਰੇ, ਹਰਿ ਸਤਿਗੁਰ ਮਾਹਿ ਸਮਾਈ ਹੇ
ਸਰਬ ਨਿਰੰਜਣ ਜਗਤ ਉਪਾਇਆ, ਵਿਚੇ ਪਾਈ ਮਾਈ ਮਾਇਆ
ਮਾਇ ਭੁਵੰਗਮ ਸਪਤ ਪਾਤਾਲੈ, ਭਰਮ ਭੁਲਾਣੇ ਨੇਹ ਰਚਾਇਆ
ਵਿਸ ਘੋਲੈ ਵਿਸ ਡੋਲ੍ਹ ਵਿਰੋਲੈ, ਡੰਗ ਮਾਰ ਮਾਰੈ ਮਾਇ ਮਾਈ ਹੇ
ਮਨਮੁਖ ਹਰਿ ਨਾਮ ਨ ਧਿਆਵੈ, ਪਾਠ ਪੜ੍ਹ ਜੱਗ ਤਾਈਂ ਸੁਣਾਵੈ

ਆਪ ਨ ਸਮਝੈ ਔਰਨ ਸਮਝਾਵੈ, ਪੰਡਿ ਗਿਆਨੀ ਮੁੱਲਾ ਅਖਵਾਵੈ
ਸਤਿਗੁਰ ਬਾਝੋਂ ਮਨ ਨ ਧ੍ਰਾਪੈ, ਨਾ ਜਨਮ ਮਰਨ ਦੁਖ ਜਾਈ ਹੇ
ਤਨ ਮਹਿ ਮਨਿ ਮਨ ਖੋਜੋ ਭਾਈ, ਮਨ ਮਹਿ ਹਰਿ ਰਿਹਾ ਸਮਾਈ
ਅਮ੍ਰਿਤ ਨਾਮ ਸਤਿਗੁਰੂ ਸੁਣਾਵੈ, ਸਬਦ ਗਾਇ ਭਰਮ ਮਿਟ ਜਾਈ
ਹਰਿ ਸਤਿਗੁਰ ਮਹਿ ਭੇਦ ਨ ਕਾਈ, ਗੁਰ ਸੇਵਣ ਹਰਿ ਧਿਆਈ ਹੇ

ਹਰਦਮ ਸਰਗਮ

ਹਰ ਦਮ ਲਾਇ ਸਰਗਮ, ਹਰਿ ਧਿਆਇ ਮਨ ਹਰ ਦਮ
ਅੰਤ ਕਾਲ ਹਰਿ ਸਿਮਰੀਐ, ਸਹਿਲਾ ਨਿਕਲੈ ਦਮ

ਸਭਨਾ ਮਰਨਾ ਆਇਆ, ਜੋ ਜੰਮਿਆਂ ਸੋ ਮਰਨਾ
ਮੌਤ ਕੋਈ ਖ਼ਤਾ ਨਹੀਂ, ਬੈਂਸ ਕਿਉਂ ਮਰਨੋ ਡਰਨਾ
ਮੌਤ ਜ਼ਿੰਦਗੀ ਦਾ ਹਿੱਸਾ, ਮੋਇਆਂ ਬਾਝ ਮਿਟੈ ਨ ਕਿੱਸਾ
ਤ੍ਰੈ ਭਵਣ ਜਨ ਗਣ ਕੂ ਦਿੱਤਾ, ਚੌਥਾ ਕਿਸੈ ਨ ਡਿੱਠਾ
ਪ੍ਰਭ ਇੰਵ ਤਣਿਆਂ ਤਾਣਾ, ਮਰਿਆਂ ਮਗਰੋਂ ਕਿੱਥੇ ਜਾਣਾ
ਅੱਗੇ ਰਾਹ ਕਿਸੈ ਨ ਡਿੱਠਾ, ਇਸ ਕਾਰਨ ਮੌਤ ਡਰਾਣਾ
ਸੱਟ ਵੱਜੈ ਲਹੂ ਬਹਿ ਜਾਵੈ, ਤਨ ਮਨ ਕੂ ਸੱਟ ਡਰਾਵੈ
ਸਭ ਤੋਂ ਵੱਡੀ ਸੱਟ ਮੌਤ, ਇਸ ਕਾਰਨ ਮਰਨ ਘਬਰਾਵੈ
ਮੌਤ ਬਾਝੋਂ ਜਿੰਦ ਅਧੂਰੀ, ਮਰ ਕੇ ਮੰਜ਼ਿਲ ਹੋਵੇ ਪੂਰੀ
ਆਦੋਂ ਜਿਹਦਾ ਅੰਤ ਨ ਹੋਵੈ, ਸੋ ਰਹਿ ਜਾਇ ਅਧੂਰੀ
ਜਨਮ ਮਰਨ ਪ੍ਰਭ ਆਪ ਬਣਾਇਆ, ਆਪ ਬਣਾਈ ਮੌਤ
ਮੋਇਆਂ ਨਾਮ ਨਿਸ਼ਾਨ ਮਿਟਾਵੈ, ਸਨਤਾਨ ਬਾਝ ਸਭ ਔਤ
ਚੇਤੇ ਉਹਨੂੰ ਕਰਿਆ ਕਰ, ਜਿਨ ਇਹ ਜਗ ਸਾਜਿਆ
ਖਾਣ ਪਾਣ ਸੰਗ ਬਣਾਵੈ, ਪ੍ਰਭ ਪੂਰਨ ਸਾਜ ਨਿਵਾਜਿਆ
ਹਰਿ ਜੂ ਬਣਤ ਬਣਾਇ ਕੈ, ਖੁਦ ਜਿਣਸ ਕੂ ਪਰਖੈ
ਹਰਿ ਸਾਜਿਆ ਸਗਲ ਸੁਭਸ, ਕੁਝ ਅਵਰ ਨ ਬਰਸੈ
ਹਰ ਸ਼ੈ ਇਕ ਧਾਗੇ ਪਾਇ, ਸੂਰਜ ਆਵੈ ਚੰਦ ਛੁਪਾਇ
ਹਰਿ ਹਰਿ ਨਾਮ ਧਿਆਇ, ਮਨ ਚਾਨਣ ਹੋਇ ਜਾਇ
ਹਰ ਦਮ ਹਰਿ ਧਿਆਇ, ਸਭ ਭੌ ਭਰਮ ਮਿਟ ਜਾਇ
ਹਰਿ ਧਿਆਇ ਚਿੱਤ ਲਾਇ, ਧਾਇਆ ਮਨ ਵਸ ਆਇ
ਧਾਇਆ ਮਨ ਵਸ ਆਇ, ਜਬ ਸਤਿਗੁਰ ਸਬਦ ਕਮਾਇ

ਹਰਿ ਹਰਿ ਨਾਮ ਜਪੰਦਿਆਂ, ਹਰਿ ਮਨ ਮਾਹਿ ਸਮਾਇ

ਰਾਮ ਮਨ ਮਾਹਿ

ਮਨ ਰੇ ਮਨ ਦੀ ਸੁਣ ਕੈ, ਤੂੰ ਮਨ ਦਾ ਤਾਲਾ ਖੋਲ੍ਹ
ਮਨ ਮਹਿ ਰਾਮ ਸਮਾਇਆ, ਹਰਿ ਵਸਦਾ ਹਿਰਦੈ ਕੋਲ

ਮਨ ਟੁੱਭੀ ਲਾ ਨਾਮ ਧਿਆ, ਇਹ ਰੱਬ ਮਿਲਣ ਦਾ ਰਾਹ
ਜਿਉਂ ਗਹਿਰਾ ਤਿਉਂ ਸੁਖ ਘਣਾ, ਨਾਮ ਧਿਆ ਮਨ ਸਮਝਾ
ਭਾਉ ਭਾਇ ਲਾਇ ਭਾਵਨੀ, ਹਰਿ ਹਿਰਦੈ ਮਾਹਿ ਪਪੋਲ
ਮਨ ਮਹਿ ਹਰਿ ਕਾ ਵਾਸ ਹੈ, ਹਰਿ ਤਾਲਾ ਮਾਰਿਆ ਆਪ
ਹਰਿ ਹਰਿ ਨਾਮ ਧਿਆਇ ਬੈਂਸ, ਮਨ ਮਹਿ ਹੋਇ ਪਰਗਾਸ
ਹਰਿ ਧਿਆਇ ਗੁਰ ਸਰਣਾਇ, ਸਤਿਗੁਰ ਦੇਵੈ ਤਾਲਾ ਖੋਲ੍ਹ
ਹਰਿ ਸਭ ਜਗਤ ਉਪਾਇਆ, ਹਰ ਚਿੱਤ ਵਸੈ ਹਰਿ ਆਪ
ਮਨ ਚ ਮੂਰਤ ਚਿੱਤ ਚ ਸੂਰਤ, ਭਜੁ ਰਾਮ ਮਨ ਆਵੈ ਰਾਸ
ਹਰਿ ਸਭ ਤੋਂ ਨੇੜੈ ਵਸਦਾ, ਹਰਿ ਵਸਦਾ ਸ਼ਾਹ ਰਗ ਕੋਲ
ਭਾਈ ਰੇ, ਓ ਮੇਰੇ ਸਾਈਂ ਰੇ, ਨਿੱਤ ਰਾਮ ਕਹੋ ਚਿੱਤ ਲਾਇ
ਹਰਿ ਨਾਮਾ ਹਰਿ ਰੰਗ ਹੈ, ਧਿਆਇ ਰੰਗ ਮਜੀਠ ਚੜ੍ਹਾਇ
ਹਰਿ ਸਤਿਗੁਰ ਭਰੇ ਭੰਡਾਰ, ਹਰਿ ਕੁੰਜੀ ਸਤਿਗੁਰ ਕੋਲ
ਬਬੀਹੇ ਜਲ ਮੈ ਵਾਸ ਕਰ, ਤੋਹਿ ਜਲ ਕੀ ਤਿਖਾ ਸਤਾਇ
ਹਰਿ ਭਾਵੈ ਹਰਿ ਨਾਮ ਜਪਾਵੈ, ਹਰਿ ਬਰਸੈ ਛਹਿਬਰ ਲਾਇ
ਮੇਘਾ ਬਰਸੈ ਹਰਿ ਚਿੱਤ ਆਵੈ, ਹਰਿ ਅਮ੍ਰਿਤ ਨਾਮ ਅਮੋਲ
ਗੁਰ ਸਤਿਗੁਰ ਹਰਿ ਸਨਮੁੱਖ ਹੈ, ਗੁਰ ਹਰਿ ਨਾਮ ਧਿਆਇ
ਹਰਿ ਨਾਮ ਸਤਿਗੁਰ ਬਖਸਿਆ, ਜਪੁ ਨਾਮ ਮਨ ਬਿਗਸਾਇ
ਗੁਰ ਦੀਖਿਆ ਪਾ ਹਰਿ ਨਾਮ ਧਿਆ, ਮਨੁ ਮਨ ਪੜਦਾ ਖੋਲ੍ਹ
ਹਰਿ ਪ੍ਰਭ ਤੇਰੈ ਸਾਥ ਸੰਗ, ਹਰਿ ਨਾਮ ਭਜੋ ਚਿੱਤ ਲਾਇ
ਹਰਿ ਹਰਿ ਨਾਮ ਜਪੰਦਿਆਂ, ਜਨਮ ਮਰਨ ਦੁਖ ਜਾਇ
ਹਰਿ ਭਜਿ ਹਿਰਦੈ ਖੋਜ ਨਿੱਤ, ਹਰਿ ਵਸਦਾ ਹਿਰਦੈ ਕੋਲ
ਹਰਿ ਹਰਿ ਨਾਮ ਧਿਆਇ ਬੈਂਸ, ਛੱਡ ਸਾਰੇ ਜੱਗ ਦੇ ਧੰਦੇ
ਸਤਿਗੁਰ ਚਰਣੀ ਜਾਇ ਲੱਗ, ਗੁਰ ਕਾਟੈ ਜਮ ਕੇ ਫੰਧੇ
ਸਬਦ ਕਮਾਇ ਚਿੱਤ ਚਰਣੀ ਲਾਇ, ਸਤਿਗੁਰ ਮੰਤ ਨਿਰੋਲ

ਚਿੱਤ ਚੈਨ

ਚਾਰ ਕੁੰਠ ਚੌ ਦੇਸ ਭ੍ਰਮ, ਇਸ ਮਨ ਕੂ ਚੈਨ ਨ ਆਇਆ
ਚੰਚਲ ਮਨ ਭਰਮਾਂ ਫਾਥਾ, ਤਿਸ ਹਰਿ ਨਾਮ ਨ ਭਾਇਆ
ਖਾਣ ਪਾਣ ਸਭ ਬਖਸਦਾ, ਮੇਰੇ ਪ੍ਰਭ ਸੱਚੇ ਕਾ ਪਰਤਾਪ
ਮਾਣ ਵਧਾਵੈ ਨਾਮ ਧਿਆਵੈ, ਹਰਿ ਨਾਮ ਨ ਆਵੈ ਰਾਸ
ਨਾ ਰੱਬ ਵਸਦਾ ਮੱਕੇ ਕਾਬੇ, ਨਾ ਮੰਦਿਰ ਹਰਮੰਦਿਰ ਵਾਸ
ਪ੍ਰਭ ਮਿਲਦਾ ਨਾਮ ਧਿਆਇ ਕੈ, ਗੁਰਬਚਨ ਕਰੈ ਪਰਗਾਸ
ਤੀਰਥ ਜਾਇ ਜਨ ਗਨ ਨ੍ਹਾਏ, ਮਨ ਅੰਦਰ ਮਲ ਨਾ ਲਾਹਿ
ਮਨ ਨਿਰਮਲ ਹਰਿ ਨਾਮ ਜਪੁ, ਇਤ ਬਿਧ ਤਰਿਆ ਜਾਇ
ਸਤਿਗੁਰ ਬੇੜੀ ਬਚਨ ਮਲਾਹ, ਭਵ ਸਾਗਰ ਪਾਰ ਤਰਾਇ
ਬਚਨ ਕਮਾਇ ਨਾਮ ਧਿਆਇ, ਰਾਮ ਸਿਮਰ ਗਤ ਪਾਇ
ਸਤਿਗੁਰ ਦਾਤਾ ਹਰਿ ਨਾਮ ਕਾ, ਹਰਿ ਹਰਿ ਸਿਮਰੋ ਭਾਈ
ਹਰਿ ਨਾਮ ਭਜਿ ਹਰਿ ਨਾਮ ਸੁਣ, ਜਨਮ ਮਰਨ ਦੁਖ ਜਾਈ
ਹਰਿ ਹਰ ਜਾ ਹਰ ਜਾਇ, ਹਰਿ ਸਭ ਮੈ ਰਿਹਾ ਸਮਾਇ
ਨਾਮ ਧਿਆਇ ਚਿੱਤ ਚਰਣੀ ਲਾਇ, ਹਰਿ ਕੀ ਮੰਨ ਰਜਾਇ
ਨਾਮ ਧਿਆਵੈ ਮਨ ਨ ਭਾਵੈ, ਮਨ ਕਰੈ ਨਾ ਮਾਹੀ ਯਾਦ
ਨਾਮ ਧਿਆਵੈ ਫਲ ਨ ਪਾਵੈ, ਜਬ ਲਗ ਨ ਲਗੈ ਬੈਰਾਗ
ਲੈ ਤੋਸਾ ਹਰਿ ਨਾਮ ਕਾ, ਤਿਸ ਖਾਇ ਮਨ ਤ੍ਰਿਪਤਾਇ
ਨ ਭੂਖ ਪਿਆਸ ਸੰਤਾਪਈ, ਹਰਿ ਨਾਮਾ ਤਿਖਾ ਬੁਝਾਇ
ਜਿਨ ਹਰਿ ਨਾਮ ਨ ਚੇਤਿਆ, ਸੋ ਕਾਹਿ ਜੱਗ ਆਇ
ਏਕਸ ਹਰਿ ਕੇ ਨਾਮ ਬਿਨ, ਸਭ ਜਮ ਦਰ ਬਾਧੇ ਜਾਇ
ਮਨਮੁਖ ਨਾਮ ਨ ਚੇਤਈ, ਤਿਸ ਹਰਿ ਨਾਮ ਨ ਭਾਇ
ਸੁੰਵੇ ਘਰ ਕਾ ਪਾਹੁਣਾ, ਜਿਉਂ ਆਇਆ ਤਿਉਂ ਜਾਇ
ਸਤਿਗੁਰ ਸਰਣ ਸਾਧ ਸੰਗ, ਬੈਂਸ ਹਰਿ ਨਾਮ ਧਿਆਇ
ਸਤਿਗੁਰ ਸਰਣੀ ਲੱਗਿਆਂ, ਹਰਿ ਨਾਮ ਵਸੈ ਮਨ ਆਇ

ਨਿਰਗੁਣ ਸਰਗੁਣ

ਇਕ ਕਵਾਇ ਜੱਗ ਉਪਾਇਆ, ਵਿਚ ਪਾਈ ਮਾਈ ਮਾਇਆ
ਕਰਮ ਕਮਾਇ ਜੱਗ ਸਰਾਹੇ, ਸੁਭ ਕਰਮ ਗੁਣ ਬਣ ਆਇਆ
ਕਰਮ ਕਮਾਵੈ ਧਰਮ ਕਮਾਵੈ, ਸੁਭ ਗੁਣ ਸਰਗੁਣ ਅਖਵਾਵੈ
ਰੱਬ ਵਾਉ ਜੱਗ ਲਗਾਵੈ, ਨਿਰਗੁਣ ਸਰੂਪ ਸਰਗੁਣ ਬਣ ਆਵੈ

ਮਿੱਟੀ ਜਲ ਮਿਲਾ ਜਾਗ ਪੌਣ ਦਾ ਲਾ, ਵਿਚ ਪਾਈ ਹਰਿ ਜਾਨ
ਨਿਰਮਲ ਪੌਣ ਪਾਣੀ ਸੰਗ ਮਾਟੀ, ਹਰ ਜਾਨ ਚ ਵਸੈ ਭਗਵਾਨ
ਸੱਚ ਖੰਡ ਵਸੈ ਹਰਿ ਮੇਰਾ, ਜਿੱਥੈ ਕਦੀ ਨ ਹੋਵੈ ਸਾਂਝ ਸਵੇਰਾ
ਜਪ ਤਪ ਸੰਜਮ ਬਰਤ ਨ ਪੂਜਾ, ਨਾ ਦੀਸੇ ਕੋਇ ਤੇਰਾ ਮੇਰਾ
ਹਰਿ ਨਿਰਗੁਣ ਗੁਣ ਨਹਿ ਢੋਇ, ਸੋ ਹਰਿ ਪ੍ਰਭ ਸਾਚਾ ਸੋਇ
ਹਰ ਜਾਨ ਹਰਿ ਆਪ ਸਮੋਇ, ਹਰ ਸ਼ੈ ਬਾਪੀ ਨਿਰਗੁਣ ਹੋਇ
ਗੁਰ ਸਤਿਗੁਰ ਪਾਰਬ੍ਰਹਮ ਪਰਮੇਸੁਰ, ਸੈ ਭੰ ਨਿਰਗੁਣ ਆਪ
ਹਰਿ ਪ੍ਰਭ ਆਪ ਸਜਾਇਆ, ਸਰਗੁਣ ਹੋਇ ਪ੍ਰਭ ਪਰਤਾਪ
ਹਰਿ ਜੱਗ ਸਾਜਿਆ ਏਕ ਕਵਾਇ, ਸੰਗ ਦੀਆ ਪੇਟ ਲਗਾਇ
ਪੇਟ ਲਗਾਇ ਖਾਣ ਸੰਗ ਬਣਾਇ, ਕਰਮ ਧਰਮ ਸੰਗ ਲਾਇ
ਧਰਮ ਕਮਾਇ ਜੱਗ ਬਿਗਸਾਇ, ਸੋ ਸੁਭ ਗੁਣ ਬਣ ਆਇ
ਸੁਭ ਕਰਮਨ ਸਰਗੁਣ ਆਖੀਐ, ਮੇਰੇ ਸੱਚੇ ਸਤਿਗੁਰ ਭਾਖੀਐ
ਹਰਿ ਜਨ ਪ੍ਰਭ ਖੁਦ ਥਾਪੀਐ, ਹਰ ਮਨ ਮਹਿ ਪ੍ਰਭ ਨਿਵਾਸੀਐ
ਪ੍ਰਭ ਨਿਰਗੁਣ ਜਨ ਸਾਜਿ, ਸ਼ਕਲ ਸੂਰਤ ਵਰਨ ਇਕ ਜ਼ਾਤਿ
ਭੇਦ ਭਾਵ ਜਨ ਆਪ ਬਣਾਵੈ, ਸਰਗੁਣ ਮਾਇਆ ਕਾ ਪਰਤਾਪ
ਕਰਮ ਧਰਮ ਊਚ ਨੀਚ ਬਣਾਵੈ, ਜਨ ਵੇਖ ਲਿਓ ਨਿਰਜਾਸ
ਹਰਿ ਜਨ ਪ੍ਰਭ ਸਾਜ ਨਿਵਾਜਿਆ, ਨਿਰਗੁਣ ਸਤਿਗੁਰ ਆਪ
ਕਰਮ ਕਮਾਵੈ ਸਭ ਲਿਖ ਆਵੈ, ਹਰਿ ਮਨ ਮਹਿ ਕਰੈ ਨਿਵਾਸ
ਗੁਰ ਦਾਤਾ ਪੁਰਖ ਵਿਧਾਤਾ, ਗੁਰਬਚਨ ਮਿਟਾਵੈ ਮਾਇਆ ਰੋਗ
ਹਰਿ ਹਰਿ ਨਾਮ ਧਿਆਇ ਬੈਂਸ, ਭੰਜਨ ਜੋਗ ਸੰਜੋਗ ਵਿਯੋਗ
ਨਿਰਗੁਣ ਸਾ ਅਵਸਥਾ, ਜਿੱਥੈ ਗੁਣ ਅਵਗੁਣ ਨਹਿੰ ਕੋਇ
ਸਰਗੁਣ ਸਾ ਸੁਬੁੱਧ ਮਨ, ਜਿੱਥੈ ਸੁਭ ਗੁਣ ਪਰਗਟ ਹੋਇ
ਅਵਗੁਣ ਸਾ ਬਿਰਥਾ, ਜਿੱਥੈ ਅਸੁਭ ਗੁਣ ਆਇ ਖਲੋਇ
ਸਰਗੁਣ ਅਵਗੁਣ ਮਨ ਕੀ ਬਿਰਥਾ, ਹਰਿ ਭਾਵੈ ਸੋ ਹੋਇ
ਨੱਕ ਨੱਥ ਫੜ ਖਸਮ ਹੱਥ, ਜਿਉਂ ਹਰਿ ਭਾਵੈ ਤਿਵੈ ਚਲੋਇ
ਸੁਭ ਕਰਮ ਰਸਮ ਰਵਾਜ ਬਣਾਵੈ, ਸੋ ਪਾਲ ਧਰਮ ਬਣ ਆਵੈ
ਧਰਮ ਸਭਿਅਤਾ ਦਾ ਆਚਰਣ, ਮਿਲ ਰਸਮ ਰਵਾਜ ਚਲਾਵੈ
ਆਚਰਣ ਹਰਿ ਪ੍ਰਭ ਥਾਪਿਆ, ਹਰਿ ਧਿਆਵੈ ਧਰਮ ਮੁੱਕ ਜਾਵੈ
ਜਬ ਸੁਭ ਕਰਮ ਕਰ ਜੱਗ ਵਖਾਵੈ, ਸੋ ਕਰਮ ਗੁਣ ਬਣ ਆਵੈ
ਕਰਮ ਕਮਾਇ ਧਰਮ ਕਮਾਇ, ਕਰਮ ਧਰਮ ਸਰਗੁਣ ਅਖਵਾਵੈ
ਸਰਗੁਣ ਅਵਗੁਣ ਜੱਗ ਲਈ ਬਣਾਇਆ, ਨਿਰਗੁਣ ਪ੍ਰਭ ਆਪ
ਬੈਂਸ, ਜੋ ਕਮਾਵੈਂ ਸੋ ਫਲ ਪਾਵੈਂ, ਪ੍ਰਭ ਬਦਲਾਵੈ ਨਾ ਇਕ ਮਾਤ

ਉਹ ਵੱਡਾ ਉਹਦਾ ਨਾਂ ਉਚੱਾ, ਉਚੱ ਕਚਹਿਰੀ ਉਚੱ ਇਨਸਾਫ
ਇਕ ਤੱਕੜੀ ਤੋਲੈ ਮੂਲ ਨ ਡੋਲੈ, ਇਤ ਅਦਲ ਕਰੈ ਪ੍ਰਭ ਆਪ
ਸੱਚ ਖੰਡ ਮਹਿ ਹਰਿ ਪ੍ਰਭ ਵਸੈ, ਜਿਸ ਜਾ ਕੋਇ ਨ ਹੋਵੈ ਕੂਰਾ
ਹਰਿ ਸੰਗ ਹਰਿ ਜਨ ਵਸੈ, ਜਿਨ ਧਿਆਇਆ ਸਤਿਗੁਰ ਪੂਰਾ
ਤਿੱਥੈ ਕਰਮ ਨਹੀਂ ਕੋਈ ਧਰਮ ਨਹੀਂ, ਨਾਹਿੰ ਕੋਈ ਬ੍ਰਤ ਪੂਜਾ
ਤਿੱਥੇ ਹਰਿ ਹੀ ਹਰਿ ਅਰਾਧੀਐ, ਕੋਇ ਅਵਰ ਨਾ ਪੂਜੈ ਦੂਜਾ
ਕੋਈ ਜ਼ਾਤ ਨਹੀਂ ਕੋਈ ਪਾਤ ਨਹੀਂ, ਨਾ ਊਚ ਨੀਚ ਬਿਉਹਾਰ
ਸਤਿਗੁਰ ਸਰਣ ਸੰਤ ਸੋਭਾ ਸਾਧ ਸੰਗ, ਸੋਈ ਉਤਰਿਆ ਪਾਰ
ਮਾਣ ਨ ਤਾਣ ਨ ਭਰਮ ਕੋਇ, ਭਗਤਿ ਭਾਇ ਹਰਿ ਭਾਵੈ ਸੋਇ
ਜਿਨ ਸਤਿਗੁਰ ਹਰਿ ਮਾਨਿਆਂ, ਹਰਿ ਹਿਰਦੈ ਪਰਗਟ ਹੋਇ

ਚੇਤ ਅਚੇਤ

ਭੇਦ ਯਾਰ ਦਾ ਪਾਉਣਾ ਜੇ, ਹਰਿ ਹਰਿ ਨਾਮ ਧਿਆ ਬੰਦੇ
ਅਚੇਤ ਮਨ ਸੁਭ ਕਰਮ ਕਮਾ, ਛਾਡ ਸਭ ਜੱਗ ਦੇ ਧੰਦੇ
ਚੇਤੇ ਕਰ ਸੱਖਣੇ ਮਾਹੀ ਨੂੰ, ਸਵਰਨ ਰਹੋ ਸਦਾ ਸਨਮੁੱਖ
ਜਿਹਵਾ ਨਾਮ ਮਨ ਮੈ ਧਿਆਨ, ਭੁੱਲ ਜਾਣ ਸਭ ਸੁਖ ਦੁਖ
ਜੱਗ ਵਿਚ ਇਸ ਲਈ ਘੱਲਿਆ, ਜੇ ਉਹਦਾ ਬਣ ਜਾਵੈਂ
ਮਨ ਖੋਜ ਹਰਿ ਨਾਮ ਭਜੁ, ਮੁੜ ਬਹੁੜ ਜਨਮ ਨ ਆਵੈਂ
ਸੱਦਾ ਜਦੋਂ ਲੈ ਆ ਬਹੁੜੇ, ਤੂੰ ਪਿੱਛੇ ਲੱਗ ਟੁਰ ਜਾਣਾ
ਫੜ ਕਸਾਈਆਂ ਘੱਤਣਾ, ਮੁੱਕ ਜਾਣਾ ਸਭ ਮਾਣਾ ਤਾਣਾ
ਚੇਤ ਮਨ ਸੁਭ ਕਰਮ ਕਮਾ, ਇਤ ਮਨ ਦੇ ਕੱਟਣ ਰੋਗ
ਨਾਮ ਧਿਆਇ ਗੁਰ ਸਰਣਾਇ, ਹਰ ਘੜੀ ਹਰ ਪਲ ਰੋਜ਼
ਨ੍ਹਾਤਿਆਂ ਸਰੀਰ ਨਿਰਮਲ ਹੋਵੈ, ਧੋਤਿਆਂ ਪਹਿਰਣ ਪਾਣ
ਨਾਮ ਜਪੁ ਮਨ ਨਿਰਮਲ ਹੋਵੈ, ਬੈਂਸ ਸਹਿਜੇ ਨਿਕਲਣ ਪ੍ਰਾਣ
ਪਾਠ ਪੜ੍ਹਿਆਂ ਮਨ ਸਾਫ ਨਾ ਹੋਵੈ, ਹੋਵੈ ਅਮਲ ਕਮਾਇ
ਪੜ੍ਹ, ਸਮਝ ਕੈ ਅਮਲ ਕਰ, ਭਜੁ ਹਰਿ ਨਾਮਾ ਚਿੱਤ ਲਾਇ
ਹਰਿ ਪ੍ਰਭ ਕਿਧਰੇ ਦੂਰ ਨਹੀਂ, ਹਰਿ ਮਨ ਮਾਹਿ ਸਮਾਵੈ
ਸਤਿਗੁਰ ਸਰਣੀ ਲੱਗਿਆਂ, ਮਨ ਮਹਿ ਪਰਗਟ ਹੋਇ ਆਵੈ
ਗੁਰ ਦੀਖਿਆ ਸਤਿ ਕਰ ਮਾਨ, ਮਨ ਕਾ ਤਿਆਗ ਗੁਮਾਨ
ਚਿੱਤ ਲਾਇ ਗੁਰ ਧਿਆਇ, ਮਨ ਸੁਚੇਤ ਹੋਇ ਅਣਜਾਣ
ਸਤਿਗੁਰ ਦਾਤਾ ਹਰਿ ਨਾਮ ਕਾ, ਗੁਰ ਸਮਝਾਵੈ ਹਰਿ ਨਾਮ

ਬਚਨ ਕਮਾਇ ਗੁਰ ਸਰਣਾਇ, ਗੁਰ ਖਿੰਚੈ ਹਰਿ ਵੱਲ ਧਿਆਨ
ਗੁਰ ਸਤਿਗੁਰ ਹਰਿ ਪਰਮੇਸਰ, ਗੁਰ ਬਿਨ ਨਾਮ ਨ ਭਾਵੈ
ਜਿਨ ਗੁਰ ਹਰਿ ਕਰ ਜਾਣਿਆਂ, ਗੁਰ ਹਰਿ ਕਾ ਭੇਦ ਬਤਾਵੈ
ਗੁਰ ਗਉਹਰ ਪ੍ਰਭ ਜਾਣੀਐਂ, ਗੁਰ ਹਰਿ ਪ੍ਰਭ ਭੇਦ ਨ ਭਾਈ
ਹਰਿ ਹਰਿ ਨਾਮ ਜਪੰਦਿਆਂ, ਹਰਿ ਮਨ ਮਹਿ ਹੋਇ ਸਹਾਈ

ਰੱਬ ਮਨਾਉਣਾ

ਪਾਠ ਪੜ੍ਹੈ ਪੜ੍ਹ ਸਬਦ ਸੁਣਾਵੈ, ਸਿੱਖ ਸਖਾ ਬਣ ਆਵੈ
ਪੜ੍ਹੈ ਰਾਮਾਇਣ ਭਗਵਤ ਗੀਤਾ, ਹਿੰਦੂ ਨਾਮ ਰਖਾਵੈ
ਘਰ ਛੱਡ ਭਵੈ ਬਨਵਾਸਾ, ਸਨਿਆਸੀ ਜੰਗਲ ਧਾਵੈ
ਮੂੰਡ ਮੁੰਡਾਇ ਭਸਮ ਲਗਾਇ, ਸਾਧੂ ਸੁੱਧ ਲਗਾਵੈ
ਘੁੰਗਰੂ ਪਾਇ ਛਣ ਛਣਕਾਇ, ਭੈਰਵ ਭਾਵ ਰਖਾਵੈ
ਮੱਥੇ ਰਗੜੈ ਪੜ੍ਹੈ ਨਮਾਜ਼ਾਂ, ਮੋਮਨ ਚਿੱਤ ਬਣ ਆਵੈ
ਕਰੈ ਬਦਗੋਈ ਮਲ ਮਨ ਭਰੋਈ, ਈਸ ਮੂਸ ਕਹਿਲਾਵੈ
ਨੱਕ ਮੁੰਦਾਵੈ ਮਾਸ ਨ ਖਾਵੈ, ਜੈਨੀ ਜਨ ਹੋਇ ਆਵੈ
ਸਿੱਧ ਸਿਧਾਰਥ ਬੁੱਤ ਅਕਾਰਥ, ਬੋਧੀ ਬੁੱਧ ਬਣਾਵੈ
ਕੰਨ ਪੜਾਵੈ ਮੁੰਦਰਾਂ ਪਾਵੈ, ਇਤ ਜੋਗੀ ਜੋਗ ਕਮਾਵੈ
ਪੰਚ ਕੱਕ ਕਕਾਰ ਪਹਿਨਾਵੈ, ਸਿੱਖ ਸਿੰਘ ਬਣ ਜਾਵੈ
ਸ਼ਰਤ ਮਨਾਵੈ ਢਕਭੰਜ ਵਖਾਵੈ, ਸਿੱਧ ਪੀਰ ਹੋਇ ਆਵੈ
ਭਗਵੇ ਪਹਿਰਾਵੈ ਸੋ ਮੰਗਣ ਜਾਵੈ, ਦਰ ਦਰ ਧੱਕੇ ਖਾਵੈ
ਵੇਦ ਪੜ੍ਹੈ ਪੜ੍ਹ ਕਥਾ ਸੁਣਾਵੈ, ਸੋ ਸੰਤਨ ਸੰਤ ਅਖਵਾਵੈ
ਹੌਲੈ ਬੋਲੈ ਸਾਧ ਸੰਗਤ ਪੜਚੋਲੈ, ਸੋ ਭਾਸ਼ਾ ਸੰਤਨ ਭਾਵੈ
ਕੋਈ ਗਾਵੈ ਨਾਦੀਂ ਬੇਦੀਂ, ਮਨ ਘੜ ਘੜ ਕਥਾ ਸੁਣਾਵੈ
ਤੇਰੇ ਕਾਰਨ ਮੇਰੇ ਸਾਹਿਬਾ, ਜਨ ਕਿਤਨੇ ਭੇਸ ਬਣਾਵੈ
ਭੇਸ ਬਣਾਵੈ ਸਿੱਧ ਪੀਰ ਅਖਵਾਵੈ, ਪ੍ਰਭ ਭਾਵੈ ਨਾ ਭਾਵੈ
ਪ੍ਰਭ ਧਿਆਇ ਰਾਮ ਰਜਾਇ, ਕੋਇ ਭੇਸ ਨ ਰਾਮ ਰੁਝਾਵੈ
ਭਾਉ ਭਾਇ ਨਿਰਭਾਓ ਧਿਆਵੈ, ਭਾਉ ਤਿਨਾ ਮਿਟ ਜਾਵੈ
ਭਾਉ ਭਾਇ ਨਾਮ ਧਿਆਵੈ, ਤਿਨ ਹਰਿ ਨਾਮ ਮਨ ਭਾਵੈ
ਮੇਰੇ ਭਾਈ ਸਾਧ ਸੰਤ ਮੀਤ, ਰਸਨਾ ਹਰਿ ਹਰਿ ਧਿਆਵੈ
ਭਜੁ ਹਰਿ ਪ੍ਰਭ ਮੇਰੇ ਮਨਾ, ਸਭ ਦੁਖ ਚਿੰਤ ਮਿਟ ਜਾਵੈ
ਮਨ ਧਿਆਵੈ ਹਰਿ ਗੁਣ ਗਾਵੈ, ਗੁਰ ਚਰਣੀ ਚਿੱਤ ਲਾਵੈ

ਗੁਰ ਸਤਿਗੁਰ ਬੈਂਸ ਧਿਆਵੈ, ਮੁਕਤ ਭੁਗਤ ਜਨ ਪਾਵੈ

ਹਰਿ ਮਨ ਮਾਹਿ

ਹਰਿ ਪ੍ਰਭ ਜੰਤ ਉਪਾਇ ਕੈ, ਵਿਚ ਹਰਿ ਮਨ ਪਾਇਆ
ਹਰਿ ਪ੍ਰਭ ਜਗਤ ਸਜਾਇ ਕੈ, ਵਿਚ ਆਪ ਸਮਾਇਆ
ਹਰ ਸ਼ੈ ਹਰ ਜਾਈ ਹਰਿ, ਮਨ ਮਹਿ ਛੁਪੈ ਛੁਪਾਇਆ
ਹਰਿ ਨਿਰਮਲ ਮਨ ਨਿਰਮਲ, ਗੁਰ ਨਿਰਮਲ ਭਾਇਆ
ਪ੍ਰਭ ਨਿਰਮਲ ਮਨ ਸਾਜਿਆ, ਮਨ ਮਹਿ ਰਾਮ ਸਮਾਇਆ
ਹਰਿ ਪ੍ਰਭ ਸਤਿਗੁਰ ਆਪ, ਗੁਰ ਮਨ ਨਿਰਮਲ ਛਾਇਆ
ਹਰਿ ਪ੍ਰਭ ਕੀ ਅੰਸ ਮਨ, ਮਨ ਨਿਰਮਲ ਪ੍ਰਭੂ ਬਣਾਇਆ
ਹਰਿ ਪ੍ਰਭ ਜਗਤ ਉਪਾਇ ਕੈ, ਸੰਗ ਪੇਟ ਲਗਾਇਆ
ਖਾਣ ਪਾਣ ਪੇਟ ਮੰਗਦਾ, ਇਸ ਲਈ ਪ੍ਰਗਟਾਈ ਮਾਇਆ
ਮਾਇਆ ਵਲ ਛਾਇਆ, ਲੋਭ ਮੋਹ ਕ੍ਰੋਧ ਮਨ ਭਾਇਆ
ਜਬ ਮਨ, ਮਨ ਮਾਨੀ ਕਰੈ, ਤੋ ਮਨ ਮੈਲ ਭਰ ਆਇਆ
ਕਾਮ ਕ੍ਰੋਧ ਲੋਭ ਕਮਾਇਆ, ਮਨ ਕਾ ਮੈਲ ਵਧਾਇਆ
ਬੇਧਰਮ ਕੁਕਰਮ ਕਮਾਇ, ਹਰਿ ਪ੍ਰਭ ਨਾਹਿ ਭਾਇਆ
ਮਨ ਮਹਿ ਰਾਮ ਸਮਾਇ, ਮਨ ਮਾਲਿਕ ਹਰਿ ਰਾਇਆ
ਜਨ ਸੁਭ ਕਰਮ ਕਮਾਵੈ, ਤਬ ਮਨ ਮੈਲ ਨਹਿੰ ਲਾਇਆ
ਮਨ ਸਮਝਾਇ ਮਲ ਲਾਹਿ, ਮਨ ਨਿਰਮਲ ਰਾਹ ਪਾਇਆ
ਮਲ ਲਾਗੈ ਤਨ ਜਬ, ਜਲ ਨ੍ਹਾਇ ਨਿਰਮਲ ਹੋਇ ਆਇਆ
ਬਹੁ ਧਾਵੈ ਕੱਪੜ ਮੈਲ ਭਰਾਵੈ, ਲਾ ਸਾਬੁਣ ਸਾਫ ਕਰਾਇਆ
ਮਨ ਮਹਿ ਹਰਿ ਪ੍ਰਭ ਵਸੈ, ਬਾਹਰ ਧੋਤੇ ਰਾਸ ਨ ਆਇਆ
ਹਰਿ ਨਾਮਾ ਜਪੁ ਜਾਪੁ ਜਪਾਇਆ, ਤੇਤਾ ਹਰਿ ਭਾਇਆ
ਹਰਿ ਨਾਮ ਧਿਆਇ, ਮੈਲਾ ਮਨ ਨਿਰਮਲ ਹੋਇ ਆਇਆ
ਮਨ ਲੋਚ ਕੈ ਪ੍ਰਭ ਖੋਜ ਲੈ, ਹਰਿ ਮਨ ਮਾਹਿ ਸਮਾਇਆ
ਸਤਿਗੁਰ ਹਰਿ ਪ੍ਰਭ ਆਪ, ਸਤਿਗੁਰ ਪ੍ਰਭ ਹਰਿ ਰਾਇਆ
ਸਤਿਗੁਰ ਸੇਵੋ ਨਾਮ ਜਪੇਵੋ, ਮਨ ਮਹਿ ਪ੍ਰਭ ਪ੍ਰਗਟਾਇਆ

ਖੱਟੀ ਵੱਟੀ

ਕਰਮ ਕੁਸੁੱਧੇ ਧਰਮ ਕੁਬੁੱਧੇ, ਮਨ ਮਹਿ ਮੈਲ ਭਰ ਆਵੈ
ਹਰਿ ਹਰਿ ਨਾਮ ਧਿਆਈਐ, ਮਨ ਨਿਰਮਲ ਹੋਇ ਜਾਵੈ

ਮਨਸਾ ਮਾਰ ਮਨੈ ਮਹਿ ਆਣੇ, ਨਾਮ ਜਪੋ ਹਰਿ ਪ੍ਰਭ ਭਾਣੈ
ਚਿੱਤ ਮਹਿ ਚਿਤਵਣੀ ਚਿੱਤੋ, ਨਾਮ ਭਜੋ ਹੋਇ ਤਾਣ ਨਿਤਾਣੇ
ਮਨ ਮਹਿ ਹਰਿ ਖੋਜੋ ਭਾਈ, ਰਾਮ ਨਾਮ ਭਜੋ ਮੇਰੇ ਭਾਈ
ਮਨ ਖੋਜੋ ਰਾਮ ਨਾਮ ਪਰਬੋਧੋ, ਮਨ ਮੈਂ ਹਰਿ ਰਿਹਾ ਸਮਾਈ
ਮਨ ਮਾਰ ਮਨ ਸਮਝਾਇ, ਇਤ ਵਿਧ ਮਨ ਵਸ ਆ ਜਾਇ
ਮਨ ਵਸ ਆਇ ਹਰਿ ਧਿਆਇ, ਸਹਿਜ ਸਮਾਧ ਲਗਾਇ
ਜੈਸੀ ਕਰਨੀ ਤੈਸੀ ਭਰਨੀ, ਕੋਈ ਬਦਲ ਨਾ ਸਕੈ ਤਕਦੀਰ
ਸੁਫਨਾ ਬਣ ਸਾਹਮਣੈ ਆਵੈ, ਕੀਤਾ ਕਰਮ ਬਣੈ ਤਸਵੀਰ
ਤੂੰ ਸੁਆਹ ਛਾਣੈ ਹਰਿ ਪ੍ਰਭ ਜਾਣੈ, ਤੇਰਾ ਮਨ ਹਰੀ ਕਾ ਰੂਪ
ਤੇਰੇ ਅੰਦਰ ਛੁਪਿਆ ਬੈਠਾ, ਛੁਪ ਛੁਪ ਵੇਖੈ ਹਰ ਕਰਤੂਤ
ਕਰਮ ਧਰਮ ਜੋ ਕਮਾਵੈਂ, ਸਭ ਤੇਰੇ ਅੰਦਰ ਲਿਖਿਆ ਜਾਵੈ
ਖੁਲ੍ਹੈ ਕਿਤਾਬ ਹੋਵੇ ਹਿਸਾਬ, ਕੀਤਾ ਕਰਮ ਸਾਹਮਣੇ ਆਵੈ
ਕਰਮ ਧਰਮ ਹਰਿ ਮਨ ਡਿੱਠਾ, ਚੰਗੇ ਕਰਮਾਂ ਦਾ ਫਲ ਮਿੱਠਾ
ਫੁੱਲ ਕੌੜੇ ਫਲ ਬਕਬਕੇ, ਬੈਂਸ ਫਿੱਕੇ ਕਰਮਾਂ ਦਾ ਫਲ ਫਿੱਕਾ
ਹੇਠ ਸਰ੍ਹਾਣੇ ਰਹਿਣ ਦਬਾਇ, ਸੁਭ ਕਰਮ ਕੁਕਰਮ ਕਮਾਇ
ਬਿਨ ਬੁਲਾਇਆਂ ਦੇਣ ਗੁਆਹੀ, ਜਦੋਂ ਸਮਾਂ ਜਾਣ ਦਾ ਆਇ
ਫਿਰ ਪਛੁਤਾਇਆਂ ਕੀ ਬਣੈ, ਜਬ ਚਿੜੀਆਂ ਚੁਗ ਗਈ ਖੇਤ
ਬੈਂਸ ਦੌੜ ਭੱਜ ਸਭ ਮੁੱਕ ਗਈ, ਜਦੋਂ ਪੈ ਗਏ ਬਾਜ਼ ਅਚੇਤ
ਅਜੇ ਵੀ ਵਕਤ ਵਿਚਾਰ ਬੈਂਸ, ਜ਼ਰਾ ਮੌਕਾ ਤਾੜ ਲੈ ਭਾਈ
ਜਾਣ ਸਮੇਂ ਹਰਿ ਨਾਮ ਧਿਆਵੈ, ਹਰਿ ਸਭ ਔਗਣ ਬਖਸਾਈ
ਨਾਮ ਧਿਆਇ ਚਿੱਤ ਚਰਣੀ ਲਾਇ, ਹਰਿ ਕੀ ਮੰਨ ਰਜਾਇ
ਜੋ ਜਾਣ ਸਮੈਂ ਹਰਿ ਨਾਮ ਧਿਆਵੈ, ਸੋ ਬੈਂਸ ਪਰਮਗਤ ਪਾਇ

ਮਨ ਖੋਜ

ਦੁੱਧ ਮੱਥ ਵੱਥ ਨਿਕਲਾਇ, ਜਲ ਮਥ ਕੈ ਵੱਥ ਨ ਥਿਆਇ
ਸੁੰਞੇਂ ਘਰ ਕਾ ਪਾਹੁਣਾ, ਜਿਉਂ ਆਇਆ ਤਿਉਂ ਮੁੜ ਜਾਇ
ਸੁੰਞੇਂ ਘਰ ਕਾਗ ਕੁਰਲਾਵੈ, ਭੁੱਖਾ ਆਇ ਤਿਹਾਇ ਜਾਇ
ਖਾਲੀ ਘਰ ਜੇ ਪਾੜ ਲਗਾਇ, ਕਿਆ ਮਾਲ ਚੋਰ ਲੈ ਜਾਇ
ਹਰ ਜਾ ਮੇਰਾ ਹਰਿ ਪ੍ਰਭ ਵਸੈ, ਪਰ ਕਿਸੈ ਨਜ਼ਰ ਨ ਆਇ
ਮਨ ਮਹਿ ਮੇਰਾ ਹਰਿ ਵਸੈ, ਭਾਲੈ ਮਸਜਿਦ ਮੰਦਰ ਜਾਇ
ਹਰ ਮਨ ਮਹਿ ਪ੍ਰਭ ਵਸਦਾ, ਕਿਉਂ ਮੰਦਰ ਖੋਜਣ ਜਾਇ

ਮਾਇਆ ਮਾਤਾ ਮਿਹਨਤ ਕਾਚਾ, ਮਾਇਆ ਮੰਗਣ ਤੀਰਥ ਨ੍ਹਾਇ
ਵੇਖੋ ਸੋਚ ਵਿਚਾਰ ਭਾਈ, ਥਾਇ ਕੁਥਾਇ ਭਟਕੈ ਭਰਮਾਇ
ਰਸਮ ਪੁਗਾਵਣ ਕਾਰਨੈ, ਜੱਗ ਮਹਿ ਬਹੁ ਧਰਮ ਬਣਾਇ
ਸਭ ਕਥਾ ਕਹਾਣੀ ਭਾਸਦੇ, ਹਰਿ ਨਾਮ ਨ ਕੋਇ ਅਲਾਇ
ਬੈਂਸ ਹਰਿ ਨਾਮਾ ਮਨ ਵਸਾਇ, ਹਰਿ ਕੀ ਮੰਨਿ ਰਜਾਇ
ਇਤ ਵਿਧ ਮਨ ਵਸ ਆਵੈ, ਤਨ ਮਨ ਕੀ ਦੁਬਿਧਾ ਜਾਇ
ਨਾਮ ਕਮਾਵਣ ਕਾਰਨੈ, ਜੱਗ ਪੂਜਾ ਪਾਠ ਦਾਨ ਕਰਾਇ
ਮਹਿਲ ਉਸਾਰੈ ਰਾਮ ਵਿਸਾਰੈ, ਸਭ ਕੁਝ ਬਿਰਥਾ ਜਾਇ
ਸੋ ਭੀ ਢਹਿੰਦੇ ਡਿੱਠ ਮੈਂ, ਕੋਈ ਸਦਾ ਰਹਿਣ ਨ ਪਾਇ
ਜਨ ਮਨ ਮਹਿ ਪ੍ਰਭ ਖੋਜਾਇ, ਜਿਤ ਹਰਿ ਛੁਪੈ ਛੁਪਾਇ
ਬੈਂਸ ਖੋਜ ਕੈ ਵੇਖ ਲੈ, ਹਰਿ ਮਨ ਮਹਿ ਰਿਹਾ ਸਮਾਇ
ਘਰ ਮਹਿ ਵੱਥ ਨਹਿੰ ਪਾਇ, ਜੱਗ ਬਾਹਰ ਖੋਜਣ ਜਾਇ
ਮਨ ਲੋਚ ਕੈ ਹਰਿ ਖੋਜ ਕੈ, ਹਰਿ ਭਜੁ ਗੁਰ ਸਰਣਾਇ
ਸਤਿਗੁਰ ਦਾਤਾ ਨਾਮ ਕਾ, ਮੋਹਿ ਹਰਿ ਨਾਮ ਜਪਾਇ
ਸਤਿਗੁਰ ਦੁਆਰੈ ਹਰਿ ਵਸੈ, ਵੇਖ ਲਿਓ ਤਹਿ ਜਾਇ
ਬਿਨ ਸਤਿਗੁਰ ਕਿਨੈ ਨ ਪਾਇਆ, ਪੁੱਛੋ ਸੰਤਾਂ ਜਾਇ
ਮਨ ਖੋਜ ਹਰਿ ਪਰਬੋਧ, ਗੁਰ ਮਨ ਮਾਹਿ ਪਰਗਟਾਇ

ਗੁਰ ਤੀਰਥ

ਗੁਰ ਤੀਰਥ ਗੁਰ ਪਾਰਜਾਤ, ਗੁਰ ਬਿਨ ਤਰੈ ਨ ਕੋਇ
ਹਰਿ ਕਾ ਨਾਮ ਧਿਆਇ ਮਨ, ਤਨ ਮਨ ਸੀਤਲ ਹੋਇ
ਗੁਰ ਸਾਗਰ ਗੁਰ ਬੋਹਿਥਾ, ਗੁਰ ਅਮ੍ਰਿਤ ਭਰੇ ਭੰਡਾਰ
ਜਿਨ ਗੁਰ ਹਰਿ ਕਰ ਸਾਧਿਆ, ਸੋਈ ਉਤਰਿਆ ਪਾਰ
ਹਰਿ ਧਿਆਵੋ ਭਾਈ ਜਨੋ, ਮਨ ਸੱਚੇ ਸਤਿਗੁਰ ਟੇਕ
ਸਤਿਗੁਰ ਦਾਤਾ ਨਾਮ ਕਾ, ਸਤਿਗੁਰ ਹਰਿ ਪ੍ਰਭ ਏਕ
ਸਤਿਗੁਰ ਕੀ ਸੰਗਤ ਕੀਜੀਐ, ਦੁਬਿਧਾ ਮਨੋਂ ਹਟਾਇ
ਭਜਿ ਸਰਣਾਈ ਸਾਧ ਸੰਗ, ਮਨ ਚਿੰਦਿਆ ਫਲ ਪਾਇ
ਜਨਮ ਪਦਾਰਥ ਕਾਰਨੈ, ਹਰਿਜਨ ਹਰਿ ਨਾਮ ਧਿਆਇ
ਕੋਇ ਗਾਵੈ ਨਾਦੀਂ ਬੇਦੀਂ, ਕੋਇ ਤੀਰਥ ਜਾ ਜਾ ਨ੍ਹਾਇ
ਹੱਜ ਜਾਇ ਪੜ੍ਹੈ ਨਮਾਜ਼ਾਂ, ਕੋਇ ਅੰਨ ਪਾਣੀ ਨ ਖਾਇ
ਤੋਹਿ ਭਰੋਸੈ ਮੇਰੇ ਸਾਹਿਬਾ, ਜੱਗ ਕਿਤਨੇ ਭੇਸ ਬਣਾਇ

ਬੈਂਸ, ਹਰਿ ਨਾਮ ਧਿਆਇ, ਕੋਇ ਸਾਸ ਨ ਬਿਰਥਾ ਜਾਇ
ਬਿਨ ਸਰਧਾ ਮਨ ਭਾਵਨੀ, ਕੇਤੇ ਆਇ ਗਏ ਭਰਮਾਇ
ਬੰਦਿਆ, ਇਹ ਜਨਮ ਦੁਲੱਭ ਹੈ, ਹੋਇ ਨ ਦੂਜੀ ਬਾਰ
ਫਲ ਪਾਕੇ ਭੋਇੰ ਗਿਰੇ, ਮੁੜ ਉੜ ਨਾ ਲੱਗਣ ਡਾਰ
ਕਰਨਾ ਹੁ ਤੋ ਅਬ ਕਰ, ਬੈਂਸ; ਕੱਲ੍ਹ ਬਹੁੜ ਨ ਆਇ
ਹਰਿ ਪ੍ਰਭ ਸੱਚੇ ਨਾਮ ਬਿਨ, ਜਨਮ ਅਕਾਰਥ ਜਾਇ
ਹਰਿ ਕਾ ਨਾਮ ਧਿਆਵਣੈ, ਪਲ ਨ ਮਿਲਿਆ ਇਕ
ਤੈਨੂੰ ਛੇ ਫੁੱਟ ਡੂੰਘਾ ਗੱਡਣਾ, ਮੁੜ ਕਿੱਧਰ ਭੱਜੈਂ ਮਿੱਤ
ਜੰਗਲ ਧਾਵੈ ਕੰਦ ਮੂਲ ਖਾਵੈ, ਦਰ ਦਰ ਧੱਕੇ ਖਾਵੈ
ਹਰਿ ਪ੍ਰਭ ਤੈਂਢੇ ਤਨ ਵਸੈ, ਸੋ ਪ੍ਰਭ ਚਿੱਤ ਨ ਆਵੈ
ਜਿਸ ਕਾਰਨ ਜੱਗ ਆਇਆ, ਤੇਹੀ ਕਾਰ ਕਮਾਇ
ਨਾਮ ਧਿਆਇ ਗੁਰ ਸਰਣਾਇ, ਬਹੁੜ ਜਨਮ ਨ ਆਇ

ਮਨ ਮੰਦਰ

ਹਰਿ ਮਨ ਮਹਿ ਰਿਹਾ ਸਮਾਈ, ਮਨ ਮਹਿ ਹਰਿ ਖੋਜੋ ਭਾਈ
ਮਨ ਮਹਿ ਲੋਚ ਜਗੈ ਹਰਿ ਜੋਤ, ਨ ਜਲੈ ਨ ਜਾਇ ਬੁਝਾਈ
ਹਰਿ ਸਤਿਗੁਰ ਸੰਗਤ ਮਹਿ ਵਸੈ, ਭਜੁ ਸਤਿਗੁਰ ਸਰਣਾਈ
ਕਰ ਸਤਿਗੁਰ ਬਚਨ ਕਮਾਈ, ਗੁਰ ਪਰਗਟ ਕਰ ਦਿਖਲਾਈ
ਸਤਿਗੁਰ ਦਾਤਾ ਹਰਿ ਨਾਮ ਕਾ, ਗੁਰ ਸ਼ਬਦ ਵਿਧੀ ਸਮਝਾਈ
ਚਿੱਤ ਲਾਇ ਸ਼ਬਦ ਕਮਾਇ, ਸਾਸ ਸਾਸ ਸਿਮਰੋ ਹਰਿ ਭਾਈ
ਮਨ ਮੰਦਰ ਮਹਿ ਹਰਿ ਪ੍ਰਭ ਵਸੈ, ਮਨ ਵੇਖ ਖੋਜ ਮੇਰੇ ਭਾਈ
ਮਨ ਮਹਿ ਹਰਿ ਭੇਦ ਸਮਾਇਆ, ਮਨਮੁਖ ਸਮਝ ਨ ਪਾਈ
ਗੁਰਮੁਖ ਹਰਿ ਸਤਿਗੁਰ ਸੇਵੈ, ਮਨ ਭਰਮ ਭੇਦ ਮਿਟ ਜਾਈ
ਕਰ ਸੱਚੇ ਸੋਭਾ ਮਨ ਪਰਬੋਧਾ, ਮਨ ਮਾਰ ਸਿਮਰੋ ਹਰਿ ਭਾਈ
ਮਨ ਜਿੱਤ ਕੈ ਜੱਗ ਜਿੱਤ ਹੋਵੈ, ਸਭ ਜਾਣੈ ਜਗਤ ਲੁਕਾਈ
ਫਿਰ ਭੀ ਕੋਈ ਮਨ ਨ ਖੋਜੈ, ਸਭ ਗੁਰਦੁਆਰੈ ਮੰਦਰ ਜਾਈ
ਗੁਰਦੁਆਰੇ ਬਹਿ ਸਾਧੈ ਕਥਾ ਕਹਾਣੀ, ਮਾਣਸ ਮਨ ਧਰਾਈ
ਗਿਆਨੀ ਬੋਲੈ, ਆਪਣਾ ਮਨ ਨ ਟੋਲੈ, ਅਸਰ ਹੋਵੈ ਨ ਕਾਈ
ਮਨ ਨਾਮ ਧਿਆਵੈ ਸੰਗਤ ਸੁਣਾਵੈ, ਮਨ ਬਿਸਾਸ ਹੋਇ ਆਈ
ਕਰਨ ਸੁਣ ਜਿਹਵਾ ਬੋਲ, ਤਨ ਮਨ ਲਾਇ ਹਰਿ ਧਿਆਈ
ਸੋ ਜਨ ਗੁਰਸੇਵਕ ਬਣ ਆਵੈ, ਹਰਿਗੁਣ ਗਾਵੈ ਮਨਿ ਮਾਹੀ

ਕਿਰਤ ਕਰਮ ਸਭ ਜੱਗ ਕਮਾਵੈ, ਮਾਇਆ ਮਨ ਭਰਮਾਈ
ਮਾਇਆ ਮਨ ਤੜਫਾਇ, ਮਨ ਮਨੁ ਖੋਜਣ ਨਾ ਦੇਵੈ ਭਾਈ
ਗੁਰਦੁਆਰੇ ਮੰਦਰ ਬਣ ਗਏ, ਪੜ੍ਹ ਪੜ੍ਹ ਪਾਠ ਸੁਣਾਇ ਭਾਈ
ਇਕ ਕੰਨ ਪਾਇ ਦੂਜੈ ਕਢਾਇ, ਇਤ ਮਨ ਟਿਕਣ ਨ ਪਾਈ
ਗ੍ਰੰਥ ਪੜ੍ਹੈ ਫਿਰ ਸੋਚ ਵਿਚਾਰੈ, ਮਨੁ ਮਨਿ ਮਹਿ ਪਰਚਾ ਲਾਈ
ਪੜ੍ਹਿਆ ਸੁਣਿਆਂ ਵੱਥ ਆਵੈ, ਗੁਰ ਭਾਣੈ ਹਰਿ ਨਾਮ ਧਿਆਈ
ਸਤਿਗੁਰ ਦਾਤਾ ਪੁਰਖ ਵਿਧਾਤਾ, ਮਨ ਮਹਿ ਹਰਿ ਪਰਗਟਾਈ

ਭਾਂਡਾ

ਭਾਂਡੈ ਜੋ ਪਾਵੈ ਸੋ ਨਿਕਲੈ, ਕਛੁ ਅਵਰ ਨਿਕਲ ਨ ਪਾਈ
ਪਾਵੋ ਵੱਥ ਹੱਥ ਲੱਗੈ ਵੱਥ, ਪਾਓ ਜਲ ਮਥ ਵੱਥ ਨ ਪਾਈ
ਸੋ ਭਾਂਡਾ ਇਹ ਸਰੀਰ ਹੈ, ਜੋ ਕੁਝ ਪਾਵੈ ਜਾਇ ਸਮਾਈ
ਜੋ ਪਾਵੋ ਸੋ ਅੰਤੇ ਨਿਕਲੈ, ਸੁਭ ਕਰਮ ਕਰੋ ਮੇਰੇ ਭਾਈ
ਸਾਰੀ ਉਮਰ ਛੁਪੈ ਛੁਪਾਇ, ਜਾਣ ਸਮੈਂ ਬਹੀ ਖੁਲ੍ਹ ਆਈ
ਉੜੈ ਉਕਾਬ ਹੋਵੈ ਹਿਸਾਬ, ਗਿਣ ਲੈਂਦੇ ਸਭ ਪਾਈ ਪਾਈ
ਸੋ ਕਰਮ ਕਮਾ ਬੈਂਸ, ਜਾਣ ਸਮੈਂ ਆਇ ਹੋਇ ਸਹਾਈ
ਚੋਰ ਚੋਰੀ, ਸਾਕਤ ਬਦਗੋਈ, ਸਿਰ ਪਾਪਾਂ ਭਾਰ ਉਠਾਈ
ਖੱਟੈ ਵੱਟੈ ਮਾਇਆ ਸੰਪੈ, ਦੁੱਧ ਚੋਂ ਪਾਣੀ ਨਿੱਖੜ ਜਾਈ
ਲੁੱਟ ਕਸੁੱਟ ਮਾਇਆ ਖੱਟੈ, ਜਾਣ ਸਮੈਂ ਸੰਗ ਨ ਜਾਈ
ਜੋ ਕਮਾਵੈ ਸਾ ਹੱਥ ਆਵੈ, ਅਨਰਥ ਹੱਥੋਂ ਭੱਜ ਜਾਈ
ਕੀਤਾ ਕਰਮ ਸਾਹਮਣੈ ਆਵੈ, ਭਾੜੀ ਕੂ ਭਾੜਾ ਮਿਲ ਪਾਈ
ਕੰਚਨ ਸੰਪੈ ਸਾਥ ਨ ਜਾਵੈ, ਸੰਗ ਜਾਵੈ ਕਿਰਤ ਕਮਾਈ
ਭਾਂਡਾ ਇਹ ਜਗਤ ਹੈ, ਹਰਿ ਇਸ ਵਿਚ ਮਾਇਆ ਪਾਈ
ਮਾਇਆ ਰੂਹ ਕੀ ਮੈਲ ਹੈ, ਮਾਇਆ ਹੋੜੈ ਮੈਲ ਚੜ੍ਹਾਈ
ਕਰਮ ਕਮਾਇ ਨਾਮ ਧਿਆਇ, ਜਿਤ ਕਾਰਣ ਜੱਗ ਆਈ
ਕਰਮ ਕਮਾਇ ਸੋ ਫਲ ਪਾਇ, ਘਾਲ ਨ ਬਿਰਥਾ ਜਾਈ
ਨਾਮ ਧਿਆਇ ਸਹਿਜ ਸੁਭਾਇ, ਮਨ ਸੁੱਧ ਹੋਇ ਆਈ
ਵੇਖੋ ਮੇਰੇ ਭਾਈ ਜਨੋ, ਹਰਿ ਮਨ ਮਹਿ ਰਿਹਾ ਸਮਾਈ
ਜੈਸਾ ਕਰੈ ਤੈਸਾ ਫਲ ਪਾਇ, ਕੋਇ ਬਦਲ ਸਕੈ ਨ ਭਾਈ
ਮਨ ਮਹਿ ਸੋਚ ਵਿਚਾਰ ਬੈਂਸ, ਮੰਗੈਂ ਸੋ ਕਿਰਤ ਕਰ ਭਾਈ
ਜਿਸ ਕਾਰਨ ਜੱਗ ਆਇਆ, ਸੋ ਵਾਧਾ ਭੁੱਲ ਨ ਭਾਈ

ਵਾਧਾ ਨਾਮ ਧਿਆਉਣ ਦਾ, ਜੱਗ ਆਇ ਚਿੱਤ ਨ ਭਾਈ
ਸਤਿਗੁਰ ਦਾਤਾ ਨਾਮ ਕਾ, ਗੁਰ ਸਰਣ ਗਹੋ ਮੇਰੇ ਭਾਈ
ਹਰਿ ਹਰਿ ਨਾਮ ਜਪੰਦਿਆਂ, ਦੁਖ ਜੰਮਣ ਮਰਨ ਮਿਟਾਈ

ਜੰਮਣ ਮਰਨ

ਜੰਮਣ ਖੁਸ਼ੀ ਮਨਾਵਣੀ, ਮੋਇਆਂ ਜੱਗ ਰੋਇ
ਮਰਣਾ ਅਤਿ ਪਵਿੱਤ ਹੈ, ਮਰਨਾ ਜਾਣੈ ਕੋਇ
ਜੰਮਿਆਂ ਪੂਤ ਗੋਬਿੰਦ ਕਾ, ਜੱਗ ਵੇਖਣ ਪਿਆਸਾ
ਟੱਬਰ ਖੁਸ਼ੀ ਮਨਾਵੰਦਾ, ਤਿਨ ਧਨ ਪਾਲਣ ਆਸਾ
ਧੰਨ ਸੋ ਕਰਤਾ ਰਾਇਆ, ਜਿਸ ਪੇਟ ਲਗਾਇਆ
ਪੇਟ ਪਾਲਣ ਕਾਰਨੈ, ਸਭ ਜੱਗ ਰੱਬ ਭੁਲਾਇਆ
ਤੱਕ ਰੰਗ ਕੁਰੰਗ ਕੁਸੰਭੜੇ, ਜਨ ਵਾਧਾ ਭੁੱਲ ਜਾਵੈ
ਸੁੰਞੇਂ ਘਰ ਕਾ ਪਾਹੁਣਾ, ਜਿਉਂ ਆਵੈ ਤਿਉਂ ਜਾਵੈ
ਵੱਡਾ ਹੋਇਆ ਮ੍ਹਾਣੂਆਂ, ਮਾਇਆ ਮੂੰਹ ਲਾਇਆ
ਮਾਇਆ ਮਾਈ ਫਾਥਿਆ, ਚਿੱਤ ਰੱਬ ਭੁਲਾਇਆ
ਭਰ ਭਰ ਮਾਇ ਤਜੌਰੀਆਂ, ਜਨ ਮਾਣ ਵਧਾਇਆ
ਜੋ ਆਇਆ ਹੱਥ ਹੜੱਪਿਆ, ਲੁੱਟ ਬੋਝੇ ਪਾਇਆ
ਬੈਂਸ; ਐਵੇਂ ਉਮਰ ਗੁਆਈ, ਸੱਚ ਸੁਣੋ ਮੇਰੇ ਭਾਈ
ਰੱਬ ਕਦੀ ਨ ਚੇਤਿਆ, ਜਿੱਤ ਆਇ ਤਿਤ ਜਾਈ
ਮਨ ਮਾਰ ਕੈ ਮਨ ਮੰਨੈਂ, ਮਨ ਮਹਿ ਰਾਮ ਸਮਾਈ
ਹਰਿ ਹਰਿ ਨਾਮ ਸਾਧ, ਬੈਂਸ, ਹਰਿ ਹੋਇ ਸਹਾਈ
ਮਨ ਮਾਰਿਆਂ ਮਨ ਮਰੈ, ਮਨ ਮਾਰ ਮਨ ਸੁੱਧ ਹੋਈ
ਰੱਬ ਧਿਆਇਆਂ ਰੱਬ ਮੰਨੈਂ, ਸਿਮਰੋ ਹਰਿ ਸੋਈ
ਹਰਿ ਹਰ ਜਾ ਵਸਦਾ, ਛੁਪਿਆ ਰਹੈ ਹਰਿ ਜਾਈ
ਜਿਨ ਸੱਚਾ ਸਤਿਗੁਰ ਸੇਵਿਆ, ਮਨ ਤਿਖਾ ਬੁਝਾਈ
ਸਤਿਗੁਰ ਦਾਤਾ ਹਰਿ ਨਾਮ ਕਾ, ਹਰਿ ਨਾਮ ਜਪਾਵੈ
ਸਤਿਗੁਰ ਚਰਣੀ ਲੱਗਿਆਂ, ਜਨ ਹਰਿ ਰਸ ਆਵੈ
ਸਤਿਗੁਰ ਸੱਚਾ ਸਾਹ ਹੈ, ਭਜੁ ਸਤਿਗੁਰ ਸਰਣਾਈ
ਜਿਨ ਗੁਰ ਹਰਿ ਕਰ ਸਾਧਿਆ, ਸੇ ਪਰਮਗਤ ਪਾਈ

ਕਿਰਤ ਕਮਾਈ

ਲੋਭ ਦਾ ਫੰਧਾ ਮਾਇਆ ਮਾਈ , ਜੋ ਲੋਚੈ ਸੋ ਫਸ ਜਾਈ
ਮਾਇਆ ਮਾਣ ਕ੍ਰੋਧ ਵਧਾਵੈ, ਜਾਣ ਸਮੈਂ ਮਿਲੈ ਸਜਾਈ
ਪੰਜ ਚੋਰ ਮਨ ਮਹਿ ਵਸੈ, ਮਨ ਕਰਮ ਕੁਸੁੱਧੈ ਪਾਈ
ਚੋਰਾਂ ਦਾ ਕੰਮ ਚੋਰੀ ਕਰਨਾ, ਸੁਕਰਮ ਤੋਂ ਰੱਖੈ ਹਟਾਈ
ਬੀਜੈ ਕਿੱਕਰ ਖੋਜੈ ਅੰਬ ਫਲ, ਇਹ ਕਦੀ ਨ ਹੋਵੈ ਭਾਈ
ਕਿੱਕਰ ਬੀਜ ਕੰਡੇ ਲੱਗਣ, ਅੰਬ ਬੀਜ ਮਿੱਠਾ ਫਲ ਖਾਈ
ਕਰਮ ਕਮਾਵੈਂ ਸੋ ਫਲ ਪਾਵੈਂ, ਹਰਿ ਮਨ ਲਿਖ ਪਾਈ
ਅੰਤ ਸਮੈਂ ਬਹੀ ਖੁਲ੍ਹ ਆਵੈ, ਹਿਸਾਬ ਹੋਣ ਲੱਗ ਜਾਈ
ਕੀਤਾ ਕਰਮ ਸਾਹਮਣੈ ਆਵੈ, ਬਸੀਠ ਨ ਦਵੈ ਗੁਆਹੀ
ਤੱਕੜੀ ਰੱਬ ਦੀ ਅਤਿ ਸੁੱਧ, ਤਿਸ ਪਾਸਕ ਲੋੜ ਨ ਕਾਈ
ਪੱਕੇ ਵੱਟੇ ਉਹ ਤੋਲੈ ਪੱਕਾ, ਕੋਈ ਘਾਟ ਵਾਧ ਨਾ ਭਾਈ
ਆਪ ਬੈਠ ਇਨਸਾਫ ਸੁਣਾਵੈ, ਜਿਸ ਵਿਚ ਖੋਟ ਨ ਕਾਈ
ਚੰਗੇ ਦਾ ਫਲ ਚੰਗਾ ਨਿਕਲੈ, ਮੰਦੇ ਦਾ ਫਲ ਮੰਦਾ ਭਾਈ
ਸੋ ਕਰਮ ਕਮਾ ਜੋ ਫਲ ਚਾਹੈਂ, ਕਰਨੋਂ ਨ ਕੋਇ ਹਟਾਈ
ਜੋ ਮੈਂ ਖੱਟਿਆ ਸੋ ਫਲ ਪਾਇਆ, ਕਿਸੈ ਦੋਸ਼ ਨ ਭਾਈ
ਮੋਇਆਂ ਬਾਝੋਂ ਮਿਲੈ ਨ ਜੱਨਤ, ਮਨ ਮਾਰ ਭਜੋ ਹਰਿ ਭਾਈ
ਜਿਉਂਦੇ ਮਰ ਕੈ ਮਨ ਮਰੈ, ਮਨ ਮਾਰ ਹਰਿ ਨਾਮ ਧਿਆਈ
ਹਰਿ ਹਰਿ ਨਾਮ ਜਪੰਦਿਆਂ, ਮਨ ਨਿਰਮਲ ਹੋਇ ਜਾਈ
ਹਰਿ ਨਾਮ ਜਾਪ ਗੁਰੂ ਆਦੇਸੈ, ਭਜੁ ਸਤਿਗੁਰ ਸਰਣਾਈ
ਸਤਿਗੁਰ ਸੇਵਾ ਸੰਤਨ ਸੰਗਤ, ਮਨ ਹਰਿ ਨਾਮ ਧਿਆਈ
ਮਨ ਮੂਰਤ ਮੁਖ ਗੁਰ ਸੂਰਤ, ਸਨਮੁੱਖ ਰਹੋ ਮੇਰੇ ਭਾਈ
ਹਰਿ ਧਿਆਈ ਗੁਰ ਸਰਣਾਈ, ਬੈਂਸ ਹਰਿ ਮਾਰਗ ਪਾਈ
ਸਤਿਗੁਰ ਦਾਤਾ ਨਾਮ ਕਾ, ਗੁਰ ਸਿੱਖਨ ਸ਼ਬਦ ਸੁਣਾਈ
ਬਿਨ ਪ੍ਰੇਮ ਕਿਨੈ ਨ ਪਾਇਆ, ਸਾਚ ਕਹੌਂ ਸੁਣ ਭਾਈ

ਆਰਤੀ

ਕੋਈ ਪੂਜੈ ਪਾਹਣ ਪੱਥਰ, ਕੋਈ ਪੂਜੈ ਬੁੱਤ ਬਣਾਇ
ਡਾਲੀਓਂ ਫੁੱਲ ਮਾਲਣ ਤੋੜੈ, ਜਾਇ ਬਾਜ਼ਾਰ ਵਿਕਾਇ
ਬੁੱਤ ਪਾਖੰਡੀ ਪੂਜਦੇ, ਮਾਲਾ ਬਣਾਇ ਬੁੱਤ ਗਲ ਪਾਇ
ਚਿੱਤ ਚੈਨ ਟੋਲੈ ਬੁੱਤ ਨ ਬੋਲੈ, ਸਭ ਘਾਲ ਬਿਰਥਾ ਜਾਇ

ਰਾਤੀਂ ਕੋਇ ਦੀਵੇ ਬਾਲੀਅਨ, ਥਾਲੀ ਚਰਾਗ ਜਾ ਪਾਇ
ਧੂਪ ਦੀਪ ਸੰਗ ਲਾਇ ਕੈ, ਹਰਿ ਪ੍ਰਭ ਆਰਤੀ ਚੜ੍ਹਾਇ
ਸਾਰਾ ਜੱਗ ਸਾਜ ਨਿਵਾਜ ਕੈ, ਹਰਿ ਛੁਪਿਆ ਹਰ ਜਾਇ
ਤਨ ਮਨ ਸੋ ਹਰਿ ਧਿਆਇ, ਸੋਈ ਆਰਤੀ ਬਣ ਆਇ
ਦਿਲ ਯਾਦ ਕਰੈ ਫਰਿਆਦ ਕਰੈ, ਸੱਚੇ ਸਤਿਗੁਰ ਭਾਇ
ਬੂਟੇ ਰੁੱਖ ਬਿਰਖ ਹਰਿ ਲਾਏ, ਫਲ ਫੁੱਲ ਜੱਗ ਮਹਿਕਾਇ
ਪੌਣ ਦੂਰ ਦੁਰਾਇਡਓਂ ਆਵੈ, ਹਰ ਜਾ ਮਹਿਕ ਫੈਲਾਇ
ਹਰਿ ਪ੍ਰਭ ਆਰਤੀ ਭਾਇ, ਤਹਿ ਫੁੱਲ ਫਲੇਲ ਬਣਾਇ
ਪੌਣ ਚਲਾਏ ਮਹਿਕ ਫੈਲਾਇ, ਸੋ ਹਰਿ ਚਰਣ ਛੋਹ ਜਾਇ
ਹਰਿ ਸੇਵਣ ਹਰਿ ਧਿਆਵੈ, ਆਪਣੀ ਪੂਜਾ ਆਪ ਕਰਾਇ
ਤੂੰ ਦਾਤਾ ਜੀਆਂ ਸਭਨਾ ਦਾ, ਹਰ ਜਾ ਹਰਿ ਰਿਹਾ ਸਮਾਇ
ਹਰ ਮਨ ਮੈਂ ਮੇਰਾ ਹਰਿ ਵਸੈ, ਕਿਉਂ ਬਣ ਖੋਜਣ ਜਾਇ
ਤੇਰੇ ਕਾਰਨ ਮੇਰੇ ਸਾਹਿਬਾ, ਜਨ ਕਿਤਨੇ ਭੇਸ ਬਣਾਇ
ਹਰਿ ਹਰ ਜਾ ਹਰ ਜਾਇ, ਤੂੰ ਕਿਉਂ ਬਣ ਖੋਜਣ ਜਾਇ
ਨਾਮ ਧਿਆਇ ਹਰਿ ਗੁਣ ਗਾਇ, ਮਨ ਮਹਿ ਪ੍ਰਭੂ ਸਮਾਇ
ਹਰਿ ਨਾਮਾ ਤੇਰੀ ਆਰਤੀ, ਮਨ ਮਹਿ ਪਰਚਾ ਲਾਇ
ਹਰਿ ਹਰਿ ਨਾਮ ਜਪੰਦਿਆਂ, ਮਨ ਸਿੱਧਾ ਹੋਇ ਜਾਇ
ਮਨ ਸਿੱਧਾ ਹੋਇ ਆਇ, ਜਨ ਹਰਿ ਨਾਮਾ ਮਨ ਭਾਇ
ਕਰਨ ਸੁਣੈ ਮਨ ਬੋਲੈ ਰਾਮ, ਮਨ ਦੁਬਿਧਾ ਮਿਟ ਜਾਇ
ਮਨ ਰਾਮ ਟੋਲੈ ਮੁਖ ਰਾਮ ਬੋਲੈ, ਬੋਲੈ ਸਹਿਜ ਸੁਭਾਇ
ਦਿੜ੍ਹ ਕਰ ਨਾਮ ਧਿਆਵੈ, ਮਨ ਮਹਿ ਰਾਮ ਸਮਾਇ
ਗੁਰ ਸਬਦ ਸੁਣਾਇ ਜਨ ਗਾਇ, ਗਹੈ ਗੁਰ ਸਰਣਾਇ
ਹਰਿ ਨਾਮਾ ਹਰਿ ਰੰਗ ਹੈ, ਮਨ ਬੋਲੈ ਜਿਹਵਾ ਅਲਾਇ
ਨਾਮ ਤੇਰਾ ਤੇਰੀ ਆਰਤੀ, ਬੈਂਸ ਗਾਵੈ ਤੋਹਿ ਰਜਾਇ

ਹਰਿ ਕਿਰਪਾ

ਹਰਿ ਕਿਰਪਾ ਤੇ ਗੁਰ ਪਾਵੈ, ਗੁਰ ਕਿਰਪਾ ਤੇ ਹਰਿ ਧਿਆਵੈ
ਸਤਿਗੁਰ ਸੱਚਾ ਸਾਹ ਵਣਜਾਰਾ, ਜੋ ਹਰਿ ਹਰਿ ਨਾਮ ਧਿਆਵੈ
ਸੱਚਾ ਗੁਰ ਹਰਿ ਨਾਮ ਧਿਆਵੈ, ਮਨ ਮੋਰੈ ਹਰਿ ਪਰਚਾ ਲਾਵੈ
ਹਰਿ ਸਤਿਗੁਰ ਕਰਮ ਜੋ ਭਾਵੈ, ਸੋ ਹਰਿ ਜਨ ਕਰਮ ਕਮਾਵੈ
ਕਰਮ ਕਮਾਵੈ ਮਨ ਲਿਖ ਪਾਵੈ, ਜਨ ਮਨ ਹਿਸਾਬ ਬਣ ਆਵੈ

ਪਿਛਲੇ ਜਨਮ ਦੀ ਕਿਰਤ ਕਮਾਈ, ਅਗਲਾ ਰਾਹ ਬਣ ਆਵੈ
ਪਿਛਲਾ ਕਰਮ ਸਾਹਮਣੈ ਆਵੈ, ਅੱਗੇ ਲਈ ਸਬਕ ਬਣ ਆਵੈ
ਕਰਮ ਫਲ ਰੂਹ ਸੰਗ ਚੱਲੈ, ਅੱਗੈ ਕਰਮਾਂ ਦਾ ਫਲ ਬਣ ਆਵੈ
ਮਨ ਚ ਸੋਚ ਵਿਚਾਰ ਬੈਂਸ, ਆਪਣਾ ਕਰਮ ਜਨ ਆਪ ਬਣਾਵੈ
ਜੋ ਮੈਂ ਖੱਟਿਆ ਸੋ ਮੈਂ ਪਾਇਆ, ਮੇਰਾ ਪ੍ਰਭ ਨ ਕਰਮ ਬਦਲਾਵੈ
ਦਮ ਨਿਕਲੈ ਜਨ ਮਰ ਜਾਵੈ, ਜਿਸਮ ਮਰੈ ਪਰ ਰੂਹ ਉੜ ਜਾਵੈ
ਜੈਸੀ ਕਰਨੀ ਤੈਸੀ ਭਰਨੀ, ਜਿਹਾ ਕਰਮ ਤੇਹਾ ਜਨਮ ਰੂਹ ਪਾਵੈ
ਪਿਆਰ ਚ ਉਸ ਜੱਗ ਸਾਜਿਆ, ਪਿਆਰ ਚ ਹਰਿ ਪਰਚਾ ਲਾਵੈ
ਪਿਆਰ ਪਾਵੈ ਹਰਿ ਗੁਣ ਗਾਵੈ, ਮਨ ਨੀਵਾਂ ਹਰਿ ਨਾਮ ਧਿਆਵੈ
ਮਨ ਗੁਰ ਮੂਰਤ ਮੁਖ ਹਰਿ ਨਾਮ, ਇਤ ਮਨ ਵਸ ਆਇ ਜਾਵੈ
ਮਨ ਮੂਰਤ ਨੈਣ ਗੁਰ ਸੂਰਤ, ਜਨ ਹਰਿ ਹਰਿ ਨਾਮ ਧਿਆਵੈ
ਹਰਿ ਹਰਿ ਨਾਮ ਧਿਆਵੰਦਿਆਂ, ਜਨ ਮਨ ਸਿੱਧਾ ਹੋਇ ਜਾਵੈ
ਹਰਿ ਧਿਆਇ ਗੁਰ ਮੂਰਤ ਮਨ ਵਸਾਇ, ਮਨ ਰਾਹ ਪੈ ਜਾਵੈ
ਮਨ ਸਿੱਧਾ ਹੋਇ ਆਵੈ ਹਰਿ ਧਿਆਵੈ, ਮਨ ਮਹਿ ਹਰਿ ਸਮਾਵੈ
ਇਤ ਵਿਧ ਮੇਰਾ ਹਰਿ ਜੱਗ ਰਚਾਵੈ, ਜੋ ਜੰਮਿਆਂ ਸੋ ਮਰ ਜਾਵੈ
ਮਨ ਮਹਿ ਰਾਮ ਮੁੱਖ ਰਾਮ ਅਲਾਵੈ, ਤਿਸ ਜਨ ਜਮ ਨਾ ਡਰਾਵੈ
ਜਨ ਹਰਿ ਧਿਆਵੈ ਮਨ ਸਾਧ ਸਧਾਵੈ, ਸੋ ਹਰਿ ਮਾਹਿ ਸਮਾਵੈ
ਪ੍ਰਭ ਅਬਿਨਾਸੀ ਕਟੈ ਜਮ ਫਾਸੀ, ਜਨ ਬਹੁੜ ਜਨਮ ਨ ਆਵੈ

ਦਾਨ ਦਾਤਾਰੇ

ਤੂੰ ਦਾਤਾ ਹਮ ਦਾਸਰੇ, ਮੇਰੇ ਹਰਿ ਪ੍ਰਭ ਪਿਆਰੇ
ਚਿੱਤ ਆਵੈ ਮਨ ਬਿਗਸਾਵੈ, ਦੇਹ ਦਾਨ ਦਾਤਾਰੇ

ਮੋਰੈ ਘਰ ਆ ਸੱਜਣਾ, ਮੈਂ ਖਰੀ ਉਡੀਣੀ
ਜਬ ਯਾਦ ਸਤਾਵੈ, ਰੋਵਾਂ ਪਈ ਬਾਣ ਝੀਣੀ
ਤੁਮਰੀ ਕਿਰਪਾ ਤੇ ਪ੍ਰਭੂ, ਮਨ ਨਾਮ ਚਿਤਾਰੇ

ਸਾਜਨ ਮੇਰੇ ਰੰਗਲੇ, ਆਇ ਵਸੇ ਮਨ ਮਾਹੀ
ਤੋਹਿ ਭਰੋਸੇ ਸਾਹਿਬਾ, ਹਮ ਹਰਿ ਗੁਣ ਗਾਈ
ਦਰਸ ਵਖਾ ਮਨ ਪਰਚਾ, ਮੇਰੇ ਮੀਤ ਪਿਆਰੇ
ਹਰਿ ਤੂੰ ਦਾਤਾ ਦਾਤਾਰ, ਹਮ ਭੀਖਕ ਤੇਰੇ

ਨਾਮ ਦਾਨ ਭੀਖ ਮੰਗਦਾ, ਭੀਖਕ ਦਰ ਤੇਰੇ
ਖਾਲੀ ਝੋਲੀ ਨਾਮ ਮੁਖ, ਭਰ ਹਰਿ ਦਰਬਾਰੇ
ਸਭ ਕੁਝ ਮੇਰਾ ਤੂੰ ਹੈਂ, ਮੇਰਾ ਅਵਰ ਨ ਕੋਈ
ਤੂੰ ਮੇਰੇ ਮਨ ਵਸਿਆ, ਬੈਂਸ ਗੁਣ ਗਾਵੈ ਤੋਹੀ
ਭਰਮ ਕਟੈ ਭਾਉ ਕਰ, ਬਿਨਸੈ ਮੋਹ ਹੰਕਾਰੇ
ਤੂੰ ਭਰਥਾ ਜਗਤ ਕਾ, ਅਵਰ ਸਭ ਨਾਰ ਸਬਾਈ
ਹਾਰ ਸੰਗਾਰ ਬਣਾਇ ਕੈ, ਮੋਹਿ ਸੇਜ ਵਿਛਾਈ
ਮੈਂ ਰੱਖੀ ਆਸਾ ਚਿੱਤ ਮੈ, ਭਰ ਮਾਂਗ ਪਿਆਰੇ

ਲਾਜ ਲੁਕਾਇ

ਹਰਿ ਪ੍ਰਭ ਸਾਚਾ ਨਿਰੰਕਾਰ, ਮਨ ਮਹਿ ਰਹੈ ਸਮਾਇ
ਨਿਰਭੌ ਨਿਰਵੈਰ ਅਕਾਲ ਮੂਰਤ, ਨਾ ਆਇ ਨ ਜਾਇ
ਮਨ ਖੋਜ ਕਟੈ ਜਮ ਰੋਗ, ਜਨ ਹਰਿ ਨਾਮ ਧਿਆਇ
ਹਰਿ ਨਾਮਾ ਹਰਿ ਬੰਦਗੀ, ਸਾਧ ਸੰਗਤ ਹਰਿ ਧਿਆਇ
ਮਨ ਤਨ ਅਰਪ ਸਤਿਗੁਰੈ, ਸਤਿਗੁਰ ਰਾਹ ਦਿਖਾਇ
ਪ੍ਰਭ ਪਾਵਣ ਹਰਿ ਰੰਗ ਨ੍ਹਾਵਣ, ਲੱਜਾ ਲਾਜ ਤਜਾਇ
ਚਿੱਤ ਲਾਇ ਨਾਮ ਧਿਆਇ, ਹਰਿ ਰੰਗ ਮਜੀਠ ਚੜ੍ਹਾਇ
ਬਿਨ ਸਤਿਗੁਰ ਕਿਨੈ ਨ ਪਾਇਓ, ਵੇਖ ਲਿਓ ਅਜਮਾਇ
ਸਤਿਗੁਰ ਦਾਤਾ ਹਰਿ ਨਾਮ ਕਾ, ਪਾਵੈ ਬਚਨ ਕਮਾਇ
ਤਨ ਕੁਸੁੱਧੇ ਮਨ ਗੁਮਰਾਹ, ਤਿਸ ਹਰਿ ਨਾਮ ਨ ਭਾਇ
ਪਿਆਰ ਤਿਸ ਚਿੱਤ ਧੁਖੈ, ਜਿਸ ਮੁਰਸ਼ਦ ਚਿੱਤ ਝੁਕਾਇ
ਮਨ ਮਨੁ ਗੁੰਝਲ ਭਈ, ਮਨ ਧਾਵੈ ਹਰਿ ਨਾਮ ਨ ਭਾਇ
ਗੁਰ ਸਰਣਾਇ ਨਾਮ ਧਿਆਇ, ਸਤਿਗੁਰ ਬਚਨ ਸੁਣਾਇ
ਗੁਰ ਪਿਆਰ ਚਿੱਤ ਨਿਵਾਇ, ਗੁਰ ਮੂਰਤ ਮਨ ਵਸਾਇ
ਗੁਰ ਮੂਰਤ ਹਰਿ ਕੀ ਸੂਰਤ, ਇਨ ਮਹਿ ਭੇਦ ਨ ਕਾਇ
ਹਰਿ ਹਰਿ ਨਾਮ ਧਿਆਇ ਬੈਂਸ, ਚਿੱਤ ਭਰਮ ਮਿਟ ਜਾਇ
ਮਨ ਖੋਜ ਕੈ ਵੇਖ ਜ਼ਰਾ, ਹਰਿ ਮਨ ਮਹਿ ਰਿਹਾ ਸਮਾਇ
ਮਨ ਖੋਜ ਜਨ ਹਰ ਰੋਜ਼, ਚਿੱਤ ਲਾਇ ਹਰਿ ਧਿਆਇ
ਮਨ ਰਾਮ ਮੁਖ ਬੋਲੈ ਰਾਮ, ਗੁਰ ਮੂਰਤ ਮਨੈ ਵਸਾਇ
ਸੇਵਕ ਗੁਰ ਸੇਵ ਕਮਾਇ, ਗੁਰ ਚੇਲੇ ਸੰਧ ਮਿਟ ਜਾਇ
ਇਹੈ ਨਿਸਾਨੀ ਹਰਿ ਸੇਵਕ, ਹਰਿ ਗਾਵੈ ਹਰਿ ਭਾਇ

ਮਨ ਨੀਵਾਂ ਚਿੱਤ ਹਰਿ ਧਿਆਰ, ਜਿਹਵਾ ਹਰਿ ਧਿਆਇ
ਮਨ ਮੂਰਤ ਚਿੱਤ ਸੂਰਤ, ਗੁਰਮੁਖ ਸਨਮੁੱਖ ਹੋਇ ਆਇ
ਬੈਸ ਹਰਿ ਨਾਮ ਜਪੰਦਿਆਂ, ਜਨਮ ਮਰਨ ਦੁਖ ਜਾਇ

ਬਹੁ ਮਾਣ

ਮੈਂ ਧਿਆਇਆ ਮੈਂ ਪਾਇਆ, ਮਨ ਦਾ ਭਰਮ ਸਭ ਰਾਮ
ਪਾਇਆ ਮਾਣ ਵਧਾਇਆ, ਸਭ ਕਰਮ ਧਰਮ ਕਾ ਕਾਮ
ਜਿਨ ਪਾਇਆ ਤਿਨੈ ਛੁਪਾਇਆ, ਮਨ ਸਹਿਜ ਸਮਾਵੈ ਰਾਮ
ਰਸ ਪਾਵੈ ਗੂੰਗੇ ਮਠਿਆਈ, ਮਨ ਬਿਗਸ ਬਿਗਸਾਵੈ ਰਾਮ
ਹਰਿ ਰਸ ਮਾਤਾ ਬੋਲ ਨ ਪਾਵੈ, ਮਨ ਹੀ ਮਨ ਗਾਵੈ ਰਾਮ
ਹਰਿ ਗਾਵੈ ਭਰਮ ਮਿਟਾਵੈ, ਏਕਸ ਮਨ ਲਿਵ ਲਾਵੈ ਰਾਮ
ਹਰਿ ਧਿਆਇ ਜੀ ਟਿਕਾਇ, ਇਤ ਭਰਮ ਭੌ ਜਾਵੈ ਰਾਮ
ਗੁਰ ਸਰਣ ਸਾਧ ਸੰਗਤ ਮਿਲ, ਸਾ ਪ੍ਰਭ ਚਿੱਤ ਆਵੈ ਰਾਮ
ਹਰਿ ਮਨ ਮੈ ਰਾਮ ਸਮਾਇਆ, ਨਾ ਆਵੈ ਨਾ ਜਾਵੈ ਰਾਮ
ਹਰ ਰੋਜ਼ ਤੂੰ ਮਨ ਖੋਜ, ਇਤ ਮਨ ਵਸ ਆਇ ਜਾਵੈ ਰਾਮ
ਮਨ ਵਸ ਆਵੈ ਰਾਮ ਧਿਆਵੈ, ਸਾਸ ਨ ਬਿਰਥਾ ਜਾਵੈ ਰਾਮ
ਸੋ ਜਨ ਹਰਿ ਨਾਮ ਧਿਆਵੈ, ਫਲ ਪਾਵੈ ਚਿੱਤ ਲਾਵੈ ਰਾਮ
ਚਿੱਤ ਲਾਵੈ ਤੇਹਾ ਹਰਿ ਭਾਵੈ, ਹਰਿ ਨਾਮ ਬਖਸਾਇ ਰਾਮ
ਮਨ ਲਾਇ ਹਰਿ ਧਿਆਇ, ਮਨੁ ਮੈਂ ਪਰਚਾ ਲਾਇ ਰਾਮ
ਹਰਿ ਧਿਆਇ ਗੁਰ ਸਰਣਾਇ, ਸਾ ਮਾਰਗ ਪਾਵੈ ਰਾਮ
ਗੁਰ ਕਿਰਪਾ ਜਿਨ ਕੀਨੀ, ਤਿਹ ਜਨ ਕੀਰਤ ਗਾਵੈ ਰਾਮ
ਆਪ ਤਜੈ ਹਰਿ ਹਰਿ ਭਜੈ, ਪਾਣੀ ਸੰਗ ਦੁੱਧ ਸਮਾਵੈ ਰਾਮ
ਹਰਿ ਪ੍ਰਭ ਕਿਨੈ ਨ ਦੇਖਿਆ, ਮਨ ਮੈਂ ਰਾਮ ਸਮਾਵੈ ਰਾਮ
ਜਹ ਦੇਖੈ ਤਹ ਰਾਮ ਰਾਮ, ਹਰਿ ਨਾਮ ਰੰਗ ਚੜ੍ਹਾਵੈ ਰਾਮ
ਹਰਿ ਕਾ ਨਾਮ ਧਿਆਇ ਕੈ, ਜਮ ਨਿਕਟ ਨ ਆਵੈ ਰਾਮ
ਜੱਗ ਸਾਜ ਹਰਿ ਮਨ ਵਸੈ, ਮਾਇਆ ਭਰਮ ਭੁਲਾਵੈ ਰਾਮ
ਜਮ ਸਭ ਚਾਕਰ ਰਾਮ ਕੇ, ਸੇਵਕ ਨਿਕਟ ਨ ਆਵੈ ਰਾਮ
ਦਮ ਨਿਕਲੈ ਰੂਹ ਉੜ ਜਾਵੈ, ਜਾਇ ਰਾਮ ਸਮਾਵੈ ਰਾਮ
ਹਰਿ ਧਿਆਵੈ ਰਾਮ ਸਮਾਵੈ, ਬਹੁੜ ਜਨਮ ਨ ਆਵੈ ਰਾਮ

ਚਿੱਤ ਚਾਨਣ

ਹਰ ਜਾ ਹਰਿ ਤੂੰ ਵਸਦਾ, ਤੱਕ ਮਨ ਦਾ ਦੀਵਾ ਜਗਦਾ ਏ
ਮਾਹੀ ਸੰਗ ਨੇਹ ਰਚਾਇ ਕੈ, ਜੱਗ ਪਰਾਇਆ ਲਗਦਾ ਏ
ਮਨ ਲਾਇ ਹਰਿ ਨਾਮ ਧਿਆਇ, ਮਨ ਮਨੁ ਪਰਚਾ ਲਾਇ
ਮਿਟੈ ਹਨੇਰਾ ਭਜੁ ਨਾਮ ਤੇਰਾ, ਭਾਨਣ ਜੀ ਚਾਨਣ ਕਰਾਇ
ਰਾਤੀ ਰੁੱਤ ਹਨੇਰਾ ਛਾਇਆ, ਰਾਹ ਦਿਸਦਾ ਦੀਵਾ ਬਾਲ
ਸਾ ਰੁੱਤ ਸਭ ਜੱਗ ਭਣੈ, ਭਜੁ ਨਾਮਾ ਮਨ ਹੋਇ ਨਿਹਾਲ
ਤਾਰੇ ਛੁਪੇ ਹਨੇਰਾ ਛੁਪ ਜਾਵੈ, ਸੂਰਜ ਚੜ੍ਹੈ ਰਾਤ ਡੁੱਬ ਜਾਵੈ
ਸੋ ਘਟ ਚਾਨਣ ਹੋਇ ਆਵੈ, ਜੋ ਜਨ ਹਰਿ ਨਾਮ ਧਿਆਵੈ
ਸੂਰਜ ਚੜ੍ਹੈ ਜੱਗ ਚਾਨਣ ਹੋਵੈ, ਅੰਧ ਹਨੇਰਾ ਚਿੱਤ ਚੋਂ ਧੋਵੈ
ਨਾਮ ਧਿਆਇ ਜੋਤ ਜਗ ਜਾਇ, ਜਾਗਿਆ ਮਨ ਨਾ ਸੋਵੈ
ਸੂਰਜ ਕਿਰਨ ਕਰੈ ਪਰਗਾਸਾ, ਕਲੂ ਕਾਲ ਕਾ ਹੋਇ ਵਿਨਾਸਾ
ਗੁਰਬਚਨ ਕਿਰਨ ਕਰ ਧਿਆਇ, ਭਜੁ ਨਾਮ ਚਿੱਤ ਭਰਵਾਸਾ
ਹੋਵੈ ਚਾਨਣ ਚੋਰ ਭੱਜ ਜਾਣ, ਉਲੂੰ ਤੇ ਚਮਗਿੱਦੜ ਛੁਪ ਜਾਣ
ਚਿੱਤ ਲਾਇ ਭਜੈ ਹਰਿ ਨਾਮ, ਨਾਮ ਜਪਤੁ ਦੁਖ ਮਿਟ ਜਾਣ
ਨਾਮ ਧਿਆਇ ਹਰਿ ਗੁਣ ਗਾਇ, ਰੱਖ ਇੱਕ ਵੱਲ ਧਿਆਨ
ਸਾਧਕ ਸਿੱਧੀ ਰਸ ਨਾਦਾਨ, ਨਾ ਭਗਤੀ ਨਾ ਰੱਬ ਗਿਆਨ
ਧਰਮ ਕਰਮ ਭਰਮ ਦਾ ਫੰਧਾ, ਨਾਮ ਜਪਿ ਭਰਮ ਮਿਟ ਜਾਈ
ਸੱਚ ਭਾਖੈ ਸਵਰਨ ਵਿਚਾਰ ਕੈ, ਭਜੁ ਹਰਿ ਨਾਮਾ ਚਿੱਤ ਲਾਈ
ਗੁਰ ਸਰਣਾਇ ਨਾਮ ਧਿਆਇ, ਗੁਰਬਚਨ ਮਨ ਮਾਹਿ ਵਸਾਇ
ਗੁਰ ਪਰਮੇਸਰ ਏਕ ਧਿਆਇ, ਧਾਇਆ ਮਨ ਸਿੱਧਾ ਹੋਇ ਆਇ
ਜੋ ਦਿਨ ਆਇਆ ਸੋ ਦਿਨ ਜਾਇ, ਸਾਸ ਸਾਸ ਔਧ ਘਟ ਜਾਇ
ਸਮਾਂ ਬੀਤਿਆ ਜਾਤ ਹੈ, ਸਵਰਨ ਕਿਉਂ ਨ ਹਰਿ ਨਾਮ ਧਿਆਇ
ਸਾ ਵੇਲਾ ਹੱਥ ਨਹੀਂ ਆਵਣਾ, ਭਜੁ ਹਰਿ ਸਤਿਗੁਰ ਸਰਣਾਇ
ਸਤਿਗੁਰ ਦਾਤਾ ਪੁਰਖ ਵਿਧਾਤਾ, ਚਿੱਤ ਚਾਨਣ ਕਰ ਦਿਖਲਾਇ

ਮਨ ਮਹਿ ਰਾਮ

ਜੋ ਜਨ ਤਨ ਸੋ ਨਾਮ ਧਿਆਵੈ, ਤਿਸ ਕੀ ਘਾਲ ਰਾਸ ਨ ਆਵੈ
ਮਨ ਟਿਕਾਵੈ ਨਾਮ ਧਿਆਵੈ, ਧਾਇਆ ਮਨ ਵਸ ਆਇ ਜਾਵੈ
ਮਨ ਮਹਿ ਰਾਮ ਰਾਮ ਮਹਿ ਮਨੂਆਂ, ਮਨ ਮਹਿ ਰਾਮ ਛੁਪਾਵੈ
ਤਨ ਮਨ ਸੋ ਰਾਮ ਧਿਆਵੈ, ਤਿਸ ਕਾ ਮਨ ਥਿਰ ਹੋਇ ਆਵੈ

ਤਜ ਮਾਣ ਤਾਣ ਈਰਖਾ ਲੋਭ ਮੋਹ, ਹਰਿ ਮਾਰਗ ਚੱਲਣ ਹੋਇ
ਆਪ ਵਾਰ ਨਾਮ ਚਿੱਤ ਧਾਰ, ਨਾਮ ਧਿਆਇ ਪਰਮਗਤ ਹੋਇ
ਬੈਂਸ ਅਪਣਾ ਆਪ ਤਜਾਇ, ਨਿੱਤ ਭਜ ਹਰਿ ਪ੍ਰਭ ਨਿਰੰਕਾਰਾ
ਹਰਿ ਨਾਮ ਧਿਆਇ ਚਿੱਤ ਲਾਇ, ਹਰਿ ਨਾਮਾ ਪਾਰ ਉਤਾਰਾ
ਹਰਿ ਹਰ ਜਾਇ ਰਹੈ ਛੁਪਾਵੈ, ਹਰ ਜਨ ਹਰਿ ਨਾਮ ਧਿਆਵੈ
ਹਰਿ ਧਿਆਇ ਗੁਰ ਸਰਣਾਇ, ਬੇਦ ਕਤੇਬ ਸਗਲ ਸਮਝਾਵੈ
ਕਰਮ ਧਰਮ ਸਭ ਜੱਗ ਕਮਾਵੈ, ਧਰਮਾਂ ਬਾਧਾ ਜੱਗ ਉਠ ਧਾਵੈ
ਜੋ ਜਨ ਹਰਿ ਨਾਮ ਨਾ ਧਿਆਵੈ, ਜਾਣ ਸਮੈਂ ਘਣਾ ਦੁਖ ਪਾਵੈ
ਚਿੱਤ ਲਾਇ ਨਾਮ ਧਿਆਇਆ, ਸੁਣ ਲਿਹੋ ਜਗਤ ਸਬਾਇਆ
ਸਤਿਗੁਰ ਸੰਗ ਨੇਹ ਰਚਾਇਆ, ਤਿਨ ਸਤਿਗੁਰ ਹਰਿ ਪਾਇਆ
ਸੱਚ ਰੱਖੈ ਚਿੱਤ ਛੁਪਾਇ, ਜਿਉਂ ਗੂੰਗੇ ਸਾਦ ਮਿਠਾਈ ਪਾਇਆ
ਜਿਨ ਪ੍ਰਭ ਪਿਆਰਾ ਪਾਇਆ, ਸੋ ਮਨ ਮਹਿ ਰੱਖੈ ਛੁਪਾਇਆ
ਗਾਇ ਗਾਇ ਜੱਗ ਸੁਣਾਵੈ, ਤਿਨ ਕੈ ਮਨ ਹਰਿ ਰੰਗ ਨਾ ਭਾਵੈ
ਸੁਆਹ ਛਾਣੈ ਸੁਆਹ ਉਛਾਲੈ, ਤਨ ਮੈਲਾ ਮਨ ਮੈਲ ਵਧਾਵੈ
ਕਰਮ ਕਮਾਵੈ ਧਰਮ ਕਮਾਵੈ, ਪ੍ਰਭ ਮਾਣਸ ਫਰਜ਼ ਬਣਾਇਆ
ਹਰਿ ਪ੍ਰਭ ਅਤਿ ਉਤੱਮ ਉਚਾ, ਕਰਮ ਧਰਮ ਪਹੁੰਚ ਨ ਪਾਇਆ
ਜਿਤ ਹਰਿ ਚਿੱਤ ਨ ਲਾਇਆ, ਸੋ ਜਨ ਕਾਹੇ ਜੱਗ ਆਇਆ
ਜੱਗ ਆਵਣ ਸੁਆਉ ਬਣਾਇਆ, ਭਜੁ ਨਾਮਾ ਹਰਿ ਚਿੱਤ ਲਾਇਆ
ਗੁਰ ਸਰਣਾਈ ਮੇਰੇ ਬੰਧਪ ਭਾਈ, ਹਰਿ ਨਾਮ ਭਜੋ ਚਿੱਤ ਲਾਇ
ਸਤਿਗੁਰ ਦਾਤਾ ਨਾਮ ਕਾ, ਮਨ ਹਰਿ ਪਰਗਟ ਕਰ ਦਿਖਲਾਇ

ਜਿਹਵਾ ਰਸ

ਜਿਉਂ ਸਾਦ ਜੀਭ ਚੱਖ ਆਵੈ, ਖਟ ਮਿਠ ਸੁਆਦ ਲੁਭਾਵੈ
ਹਰਿ ਨਾਮਾ ਜਿਨ ਮਨ ਭਾਵੈ, ਤਿਸ ਰਸਕ ਰਸਕ ਰਸ ਆਵੈ
ਜਿਉਂ ਗੂੰਗਾ ਮਠਿਆਈ ਖਾਵੈ, ਮਨ ਬਹਿਲਾਵੈ ਆਖ ਨ ਪਾਵੈ
ਤਿਉਂ ਹਰ ਜਨ ਨਾਮ ਲੁਭਾਵੈ, ਰਸ ਕਸ ਮਾਤਾ ਬੋਲ ਨ ਪਾਵੈ
ਸਹਿਜ ਸੁਭਾਇ ਜੋ ਜਸ ਗਾਵੈ, ਮਨ ਮਹਿ ਹਰਿ ਨਾਮ ਸਮਾਵੈ
ਹਰਿ ਜਨ ਹਰਿ ਨਾਮ ਧਿਆਵੈ, ਨਾਮ ਧਿਆਵੈ ਮਨ ਸਮਝਾਵੈ
ਮਨ ਸਰਧਾ ਚਿੱਤ ਗੁਰ ਮੂਰਤ, ਹਰਿ ਜਨ ਗੁਰ ਸਬਦ ਕਮਾਵੈ
ਨਾਮ ਧਿਆਇ ਮਨ ਵਸ ਆਇ, ਹਰਿ ਨਾਮ ਮੀਠਾ ਬਣ ਆਵੈ
ਹਰਿ ਨਾਮਾ ਹਰਿ ਪ੍ਰਭ ਭਾਵੈ, ਹਰਿ ਧਿਆਵੈ ਜਨ ਰਸਕ ਰਸਾਵੈ

ਮਨ ਮਹਿ ਰਾਮ ਨਾਮ ਸਮਾਵੈ, ਨਾਮ ਜਪਤ ਵਿਗਸ ਵਿਗਸਾਵੈ
ਬੈਂਸ, ਨਿਰਗੁਣ ਕਿਨੈ ਨ ਦੇਖਿਆ, ਪ੍ਰਭ ਭਾਵੈ ਤਿਸ ਸਮਝਾਵੈ
ਨਾਮ ਧਿਆਵੈ ਮਨ ਟਿਕ ਜਾਵੈ, ਮਨ ਟਿਕਾਵੈ ਹਰਿ ਗੁਣ ਗਾਵੈ
ਧਰਮ ਦਾ ਕਰਮ ਸਮਾਜ ਬਣਾਵੈ, ਮਗਰ ਲਾਇ ਕੈ ਜੱਗ ਚਲਾਵੈ
ਧਰਮ ਕਰਮ ਦਗਰ ਇਨਸਾਨੀ, ਬੁਰੇ ਕਰਮ ਤੋਂ ਲੋਕ ਹਟਾਵੈ
ਧਰਮ ਸਭਿਅਤਾ ਚਾਲ ਚਲਣ, ਕਿਸੈ ਚੰਗਾ ਕੋਇ ਮੰਦਾ ਪਾਵੈ
ਸਾਧ ਤਨ ਸੋਧੈ ਜੱਗ ਸਮਝਾਵੈ, ਸੋ ਸਿਖਿਆ ਧਰਮ ਬਣ ਆਵੈ
ਇਕ ਬਣਾਵੈ ਦੂਜਾ ਆਇ ਢਾਵੈ, ਨਿੱਤ ਨਵਾਂ ਧਰਮ ਉਠੱ ਆਵੈ
ਨਰੋਲ ਰਾਹ ਰੱਬ ਦਾ ਸੰਤੋ, ਕੋਇ ਇਸ ਰਾਹ ਕੌ ਬਦਲ ਨ ਪਾਵੈ
ਨਿਰਬਲ ਪਰਬਲ ਕਰਮ ਬਣਾਵੈ, ਪਰਬਲ ਸਰਕਾਰ ਕਹਾਵੈ
ਗੁਰਬਚਨ ਕਮਾਇ ਮਨ ਸਮਝਾਇ, ਗੁਰ ਸੇਵਣ ਭਗਤ ਕਹਾਵੈ
ਜਬ ਸਭ ਮਹਿ ਏਕ ਜੋਤ ਸਮਾਵੈ, ਫਿਰ ਊਚ ਨੀਚ ਕਿਉਂ ਪਾਵੈ
ਊਚ ਨੀਚ ਮਾਇਆ ਦਾ ਧੰਦਾ, ਮਨਮੁਖ ਊਚ ਨੀਚ ਖੋਇ ਜਾਵੈ
ਹਰਿ ਹਰਿ ਨਾਮ ਧਿਆਇ ਮਨ, ਗੁਰ ਬਿਨ ਕੋਇ ਪਾਰ ਨ ਪਾਵੈ
ਹਰਿ ਨਾਮ ਤਿਸ ਮਨ ਵਸੈ, ਜਿਸ ਨਦਰ ਸਤਿਗੁਰ ਵਰਸਾਵੈ
ਗੁਰ ਪਾਰਸ ਗੁਰ ਪਾਰਜਾਤ, ਫਲ ਬਾਰਹ ਮਾਸ ਫਲਤ ਫੈਲਾਵੈ
ਹਰਿ ਸਤਿਗੁਰ ਮਾਹਿ ਸਮਾਵੈ, ਜੋ ਗੁਰ ਧਿਆਵੈ ਪਾਰ ਤਰਾਵੈ

ਪ੍ਰੀਤਮ ਪ੍ਰੀਤ

ਬੋਲ ਬਬੀਹੇ ਬੋਲ, ਪ੍ਰਿਯ ਪੀਅ ਛਹਿਬਰ ਲਾਵੈਗੋ
ਨੱਚ ਬਾਗ਼ ਵਿਚ ਮੋਰ, ਘਟਾ ਘਨਘੋਰ ਮਚਾਵੈਗੋ
ਕੋਕਿਲ ਕੂ ਕੂ ਕੁਰਲਾ, ਪੀਆ ਘਰ ਆਵੈਗੋ
ਤੂੰ ਗੀਤ ਧੁਨੀਂ ਧੁੰਨ ਗਾ, ਪੀ ਸੰਗ ਸਮਾਵੈਗੋ
ਚਕੋਰ ਤੱਕੈ ਰਾਹ, ਚੰਨ ਮਾਹੀ ਚੜ੍ਹ ਆਵੈਗੋ
ਚਕਵੀ ਸੌਂ ਨਾ ਸਕੈ, ਸੂਰ ਵੀਰ ਮੁੜ ਧਾਵੈਗੋ
ਹਰਿ ਦਰਸਨ ਕੀ ਪਿਆਸ, ਮੋਹਿ ਪ੍ਰਭ ਭਾਵੈਗੋ
ਦਾਸਨ ਦਾਸਾ ਦਾਸ, ਬੈਂਸ ਦਾਸ ਹੋਇ ਆਵੈਗੋ
ਮੋਹਿ ਨੀਰ ਤਰੰਗ ਪਸੰਦ, ਘਟ ਘਟੈ ਸਮਾਵੈਗੋ
ਮਛਲੀ ਨੀਰ ਸੰਗ ਨੇਹ, ਬਾਝ ਪ੍ਰੀਤ ਮਰ ਜਾਵੈਗੋ
ਪੀਆ ਮਿਲਣ ਮੋਹਿ ਪਿਆਸ, ਕਬ ਘਰ ਆਵੈਗੋ
ਚੜ੍ਹ ਕੋਠੇ ਬੈਠ ਬਨੇਰੇ, ਪੀਆ ਰਾਹ ਤਕਾਵੈਗੋ

ਪੀਆ ਸੰਗ ਮੋਰ ਜੀਆ, ਪੀਆ ਕੇਲ ਕਰਾਵੈਗੋ
ਜਪੁ ਜਾਪੁ ਜਪਤੁ ਬੇਚੈਨ, ਕਬ ਸੁਖ ਫਲ ਪਾਵੈਗੋ
ਨੀਚ ਬੈਂਸ ਮਸਕੀਨ, ਪੀਆ ਕਬ ਗਲ ਲਾਵੈਗੋ
ਜਿਉਂ ਨਾਦ ਕੁਰੰਗਾ ਨੇਹ, ਫਾਸ ਗਲ ਪਾਵੈਗੋ
ਮਲਿਆਗਰ ਸੰਗ ਨਿਵਾਸ, ਰਿੰਡ ਤਰ ਜਾਵੈਗੋ
ਸੰਤਨ ਸਾਧੂ ਧੂਰ, ਸਵਰਨ ਤੋਹਿ ਮੁਖ ਲਾਵੈਗੋ
ਕਿਤ ਬਿਧ ਕਰੋਂ ਉਪਾਇ, ਪੀਆ ਘਰ ਆਵੈਗੋ
ਦਰਸ ਪੇਖ ਮਨ ਭਾਇ, ਪਿਆਸ ਮਿਟ ਜਾਵੈਗੋ
ਹਰਿ ਦਾਤਾ ਹਮ ਜਾਚਕ, ਦਰ ਭੀਖ ਮੰਗਾਵੈਗੋ
ਭੀਖ ਲੱਪ ਗੁਰ ਪਾਇ, ਚਰਨ ਧੂੜ ਮੁਖ ਲਾਵੈਗੋ
ਹਰਿ ਹਰਿ ਨਾਮ ਅਰਾਧ, ਹਰੇ ਹਰਿ ਗਾਵੈਗੋ
ਬੈਂਸ ਹਰਿ ਹਰਿ ਸੰਗ ਸਮਾਏ, ਬਹੜ ਨ ਆਵੈਗੋ

ਗੁਰ ਸਰਣ

ਗੁਰਚਰਣੀ ਚਿੱਤ ਲਾਇ, ਜਨ ਹਰਿ ਹਰਿ ਨਾਮ ਧਿਆਇ
ਇਹਾ ਭਗਤੀ ਇਹਾ ਗਿਆਨ, ਸੁਣ ਲਿਓ ਜਗਤ ਸਬਾਇ
ਮਨ ਸਿੱਧਾ ਕਰਨ ਲਈ ਸਵਰਨ, ਜਨ ਕਿਤਨੇ ਭੇਸ ਬਣਾਵੈ
ਦੇਹਰਾ ਪੂਜੈ ਕੋਈ ਮਸੀਤ, ਹਰਿ ਜਨ ਹਰਿ ਨਾਮ ਧਿਆਵੈ
ਧਰਮੀ ਪੰਜ ਕੁਬੁਧਾਂ ਉਲਝੈ, ਤਿਸ ਸੋਂ ਨਾ ਛੁਟਕਾਰਾ ਪਾਵੈ
ਰੱਬ ਧਰਮ ਦੇ ਰਾਹ ਵਖਰੇ, ਗੁਰਮੁਖ ਧਰਮ ਰਾਹ ਨ ਭਾਵੈ
ਸਾ ਮਨ ਸਿੱਧਾ ਕਰ ਭਾਈ, ਹਰਿ ਮਨ ਮਹਿ ਰਿਹਾ ਸਮਾਈ
ਜਿਤ ਪਲ ਹਰਿ ਚਿੱਤ ਆਵੈ, ਸੋ ਪਲ ਪਵਿੱਤ ਹੈ ਭਾਈ
ਹਰ ਮਨ ਮਹਿ ਪ੍ਰਭ ਸਮਾਇਆ, ਹਰਿ ਬਿਨ ਕੋਇ ਨਾਇ
ਫਿਰ ਕੌਣ ਊਚ ਕੋ ਨੀਚ ਹੈ, ਬੈਂਸ, ਵੇਖੋ ਜੱਗ ਭਰਮਾਇ
ਸਭ ਮੈਂ ਬਰਤੈ ਸੱਚਾ ਸੋਈ, ਗੁਰ ਸੇਵਣ ਮਨ ਪਰਗਟ ਹੋਈ
ਹਰਿ ਸਿਮਰੈ ਗੁਰਸ਼ਬਦ ਕਮਾਵੈ, ਸੇਈ ਭਗਤ ਕਹਾਵੈ ਤੋਈ
ਨਾਮ ਜਪੋ ਸਤਿਗੁਰ ਸਰਣਾਈ, ਗੁਰ ਸਤਿਗੁਰ ਹੋਇ ਸਹਾਈ
ਹਰਿ ਧਿਆਵੋ ਮਨ ਸਮਝਾਵੋ, ਗੁਰ ਸਤਿਗੁਰ ਲਾਜ ਰਖਾਈ
ਚਰਣ ਚੱਲੈ ਮਾਰਗ ਸਾਧੂ ਕੈ, ਹਰਿ ਨਾਮਾ ਮਨ ਮਾਹਿ ਚਿਤਾਰੈ
ਚਿੱਤ ਆਵੈਂ ਪ੍ਰਭ ਤੇਰੀ ਸੋਭਾ, ਤੇਰਾ ਸਵਰਨ ਤੋਹਿ ਨਮਸਕਾਰੈ
ਗੁਰ ਚਰਣੀ ਚਿੱਤ ਲਾਇ ਪਿਆਰੇ, ਹਰਿ ਨਾਮ ਰੱਖੋ ਉਰਧਾਰੇ

ਭਜੁ ਨਾਮਾ ਹਰੇ ਹਰਿ ਹੋਈਐ, ਸਤਿਗੁਰ ਪਾਰ ਉਤਾਰਣ ਹਾਰੇ
ਗੁਰੂ ਦੁਆਰੈ ਗੁਰ ਸਬਦ ਸੁਣਾਵੈ, ਬਿਨ ਸਰਧਾ ਮਨ ਨ ਭਾਇ
ਗੁਰ ਕੈ ਭਾਣੈ ਸਬਦ ਮਨ ਵਸਾਇ, ਮੁੜ ਕਦੀ ਵਿਸਰ ਨ ਜਾਇ
ਮੇਰੇ ਭਾਈ ਸਾਧੋ ਗੁਰੂ ਅਰਾਧੋ, ਸਤਿਗੁਰ ਬਿਨ ਤਰੈ ਨਾ ਕੋਇ
ਸਤਿਗੁਰ ਦਾਤਾ ਹਰਿ ਨਾਮ ਕਾ, ਗੁਰ ਸੇਵਣ ਹਰਿ ਸੇਵਣ ਹੋਇ
ਮਨ ਗੁਰ ਮੂਰਤ ਗਹਿ ਚਰਣੀ ਸੂਰਤ, ਸਨਮੁੱਖ ਰਹੋ ਇਤ ਭਾਈ
ਜਿਨ ਗੁਰ ਹਰਿ ਕਰ ਸਾਧਿਆ, ਬੈਂਸ ਤਿਨਹਿ ਪਰਮਗਤ ਪਾਈ

ਚਿੱਤ ਚਾਤਰ

ਤਨ ਮਹਿ ਜਨ ਮਨ ਖੋਜੋ ਭਾਈ, ਮਨ ਮਹਿ ਹਰਿ ਰਿਹਾ ਸਮਾਈ
ਉਹ ਦੇਖੈ ਤੋਹਿ ਨਜ਼ਰ ਨ ਆਵੈ, ਹਰਿ ਐਸੀ ਬਣਤ ਬਣਾਈ ਹੇ
ਰੂਹ ਰੱਬ ਦਾ ਹਿੱਸਾ ਭਾਈ, ਚੌਗਿਰਦੈ ਹਰਿ ਮਨ ਜਾਲ ਵਿਛਾਈ
ਤਿਸ ਜਾਲ ਫਾਥੈ ਸਗਲ ਸੰਸਾਰਾ, ਹਰਿ ਰੂਹ ਵੇਖ ਨ ਪਾਈ ਹੇ
ਬਾਹਰ ਮਨ ਮਹਿ ਸੋਚ ਬਣਾਈ, ਵਿਚੇ ਚੰਚਲਤਾ ਪ੍ਰਭ ਪਾਈ
ਸੋਚ ਵਿਚਾਰ ਮਨ ਨੇਕ ਸਮਾਣੈ, ਸੋ ਚੰਚਲ ਮਨ ਨਾ ਭਾਈ ਹੇ
ਚੰਚਲ ਮਨ ਗਿਆਨੀ ਕਹਾਵੈ, ਦੁਬਿਧਾ ਬਾਧਾ ਟਿਕਣ ਨ ਪਾਵੈ
ਚਾਰ ਚੌਬਾਰ ਚਿੱਤ ਘੋੜ ਦੁੜਾਵੈ, ਚੰਚਲ ਜਨ ਮਨਮੁਖ ਭਾਈ ਹੇ
ਚੰਚਲ ਮਨ ਦਹਿ ਦਿਸ ਧਾਵੈ, ਮਾਇਆ ਮਾਤਾ ਭਰਮ ਭੁਲਾਵੈ
ਪੜ੍ਹ ਪੜ੍ਹ ਜਨ ਕੜ੍ਹ ਜਾਵੈ, ਤਿਸ ਮਨ ਕੀ ਸੁੱਧ ਨ ਪਾਈ ਹੇ
ਚੰਚਲ ਮਨ ਵਿਦਵਾਨ ਕਹਾਵੈ, ਉਲਟਾ ਸੋਚੈ ਉਲਟੇ ਰਾਹ ਪਾਵੈ
ਨਿੱਤ ਵੇਦ ਗ੍ਰੰਥ ਪੜ੍ਹੈ ਮਨ ਮਾਤਾ, ਪੜ੍ਹ ਲੋਕਾਂ ਤਾਈਂ ਸੁਣਾਈ ਹੇ
ਪਾਠ ਪੜ੍ਹੈ ਕੁਝ ਸਮਝ ਨਾ ਆਵੈ, ਮਨ ਮਾਤੇ ਮਾਨੇ ਸਮਝਾਵੈ
ਚੰਚਲ ਸੋਚ ਚਿੱਤ ਚੰਚਲ ਹੋਵੈ, ਪੜ੍ਹਿਆਂ ਸਮਝ ਨ ਪਾਈ ਹੇ
ਰੱਬ ਧਿਆਉਣਾ ਮਨ ਸਮਝਾਉਣਾ, ਨਾਮ ਧਿਆਇ ਮਨ ਟਿਕਾਉਣਾ
ਮਨ ਟਿਕੈ ਸਿੱਧਾ ਹੋਇ ਆਵੈ, ਮਨ ਦੁਬਿਧਾ ਜਾਲ ਤੁੜਾਈ ਹੈ
ਜਨ ਕਰੈ ਰੱਬ ਰੂਹ ਜਾਣੈ, ਬਿਨ ਦੱਸੇ ਮਨ ਮਹਿ ਲਿਖ ਆਣੈ
ਤੂੰ ਕਮਾਵੈਂ ਹਰਿ ਪ੍ਰਭ ਜਾਣੈ, ਹਰਿ ਮਨ ਮਹਿ ਰਿਹਾ ਸਮਾਈ ਹੇ
ਹਰਿ ਪਾਸੋਂ ਕੁਝ ਛੁਪ ਨ ਪਾਵੈ, ਫਿਰ ਕਿਉਂ ਨੀਚ ਕਰਮ ਕਮਾਵੈ
ਜਾਣ ਸਮੇਂ ਸਭ ਸਾਹਮਣੈ ਆਵੈ, ਸਭ ਕੂੜੀ ਕੂੜ ਕਮਾਈ ਹੇ
ਕਰਮ ਕਮਾਏ ਸਭ ਜੱਗ ਤੋਂ ਛੁਪਾਏ, ਅੰਦਰ ਚੋਰ ਮੋਰ ਪੈ ਜਾਏ
ਖੁਲ੍ਹੇ ਕਿਤਾਬ ਹੋਵੈ ਹਿਸਾਬ, ਬੈਂਸ ਲੇਖ ਨ ਮੇਟਿਆ ਜਾਈ ਹੇ

ਹਰਿ ਹਰਿ ਨਾਮ ਜਪੋ ਮਨ ਮੇਰੇ, ਹਰਿ ਨਾਮ ਕਟੈ ਅਘ ਤੇਰੇ
ਗੁਰ ਕਿਰਪਾ ਤੇ ਮਨ ਵਸ ਆਵੈ, ਹਰਿ ਹਰਿ ਨਾਮ ਧਿਆਈ ਹੇ

ਮਨ ਪਿਆਸ

ਸਤਿਗੁਰ ਸਰਣ ਬੇਨੰਤੀਆਂ, ਹਮ ਹਰਿ ਨਾਮਾ ਚਿੱਤ ਲਾਵੈ
ਨਾਮ ਸੁਣੈ ਨਾਮ ਮੁਖ ਬੋਲੈ, ਹਰਿ ਹਰਿ ਨਾਮ ਮੇਰੈ ਮਨ ਭਾਵੈ
ਮਿਹਰ ਹੋਵੈ ਪ੍ਰਭ ਕਾਦਰੈ, ਮਨ ਮਹਿ ਹਰਿ ਨਾਮ ਸਮਾਵੈ
ਹਰਿ ਨਾਮ ਭਜੈ ਮਾਣ ਤਜੈ, ਕੋਇ ਸਾਸ ਨ ਬਿਰਥਾ ਜਾਵੈ
ਸਤਿਗੁਰ ਕੇ ਹਮ ਲਾਲੇ ਗੋਲੇ, ਗੁਰਚਰਨ ਧੂੜ ਮੁਖ ਲਾਵੈ
ਹਰਿ ਮੀਤ ਮਿਲਾ ਮੇਰਾ ਪ੍ਰੀਤਮਾ, ਜੋ ਹਰਿ ਨਾਮ ਧਿਆਵੈ
ਚਰਨ ਪਖਾਰ ਕਰੋਂ ਹਰਿ ਸੇਵਾ, ਮੋਹਿ ਗੁਰ ਨਾਮ ਜਪਾਵੈ
ਗੁਰ ਵੇਖੇ ਮਨ ਹੋਏ ਰਹਸ, ਬੈਂਸ; ਗੁਰਚਰਨੀ ਚਿੱਤ ਲਾਵੈ
ਅਘ ਕਾਟੈ ਮਨ ਦੁਬਿਧਾ ਨਾਸੈ, ਚਰਨ ਸਰਨ ਮੋਹਿ ਲਾਵੈ
ਗੁਰ ਪੇਖੈ ਮਨ ਹੋਇ ਨਿਮਾਣਾ, ਹਰਿ ਸਰਧਾ ਮਨ ਵਸਾਵੈ
ਗੁਰ ਪੇਖੇ ਨਾਮ ਚਿੱਤ ਆਵੈ, ਹਰਿ ਸਤਿਗੁਰ ਮੇਲ ਕਰਾਵੈ
ਪਾਵ ਮਲੋਵਾਂ ਚਰਨਨ ਧੋਵਾਂ, ਧੋਇ ਚਰਨ ਨੀਰ ਮੁਖ ਪਾਵੈ
ਸੇਵ ਕਰਾਂ ਤੋਹਿ ਲਾਲਾ ਗੋਲਾ, ਹਰਿ ਚਰਨੀ ਚਿੱਤ ਲਾਵੈ
ਮੇਰੇ ਰਾਮ ਜੀ, ਮੋਹਿ ਸਤਿਗੁਰ ਦਰਸ ਪਿਆਸ ਸਤਾਵੈ
ਪਿਆਸ ਲਗਾਵੈ ਮਨ ਬਹਿਕਾਵੈ, ਨੈਣੀ ਨੀਂਦ ਨਾ ਭਾਵੈ
ਆਇ ਮਿਲ ਮੇਰੇ ਪ੍ਰੀਤਮਾਂ, ਜਨ ਦਰਸਣ ਆਸ ਲਗਾਵੈ
ਜਿਉਂ ਚਾਤ੍ਰਿਕ ਬਿਨ ਮੇਘਲਾ, ਸੂਰਜ ਚਕਵੀ ਤੜਪਾਵੈ
ਆਇ ਮਿਲੈ ਮੇਰਾ ਪਿਆਰਾ, ਮੇਰੈ ਮਨ ਕੀ ਧੀਰ ਬਨ੍ਹਾਵੈ
ਜਿਉਂ ਮਛਲੀ ਬਿਨ ਨੀਰੈ, ਨਾਮ ਬਿਨ ਬੈਂਸ ਮਰ ਜਾਵੈ
ਬਿਨੋ ਸੁਣੋ ਮੇਰੇ ਸਤਿਗੁਰਾ, ਗੁਰ ਆਇ ਦਰਸ ਵਖਾਵੈ
ਚਿੱਤ ਮਹਿ ਚਿੱਤ ਚਿਤਾਰੈ, ਚਿੱਤ ਚਰਨ ਧੂੜ ਮੁਖ ਲਾਵੈ
ਗੁਰ ਵਾਕ ਸਿਰ ਹੱਥ ਗੁਰ, ਗੁਰ ਸਤਿਗੁਰ ਬਚਨ ਕਮਾਵੈ
ਸਤਿਗੁਰ ਚਿਰੀ ਵਿਛੁੱਨਿਆਂ, ਹਰਿ ਕਬ ਦਰਸ ਵਖਾਵੈ
ਤਨ ਮਨ ਗੁਰ ਪੈ ਵਾਰ ਕੈ, ਹਰਿ ਸਤਿਗੁਰ ਸੇਵ ਕਮਾਵੈ
ਸੁਣ ਬੈਂਸ ਸਾਧੁ ਬੇਨੰਤੀ, ਹਰਿ ਸਤਿਗੁਰ ਸੰਗ ਮਿਲਾਵੈ

ਪ੍ਰੀਤਮ

ਕੁਝ ਨਹੀਂ ਸੀ ਜੱਗ ਵਿਚ ਯਾਰਾ, ਤੂੰ ਸੈਂ ਮੇਰਾ ਯਾਰ ਪਿਆਰਾ
ਤੂੰ ਮੇਰੇ ਵਿਚ ਮੈਂ ਤੇਰੇ ਵਿਚ, ਪਿਆਰ ਦੋਹਾਂ ਦਾ ਸਾਂਝਾ ਯਾਰਾ
ਖੁਦਾ ਤੂੰ ਖੁਦ ਸੀ ਛੁਪਿਆ, ਮੈਂ ਛੁਪਿਆ ਤੇਰੇ ਸੰਗ ਯਾਰਾ
ਮਾਸ਼ੂਕਾ ਮੇਰੀ ਤੂੰ ਸਖੀ ਸੈਂ, ਆਸ਼ਿਕ ਤੇਰਾ ਯਾਰ ਪਿਆਰਾ
ਦੋ ਨਹੀਂ ਇਕ ਸਾਂ ਆਪਾਂ, ਇਕ ਦੂਜੇ ਦਾ ਪਿਆਰ ਸਹਾਰਾ
ਅਪਣੀ ਹੋਂਦ ਚ ਆਇ ਕੈ, ਕੁੰਨਫ ਕੁੰਨ ਦਾ ਲਾਇਆ ਨ੍ਹਾਰਾ
ਏਕ ਕਵਾਓ ਅਲਾਇ ਕੈ, ਸਾਜ ਦਿੱਤਾ ਈ ਤੂੰ ਜੱਗ ਸਾਰਾ
ਜੱਗ ਮਾਸ਼ੂਕਾ ਜਾਣ ਕੈ, ਭੁਲਾ ਦਿੱਤਾ ਸੂ ਤੂੰ ਯਾਰ ਪਿਆਰਾ
ਸੱਖਣੇ ਯਾਰ ਵਿਛੜ ਗਏ, ਗੁਆਚਾ ਯਾਰ ਯਾਰ ਦਾ ਯਾਰਾ
ਬਹੁ ਜਨਮ ਬੈਂਸ ਭੌਂ ਆਇਆ, ਤੇਰੀ ਖੋਜ ਚ ਮਾਰਾ ਮਾਰਾ
ਅਸਾਂ ਅਪਣੀ ਲਾ ਨਿਭਾਈ ਸੂ, ਤੂੰ ਯਾਰ ਕੂ ਲਾਇਆ ਲਾਰਾ
ਸਾਥੋਂ ਤੋੜ ਜੱਗ ਸੰਗ ਲਾਈ, ਕੀਤੋ ਜ਼ੁਲਮ ਯਾਰ ਕੂ ਭਾਰਾ
ਯਾਰੀ ਤੋੜ ਮਰੋੜ ਸਖੀ, ਬਹੁ ਤੜਫਾਇਆ ਯਾਰ ਪਿਆਰਾ
ਬਹੁਤ ਜਨਮ ਸੋਂ ਵਿਛੜੇ ਸਾਂ, ਕਈ ਜਨਮ ਕੀਆ ਅਵਤਾਰਾ
ਰੁੱਖ ਬਿਰਖ ਪਸੂ ਪੰਛੀ ਭੇਸ ਬਣਾ, ਬੈਂਸ ਖੋਜਿਆ ਜੱਗ ਸਾਰਾ
ਦੱਸ ਭਲਾ ਕੀ ਖ਼ਤਾ ਅਸਾਂ ਦੀ, ਬੈਠ ਸਾਹਮਣੇ ਮੇਰੇ ਯਾਰਾ
ਉਠਾ ਘੁੰਗਟਾ ਵਖਾ ਮੁਖੜਾ, ਈਦ ਮਨਾਵੈ ਯਾਰ ਪਿਆਰਾ
ਤੈਨੂੰ ਖੋਜ ਬੈਂਸ ਹੰਭ ਗਿਆ, ਨਾ ਢੋਈ ਨ ਮਿਲੇ ਕਿਨਾਰਾ
ਇਸ਼ਕ ਤੇਰੇ ਚ ਮਜਨੂ ਬਣਿਆਂ, ਭਾਵੈ ਭੀਖ ਲੈਲ ਦਰ ਯਾਰਾ
ਤੂੰ ਹੀਰ ਮੈਂ ਬਣਿਆਂ ਜੋਗੀ, ਜਾ ਲੱਭਿਆ ਸੂ ਖੇੜੀਂ ਯਾਰਾ
ਤੂੰ ਆਸ਼ਿਕ ਮੈਂ ਮਾਸ਼ੂਕਾ ਹੁਣ, ਨੈਣ ਮਿਲਾ ਕੇ ਦੇ ਸਹਾਰਾ
ਮੇਰੇ ਚਿੱਤ ਚ ਮਾਣ ਬੜਾ, ਮੇਰਾ ਚੰਨ ਮੇਰਾ ਯਾਰ ਪਿਆਰਾ
ਬਾਲ ਪਣ ਤਰਣਾਪੋ ਬੀਓ, ਚੇਤ ਚਿੱਤ ਹਾਰ ਗਿਆ ਵਿਚਾਰਾ
ਬਗ ਬੱਗੇ ਹੋ ਆਇ ਗਹੇ, ਚਿੱਤ ਵਸੈ ਮੇਰਾ ਯਾਰ ਪਿਆਰਾ
ਮੋਇਆ, ਚਿੱਤ ਚ ਸੋਚੈ ਸੋਚਾਂ, ਨਾ ਬੇੜੀ ਨਾ ਮਿਲੈ ਕਿਨਾਰਾ
ਆ ਮਾਹੀ ਗਲ ਲਾ ਮਾਹੀ, ਅੱਥਰੇ ਇਸ਼ਕ ਦਾ ਦੇ ਸਹਾਰਾ

ਪ੍ਰੇਮ

ਜਿਉਂ ਕਰਹਲ ਵੇਲ ਰੁਝਾਵੈ, ਤਿਉਂ ਮੋਹਿ ਹਰਿ ਭੁੰਚ ਭੁੰਚਾਵੈ
ਜਿਉਂ ਕਮਲ ਨੀਰ ਸਮਾਵੈ, ਤਿਉਂ ਸਤਿਗੁਰ ਮਨਹਿ ਸਮਾਵੈ

ਜਿਉਂ ਹੰਸ ਸਰੋਵਰ ਨ੍ਹਾਵੇ, ਸਤਿਗੁਰ ਪ੍ਰੀਤ ਮੋਹਿ ਬਣ ਆਵੈ
ਜਿਉਂ ਰਤਨ ਸਮੁੰਦ ਸਮਾਵੈ, ਤਿਉਂ ਹਰਿ ਮਨ ਮਾਹਿ ਵਸਾਵੈ
ਜਿਉਂ ਚਾਤ੍ਰਿਕ ਜਲ ਭਰਮਾਵੈ, ਤਿਉਂ ਹਰਿ ਮੋਹਿ ਚੇਤੇ ਆਵੈ
ਜਲ ਬਿਨ ਮੀਨਾ ਮਰ ਜਾਵੈ, ਹਰਿ ਨਾਮਾ ਮੋਹਿ ਕਲਪਾਵੈ
ਜਿਉਂ ਬਾਲੂ ਧਰਤ ਸਮਾਵੈ, ਤਿਉਂ ਜਨ ਗੁਰ ਪੈਰੀਂ ਪਾਵੈ
ਜਿਉਂ ਨਾਦ ਕੁਰੰਗੈ ਭਾਵੈ, ਗੁਰ ਸ਼ਬਦ ਮੋਹਿ ਰਸ ਆਵੈ
ਜਿਉਂ ਕੁੰਚਰ ਕਾਮ ਸਤਾਵੈ, ਮੋਹਿ ਹਰਿ ਬਿਨ ਨੀਂਦ ਨ ਆਵੈ
ਜਿਉਂ ਜਨਨੀ ਸੁਤ ਨੇਹ ਵਧਾਵੈ, ਹਰਿ ਪ੍ਰਭ ਮੋਹਿ ਭਰਮਾਵੈ
ਜਿਉਂ ਜਨਨੀ ਜਨ ਮੇਲ ਕਰਾਵੈ, ਗੁਰਸਬਦ ਪ੍ਰਭ ਮੇਲ ਮਿਲਾਵੈ
ਜਿਉਂ ਪਾਣੀ ਦੁੱਧ ਸਮਾਵੈ, ਆਪਣਾ ਆਪ ਨ ਨੀਰ ਜਣਾਵੈ
ਤਿਉਂ ਹਰਿ ਜਨ ਸੇਵ ਕਮਾਵੈ, ਗੁਰ ਮਿਲ ਆਪ ਭੁਲਾਵੈ
ਜਬ ਮਨਮੁਖ ਆਪ ਜਤਾਵੈ, ਤਿਸ ਹਰਿ ਪ੍ਰਭ ਆਪ ਭੁਲਾਵੈ
ਜਬ ਹਰਿ ਨਾਮ ਜਨ ਭਾਵੈ, ਮਨਮੁੱਖ ਸਨਮੁੱਖ ਹੋਇ ਆਵੈ
ਹਰਿ ਹਰਿ ਨਾਮ ਜਪਤੁ ਬੈਂਸ, ਹਰਿ ਕਾਮ ਕ੍ਰੋਧ ਮਿਟਾਵੈ
ਜਨ ਹਰਿ ਚਿੱਤ ਵਸਾਵੈ, ਸੋਂਦੇ ਉਠਦੇ ਹਰਿ ਗੁਣ ਗਾਵੈ
ਹਰਿ ਗੁਣ ਗਾਵੈ ਮਨ ਵਸ ਆਵੈ, ਪੰਚ ਚੋਰ ਉਠ ਧਾਵੈ
ਹਰ ਸ਼ੈ ਕੂ ਇਕ ਨਜ਼ਰ ਵੇਖ, ਹਰ ਜਾ ਹਰਿ ਨਜ਼ਰੀ ਆਵੈ
ਸਾਬੁਣ ਕਾਪੜ ਮੈਲ ਧੁਆਵੈ, ਹਰਿ ਨਾਮ ਮਨ ਸਾਫ ਕਰਾਵੈ
ਨਿਰਮਲ ਮਨ ਹਰਿ ਜਪਾਵੈ, ਗੁਰ ਪਰਗਟ ਕਰ ਦਿਖਲਾਵੈ
ਮਨ ਚੋਰ ਚਿੱਤ ਹੋਇ ਮੋਰ, ਜਨ ਮੁੱਖੋਂ ਹਰਿ ਹਰਿ ਗਾਵੈ
ਮਨ ਲਾਇ ਨਾ ਰਾਮ ਧਿਆਵੈ, ਹਰਿ ਨਾਮ ਵੱਥ ਨਾ ਪਾਵੈ
ਹਰਿ ਧਿਆਇ ਮਨ ਸਮਝਾਇ, ਮਨ ਸਿੱਧਾ ਹੋਇ ਆਵੈ
ਸਤਿਗੁਰ ਹਰੀ ਵਿਚੋਲਾ, ਬਿਨ ਸਤਿਗੁਰ ਵਾਟ ਨ ਪਾਵੈ
ਸਤਿਗੁਰ ਹਰਿ ਕਰ ਜਾਣ ਬੈਂਸ, ਜੁਗਤ ਮੁਕਤ ਗਤਿ ਪਾਵੈ

ਆਪਣੇ ਘਰ

ਮੈਨੂੰ ਰੱਬ ਜੱਗ ਵਿਚ ਘੱਲਿਆ, ਪਰਦੇਸਾਂ ਵਿਚ ਕੱਲੇ
ਨਾ ਰੋਵੋ ਭਾਈਓ ਮਿੱਤਰੋ, ਅਸਾਂ ਅਪਣੇ ਘਰ ਨੂੰ ਚੱਲੇ

ਇਸ ਲਈ ਮੈਨੂੰ ਘੱਲਿਆ, ਕੋਈ ਖ਼ਤਾ ਸੂ ਕੀਤੀ
ਹਰਿ ਹਰਿ ਨਾਮ ਧਿਆਇ ਕੈ, ਹੋਈ ਦੂਰ ਪਲੀਤੀ

ਗੁਰ ਸੇਵਾ ਹਰਿ ਸੇਵਣਾ, ਹਰਿ ਗੁਰ ਸਤਿਗੁਰ ਘੱਲੇ
ਹਰਿ, ਮਾਂ, ਜਨ, ਸੁਤ, ਸਭਨਾਂ ਕੂ ਪਿਆਰ ਭਰਮਾਵੈ
ਚੇਤੇ ਕਰ ਲੈ ਮਾਂ ਆਪਣੀ, ਉਹਨੂੰ ਪਿਆਰ ਸਤਾਵੈ
ਦਰਦ ਦੋਹਾਂ ਦਾ ਸਾਂਝਾ ਈ, ਇਕ ਰੋਵੈ ਦੂਜਾ ਝੱਲੇ
ਚੇਤੇ ਕਰ ਚਿੱਤ ਵਿਗਸੈ, ਹਰਿ ਫੁੱਲਾਂ ਕੀ ਬਾਗਾਤ
ਸਹਿਰ ਗਈ ਦਿਨ ਡੁੱਬਿਆ, ਲੰਘਦੀ ਜਾਵੇ ਰਾਤ
ਚੱਲ ਬੈਂਸ ਘੱਰ ਆਪਣੇ, ਝੱਲ ਪਿਆਰ ਦੀ ਝੱਲੇ
ਜੱਗ ਚ ਇਸ ਲਈ ਘੱਲਿਆ, ਹਰਿ ਨਾਮ ਕਮਾਵੈਂ
ਹਰਿ ਹਰਿ ਨਾਮ ਧਿਆਇ ਕੈ, ਹਰਿ ਮਾਹਿ ਸਮਾਵੈਂ
ਬੈਂਸ, ਗਹੁ ਸਤਿਗੁਰ ਸਰਣਾਈ, ਗੁਰ ਸੰਗ ਲੈ ਚੱਲੇ
ਜਗਤ ਜਲੰਦਾ ਵੇਖ ਕੈ, ਹਰਿ ਸੰਗ ਅਸਾਂ ਲਿਵ ਲਾਈ
ਹਰਿ ਆਪੇ ਬਖਸ ਮਿਲਾਇਆ, ਹੋ ਗਈ ਰਿਹਾਈ
ਮੁੜ ਬਹੁੜ ਜਨਮ ਨ ਅਉਤਰੈ, ਹਰਿ ਦਰ ਟੁਰ ਚੱਲੇ
ਵਾਟ ਸਹਜ ਸੁਲੱਖਣੀ, ਹਰਿ ਮਨ ਮਾਹਿ ਸਮਾਸੀ
ਹਰਿ ਧਿਆਇ ਹਰਿ ਪਾਇਆ, ਕਾਟੀ ਜਮ ਫਾਸੀ
ਭੈ ਭਰਮ ਭੌ ਕੱਟਿਆ, ਮਨ ਹਰਿ ਹਰਿ ਚਿੱਤ ਮੱਲੇ
ਹਰਿ ਮਾਂ ਸੰਗ ਆਇ ਮਿਲੇ, ਹਰਿ ਗੋਦ ਬਿਠਾਇ
ਹਰਿ ਕਾ ਨਾਮ ਧਿਆ ਬੈਂਸ, ਬਹੁੜ ਜਨਮ ਨ ਆਇ
ਹਰਿ ਵਰ ਪ੍ਰਭ ਪਾਇਆ, ਬਿਠਾ ਡੋਲੀ ਘਰ ਲੈ ਚੱਲੇ

ਮਾਲਾ ਦੇ ਮਣਕੇ

ਸਾਰੇ ਜੱਗ ਨੂੰ ਸਾਜ ਨਿਵਾਜ ਕੈ, ਤੂੰ ਜ਼ਰਾ ਹਿਸਾਬ ਨ ਰੱਖਦਾ
ਮਾਲਾ ਫੇਰਾਂ ਇਕ ਇਕ ਮਣਕਾ, ਮੈਂ ਗਿਣ ਗਿਣ ਤੈਨੂੰ ਦੱਸਦਾ

ਹੱਥ ਵਿਚ ਮਾਲਾ ਫੜ ਕੇ, ਮੈਂ ਇਕ ਇਕ ਕਰਕੇ ਗਿਣਦਾ
ਕਿਤਨੀ ਵਾਰ ਮਾਲਾ ਫੇਰਦਾ, ਮੈਂ ਚੱਕਰ ਲਾ ਲਾ ਮਿਣਦਾ
ਜੱਗ ਚ ਆ ਔਕਾਤ ਭੁੱਲਿਆ, ਤੇਰਾ ਦਿੱਤਾ ਤੈਨੂੰ ਦੱਸਦਾ
ਨੈਣਾਂ ਸੰਗ ਜਦੋਂ ਨੈਣ ਮਿਲੇ, ਚਿੱਤ ਦੋ ਤੋਂ ਇਕ ਹੋ ਗਏ
ਪਲਕਾਂ ਤੇ ਮਾਹੀ ਵਸਦਾ ਏ, ਜਿੰਦ ਜਾਗੇ ਭਾਵੇਂ ਸੋ ਰਹੇ
ਸਾਰਾ ਜੱਗ ਹੁਣ ਭੁਲ ਗਿਆ, ਮੇਰਾ ਯਾਰ ਚਿੱਤ ਚ ਵਸਦਾ
ਇਸ਼ਕ ਯਾਰ ਦਾ ਚਿੱਤ ਰੱਖ, ਮੁੱਕਿਆ ਸਭ ਝਗੜਾ ਝੇੜਾ

ਦੋ ਬਦਨ ਇਕ ਕਲਬੂਤ ਭਯਾ, ਫਿਰ ਕੀ ਮੇਰਾ ਕੀ ਤੇਰਾ
ਉਹ ਮੇਰੇ ਚ ਮੈਂ ਉਹਦੇ ਵਿਚ, ਦਿਲ ਮਿਲਿਆ ਦਿਲ ਰਸਤਾ
ਜਨ ਜਨਨੀ ਸੰਗ ਨਾਤਾ ਜੋੜ, ਮੁੜ ਲੈਣਾ ਦੇਣਾ ਮੁੱਕ ਗਿਆ
ਮਨ ਚ ਇਹੋ ਤਾਂਘ ਸਦਾ, ਮੇਰਾ ਯਾਰ ਨ ਕਿਧਰੇ ਰੁੱਸ ਗਿਆ
ਮਣਕੇ ਗਿਣਨੇ ਭੁੱਲ ਗਏ, ਬੈਂਸ ਦੇ ਚਿੱਤ ਚ ਮਾਹੀ ਵਸਦਾ
ਜੋ ਕੁਝ ਤੇਰਾ ਸੋ ਮਾਹੀ ਦਾ, ਬੈਂਸ ਜੋ ਮਾਹੀ ਦਾ ਸੋ ਤੇਰਾ
ਚਿੱਤ ਚ ਯਾਰ ਸਮਾਇਆ, ਮੁੱਕਿਆ ਜੰਮਣ ਮਰਨਾ ਫੇਰਾ
ਕੰਮ ਮੁਕਿ ਗਿਆ ਮਾਲਾ ਫੇਰਨਾ, ਮਾਹੀ ਮਨ ਵਿਚ ਵਸਦਾ

ਮਨ ਮਹਿ

ਜਿਉਂ ਪੰਚ ਚੋਰ ਮਨ ਮਹਿ ਵਸੈ, ਤੈਸੇ ਬਸੈ ਗੋਪਾਲ
ਪੰਚ ਚੋਰ ਪਰਗਟ ਭਏ, ਤਨ ਮਨ ਕੂ ਕਰੈ ਬੇਹਾਲ
ਪੰਚ ਚੋਰ ਮਨ ਵਸ ਕਰੈ, ਹਰਿ ਨਾਮ ਨ ਸਕੈ ਸਮਾਲ
ਪੰਚ ਚੋਰ ਜਾਗਦੇ ਲੁੱਟਣ, ਲੁੱਟ ਕਸੁੱਟ ਕਰਨ ਬੇਹਾਲ
ਚਿੱਤ ਚੁਰਾਇ ਕਰਮ ਕਮਾਇ, ਮਨ ਕੂ ਕਰੈ ਕਲਾਲ
ਪੰਚ ਚੋਰ ਮਨ ਘੇਰਿਆ, ਹਰਿ ਮਨ ਮਾਹਿ ਛੁਪਾਇ
ਹਰਿ ਆਪੌ ਤਾਲਾ ਮਾਰਿਆ, ਸਾਕਤ ਖੋਲ੍ਹ ਨ ਪਾਇ
ਹਰਿ ਕੁੰਜੀ ਗੁਰ ਸੌਂਪਿਆ, ਸਤਿਗੁਰ ਪਿਆਰ ਜਤਾਇ
ਪਿਆਰ ਚ ਜੱਗ ਸਾਜਿ ਕੈ, ਇਸ਼ਕ ਚ ਰਿਹਾ ਸਮਾਇ
ਸਤਿਗੁਰ ਹਰਿ ਧਿਆਵੰਦਾ, ਪਿਆਰ ਸੇਵਕ ਸੰਗ ਪਾਇ
ਜਿਨ ਗੁਰ ਹਰਿ ਮਾਨਿਆਂ, ਗੁਰ ਤਾਲਾ ਦੀਆ ਖੁਲ੍ਹਾਇ
ਸੰਗ ਕੁਸੰਗੀ ਸੰਗਤੀ, ਸਹਿਘੋ ਅਸਰ ਹੋਇ ਆਇ
ਚੰਗੀ ਸੋਭਤ ਸੰਗਤਾਂ, ਮਨ ਭੈੜਾ ਚਿੱਤ ਨਾ ਵਸਾਇ
ਕੁਕਰਮ ਕਮਾਉਣ ਸੌਖਾ ਹੈ, ਮਨ ਚਾਲ ਕਸੁੱਧੇ ਜਾਇ
ਸੁਕਰਮ ਅਤਿ ਗਾਖੜ, ਤਿਸ ਕਰਮੋਂ ਮਨ ਘਬਰਾਇ
ਕੋਇ ਗਾਵੈ ਕੋ ਸੁਣੈ, ਕੋਇ ਚਿੱਤ ਮਹਿ ਕਰੈ ਵਿਚਾਰ
ਹਰਿ ਹਰਿ ਨਾਮ ਧਿਆਇ ਮਨ, ਗੁਰ ਪਾਰ ਉਤਾਰਣ ਹਾਰ
ਰਾਮ ਕਹੋ ਚਿੱਤ ਲਾਇ, ਹਰਿ ਮਨ ਮਹਿ ਰਿਹਾ ਸਮਾਇ
ਚਿੱਤ ਲਾਇ ਨਾਮ ਧਿਆਇ, ਮਨ ਸਿੱਧਾ ਹੋਇ ਆਇ
ਹਰਿ ਆਪ ਅਖਾੜਾ ਬੱਝਿਆ, ਹਰਿ ਆਪੇ ਛਿੰਝ ਪਾਇ
ਇਕ ਆਇਆ ਇਕ ਚੱਲਸੀ, ਥਿਰ ਰਹਿਣ ਕੋਇ ਨ ਪਾਇ

ਹਰਿ ਲੋਚ ਕੈ ਮਨ ਖੋਜ ਕੈ, ਗਹੁ ਸਤਿਗੁਰ ਸਰਣਾਇ
ਫੁੱਲਾਂ ਕੀ ਬਾਗਾਤ ਗੁਰ, ਗੁਰ ਬਚਨ ਮਹਿਕ ਫੈਲਾਇ
ਘਰ ਜਾਣ ਤੋਂ ਕਿਉਂ ਡਰੈਂ, ਜਨ ਅਪਣੇ ਘਰ ਜਾਇ

ਤੱਤ ਮਥ

ਤਨ ਕਰ ਭਾਂਡਾ ਵਿਚ ਮਨ ਪਾਇ, ਭਾਇ ਭਾਵਨੀ ਲਾਵੋ ਰੇ
ਗੁਰਸਬਦ ਪਾਇ ਮਨ ਰਿੜਕੋ, ਹਰਿ ਹਰਿ ਨਾਮ ਧਿਆਵੋ ਰੇ
ਦੁੱਧ ਮਥ ਪਾਵੈ ਵੱਥ ਕੱਢ ਪਾਵੈ, ਮਨ ਮਹਿ ਤੱਤ ਜਮਾਵੋ ਰੇ
ਨੀਰ ਬਲੋਵੈ ਨਹਿੰ ਕੁਝ ਹੋਵੈ, ਤੱਤ ਬਿਨ ਮੱਤ ਨਾ ਪਾਵੋ ਰੇ
ਗੁਰਚਰਨ ਲਾਗ ਮਾਣ ਤਿਆਗ, ਮਨ ਮਹਿ ਤੱਤ ਸਮਾਵੋ ਰੇ
ਬਿਨਾ ਜਾਗ ਦੁੱਧ ਨਹੀਂ ਜੰਮਦਾ, ਸਬਦ ਜਾਗ ਗੁਰ ਲਾਵੋ ਰੇ
ਬਿਨਾਂ ਜਮਾਇਆਂ ਦੁੱਧ ਵਲੋਵੈ, ਜਨ ਹੱਥ ਵੱਥ ਨ ਪਾਵੋ ਰੇ
ਸਬਦ ਜਾਗ ਲਾ ਗੁਰ ਸੇਵਣ, ਇਤ ਵਿਧ ਮਨ ਸਮਝਾਵੋ ਰੇ
ਜਿਉਂ ਸਰਾਫ ਕੰਚ ਕੁੰਦ ਬਣਾਵੈ, ਸਤਿਗੁਰ ਮਨ ਸਮਝਾਵੋ ਰੇ
ਤਰਾਹਿ ਕੁੰਦਨ ਹੋਇ ਆਈਐ, ਇਤ ਮਨ ਸਾਫ ਕਰਾਵੋ ਰੇ
ਗੁਰ ਦੀਖਿਆ ਮਨ ਭਾਵਨ, ਨਸਾਦਰ ਲਾ ਕੰਚ ਪੰਘਲਾਵੋ ਰੇ
ਗੁਰਮੰਤ ਸੁਣ ਚਿੱਤ ਬਿਠਾਵੋ, ਇਤ ਵਿਧ ਮਨ ਸਮਝਾਵੋ ਰੇ
ਭਾਇ ਭਾਵਨੀ ਲਾਇ ਚਿੱਤ, ਰਾਮ ਨਾਮ ਨਿਸ ਧਿਆਵੋ ਰੇ
ਰਾਮ ਨਾਮ ਹਰਿ ਸਤਿਗੁਰ ਬਾਣੀ, ਉਠਦੇ ਬਹਿੰਦੇ ਗਾਵੋ ਰੇ
ਭਾਉ ਖਲਾ ਤਪ ਤਾਓ ਲਗਾਵੋ, ਨ ਅਪਣਾ ਆਪ ਜਨਾਵੋ ਰੇ
ਹਰਿ ਨਾਮਾ ਚਿੱਤ ਚਿੱਤਵੈ, ਜਿਉਂ ਅਗਨੀ ਸੇਕ ਕਢਾਵੋ ਰੇ
ਭਾਇ ਭਾਵਨੀ ਗੁਰ ਚਿੱਤ ਤਰਾਸੈ, ਮਨ ਸਿੱਧਾ ਬੈਂਸ ਕਰਾਵੋ ਰੇ
ਸਿੱਧਾ ਮਨ ਹਰਿ ਹਰਿ ਧ੍ਰਾਪੈ, ਗੁਰ ਹਰਿ ਮਾਰਗ ਪਾਵੋ ਰੇ
ਮਾਰਗ ਚਲਤ ਚਲੈ ਚੱਲ ਰਹੀਐ, ਮੁੜ ਪਿੱਛੈ ਵਾਟ ਨਾ ਪਾਵੋ ਰੇ
ਗੁਰੂ ਦੁਆਰੈ ਦਰਸਣ ਪਰਸੀਐ, ਚਰਨੀ ਸੀਸ ਝੁਕਾਵੋ ਰੇ
ਗੁਰ ਦਰਸ ਮਨ ਬਿਗਸਾਵੈ, ਮਨ ਮਹਿ ਹਰਿ ਹਰਿ ਗਾਵੋ ਰੇ
ਗੁਰ ਦਾਤਾ ਸਤਿਗੁਰ ਹਰਿ ਪ੍ਰਭ, ਗੁਰ ਮੂਰਤ ਮਨ ਵਸਾਵੋ ਰੇ
ਜਹਿ ਦੇਖਾਂ ਗੁਰ ਦਰਸ ਦਿਖਾਵੈ, ਗੁਰ ਹਰਿ ਭੇਦ ਨ ਪਾਵੋ ਰੇ
ਹਰਿ ਹਰਿ ਕਰਤ ਹਰੇ ਹਰਿ ਹੋਈਐ, ਬਹੁੜ ਜਨਮ ਨ ਆਵੋ ਰੇ

ਖਾਣ ਪਾਣ

ਨਾਮ ਧਿਆਇ ਮਨ ਸਮਝਾਇ, ਮਨ ਮਹਿ ਹਰਿ ਰਿਹਾ ਸਮਾਇ
ਸਰੀਰ ਧੁਆਇ ਬਦਨ ਮਲ ਲਾਹਿ, ਮਨ ਕੂ ਅਸਰ ਨ ਕਾਇ
ਗ੍ਰਾਹੀ ਮੁੱਖ ਪਾਇ ਸਾਹ ਦਿਵਾਇ, ਬਦਨ ਸਡੌਲ ਹੋਇ ਆਇ
ਖਾਣ ਪੀਣ ਸਭ ਸਾਰ ਬਦਨ ਕੀ, ਖਾਇ ਮਨੂਆਂ ਨਹਿ ਸਮਝਾਇ
ਜੋ ਜਨ ਖਾਇ ਬਦਨ ਫਲ ਪਾਇ, ਰੱਬ ਰੂਹ ਕੂ ਭਾਇ ਨਾ ਪਾਇ
ਖਾਣ ਪਾਣ ਸਰੀਰ ਸਭ ਸੋਭਾ, ਹਰਿ ਪ੍ਰਭ ਸੰਗ ਨ ਰੰਗ ਮਿਲਾਇ
ਖਾਣ ਪਾਣ ਆਗੈ ਕਰ ਰਾਖੈ, ਜਿਨ ਪ੍ਰਭ ਕੀ ਪਰਤੀਤ ਨ ਭਾਇ
ਮਾਸ ਖਾਵੈ ਜਨ ਪੇਟ ਵਧਾਵੈ, ਇਸ ਤੋਂ ਉਰੈ ਪਰੈ ਕੁਛ ਨਾਇ
ਮਦਿਰਾ ਪੀਵੈ ਤਨ ਮਨ ਦੁਖ ਥੀਵੈ, ਜਨ ਪਲ ਭਰ ਦੁਖ ਭੁਲਾਇ
ਐਹ ਤੋਂ ਪਰੈ ਅਸਰ ਨਹਿ ਕੋਇ, ਨਾਹਿੰ ਮਨ ਕੂ ਪਰਚਾ ਲਾਇ
ਝੂਠ ਉੜੇਂਦਾ ਵਾਂਗ ਭਬੂਕੇ, ਸੱਚ ਟੁਰਦਾ ਵਾਕਣ ਕੱਛੂ ਕੁੰਮੇਂ
ਬੁਰੇ ਕਰਮ ਲਈ ਮਨ ਭੱਜਦਾ, ਚੰਗੇ ਕਰਮ ਨੂੰ ਮਨ ਨ ਮੰਨੇ
ਗਲਤ ਕਰਮ ਮਸਾਲਾ ਲਾਵੈ, ਲੁੱਤਰੀ ਲਾ ਲਾ ਮਨ ਭੜਕਾਵੈ
ਸੱਚ ਆਖਣਾ ਕੌੜਾ ਲਗਦਾ, ਸਾਕਤ ਮਨ ਨੂੰ ਸੱਚ ਨ ਭਾਵੈ
ਸਾਕਤ ਦਾ ਕੰਮ ਮਨ ਭੜਕੌਣਾ, ਆਗੂ ਬਣ ਜੱਗ ਪਿੱਛੇ ਲਾਵੈ
ਇਹੋ ਕਰਮ, ਧਰਮ ਦਾ ਬੰਦੇ, ਰੱਬ ਭੁਲਾ ਮਾਸ ਪਿੱਛੈ ਛੁਪਾਵੈ
ਨਸ਼ਾ ਪੀਣਾ ਕਰਮ ਏ ਭੈੜਾ, ਨਸ਼ਾ ਸਰੀਰਕ ਵਾਸਨਾ ਭਾਈ
ਰੱਬ ਮੰਨਦਾ ਮਨ ਮਨਾ ਕੇ, ਮਾਸ, ਨਸ਼ੇ ਦਾ ਅਸਰ ਨ ਕਾਈ
ਖਾਣਾ ਪੀਣਾ ਰਸਮ ਰਿਵਾਜਾਂ, ਕਰਮ ਧਰਮ ਦਾ ਬਣਿਆਂ ਧੰਦਾ
ਬੈਂਸ, ਰੱਬ ਮੰਨਦਾ ਮਨ ਸਮਝਾ ਕੈ, ਜਾਣੈ ਕੋਈ ਰੱਬ ਦਾ ਬੰਦਾ
ਰੱਬ ਧਿਆਉਣਾ ਮਨ ਸਮਝਾਉਣਾ, ਖਾਣ ਪਾਣ ਬਦਨ ਮੁਸ਼ੱਕਤ
ਰੱਬ ਧਿਆ ਲੈ ਮਨ ਚਿੱਤ ਲਾ ਲੈ, ਭੁੱਲ ਖਾਣ ਪੀਣ ਦੀ ਹਰਕਤ
ਮੂਲ ਛੋੜ ਜਨ ਡਾਲੀ ਲਾਗੈ, ਕਰਮ ਧਰਮ ਭਰਮ ਭਰਮਾਵੈ
ਬੈਂਸ, ਸਤਿਗੁਰ ਸੱਚੇ ਨਾਮ ਬਿਨ, ਤੋਹਿ ਕੋਇ ਨ ਪਾਰ ਲੰਘਾਵੈ

ਮੱਥੇ ਲੀਕਾਂ

ਤੱਕ ਮੱਥੇ ਤੇ ਵਾਹੀਆਂ ਲੀਕਾਂ, ਚੋਗ ਚੁਗ ਲਿਆ ਦਾਣਾ ਦਾਣਾ
ਉੜ ਗਿਆ ਪੰਛੀ ਮਾਰ ਉਡਾਰੀ, ਬਰਤ ਗਿਆ ਰੱਬ ਦਾ ਭਾਣਾ

ਮਨ ਸਮਝਾਉਣ ਵਾਸਤੇ, ਰੱਬ ਨੇ ਤੈਨੂੰ ਜੱਗ ਵਿਚ ਘੱਲਿਆ

ਸਭ ਕੀਤੇ ਵਾਧੇ ਭੁੱਲ ਗਏ, ਆ ਪਿੜ ਜੱਗ ਵਿਚ ਮੱਲਿਆ
ਉਹਨੂੰ ਕਦੀ ਯਾਦ ਨਹੀਂ ਕੀਤਾ, ਮੁੜ ਅੰਤ ਪਿਆ ਪਛਤੌਣਾ
ਇਹ ਮੇਰਾ ਉਹ ਮੇਰਾ, ਹੱਥ ਆਇਆ ਆਪਣਾ ਬਣਾਇਆ
ਜਾਣ ਸਮੇਂ ਹੱਥ ਖਾਲੀ ਪਾਇ, ਲੁੱਟਿਆ ਸਾਰਾ ਸਰਮਾਇਆ
ਜਿਹਨੂੰ ਆਪਣਾ ਸਮਾਝਿਆ, ਅੱਜ ਤੈਨੂੰ ਉਨ੍ਹਾਂ ਦਫਣਾਉਣਾ
ਜੇ ਵੇਖ ਸਕੇਂ ਤਾਂ ਵੇਖ ਲੈ, ਤੇਰੇ ਸੰਗ ਕੋਈ ਨਹੀਂ ਆਇਆ
ਸਭ ਅੱਗ ਲਾ ਕੇ ਟੁਰ ਗਏ, ਤੈਨੂੰ ਸਭ ਨੇ ਦਿਲੋਂ ਭੁਲਾਇਆ
ਕੱਲਾ ਆਇਆ ਕੱਲਾ ਚੱਲਿਆ, ਪ੍ਰਾਹੁਣਿਆਂ ਨੂੰ ਪੈਂਦਾ ਜਾਣਾ
ਕਦੀ ਨਾ ਚਿੱਤ ਚ ਆਇਆ, ਕਿਸ ਕੰਮ ਜੱਗ ਤੇ ਆਇਆ
ਘੱਲੇ ਜੱਗ ਵਿਚ ਆਇਆ ਸੈਂ, ਮੁੜ ਸੱਦੇ ਮੋੜਾ ਪਾਇਆ
ਬੈਂਸ, ਤੇਰੇ ਵਸ ਕੁਝ ਨਹੀਂ, ਘੱਲੇ ਆਇ ਸੱਦੇ ਮੁੜ ਜਾਣਾ
ਪਰਾਏ ਜੱਗ ਵਿਚ ਆਇ ਕੈ, ਤੂੰ ਐਵੇਂ ਮਾਣ ਵਧਾਇਆ
ਜਿਹਨੇ ਤੈਨੂੰ ਰੱਬ ਭੁਲਾਇਆ, ਕਿਸੇ ਨ ਸਾਥ ਨਿਭਾਇਆ
ਲੱਗਾ ਜਾਣ ਟੁੱਟ ਗਿਆ ਮਾਣ, ਹੋ ਗਿਆ ਤਾਣ ਨਿਤਾਣਾ
ਇਸ ਜੱਗ ਚ ਤੇਰਾ ਕੋਈ ਨਹੀਂ, ਨਾ ਤੂੰ ਕਿਸੇ ਦਾ ਭਾਈ
ਤੂੰ ਐਵੇਂ ਮਨ ਭਰਮਾ ਲਿਆ, ਬੈਠਾ ਜੱਗ ਚ ਫਾਹੇ ਪਾਈ
ਮੇਰੀ ਮੇਰੀ ਕਰਦਾ ਮਰਿਆ, ਸੰਗ ਚੁੱਕ ਨਾ ਸਕਿਆ ਦਾਣਾ
ਚੇਤੇ ਉਹਨੂੰ ਕਰਿਆ ਕਰਦਾ, ਜੇ ਤੂੰ ਹੁੰਦਾ ਜ਼ਰਾ ਸਿਆਣਾ
ਰੋ ਰੋ ਵਾਸਤੇ ਪਾਉਂਦਾ ਨਿੱਤ, ਮੁੱਕ ਜਾਂਦਾ ਆਉਣਾ ਜਾਣਾ
ਮਨ ਸਮਝਾ ਕੇ ਯਾਰ ਮਨਾ ਕੇ, ਸੱਖਣੇ ਯਾਰ ਗਲ ਲਾਉਣਾ

ਮਨ ਮੰਦਰ

ਮਾਹੀ ਵਸਦਾ ਮੇਰੇ ਅੰਦਰ, ਖੋਜਾਂ ਉਹਨੂੰ ਵਿਚ ਗਗਨੰਦਰ
ਜੰਗਲ ਬੇਲੇ ਭੌਂਦਾ ਫਿਰਦਾ, ਮੇਰੇ ਦਿਲ ਵਿਚ ਉਹਦਾ ਮੰਦਰ

ਮੇਰੇ ਚਿੱਤ ਕਦੀ ਨਹੀਂ ਆਇਆ, ਮੇਰੇ ਅੰਦਰ ਰਾਮ ਸਮਾਇਆ
ਚਿੱਤ ਕਦੀ ਨ ਖੋਜ ਵੇਖਿਆ, ਬਿਨ ਪੜਚੋਲੇ ਭੇਦ ਨ ਪਾਇਆ
ਭੇਦ ਅਭੇਦੀ ਸਾਰ ਨਾ ਜਾਣੀ, ਛੁਪਿਆ ਬੈਠਾ ਮਨ ਦੇ ਅੰਦਰ
ਆਪਣੇ ਮਨ ਵਿਚ ਸੋਚ ਬੱਲਿਆ, ਕਿਹਨੇ ਤੈਨੂੰ ਜੱਗ ਘੱਲਿਆ
ਮਾਸ ਨਾੜੀ ਦਾ ਪਿੰਜਰ ਤੇਰਾ, ਚਿੱਤ ਚਿਤਵਣੀ ਧਾਰ ਝੱਲਿਆ
ਆਪਣਾ ਚਿੱਤ ਨਾ ਖੋਜ ਖੋਜਿਆ, ਭੌਂਦਾ ਫਿਰਦਾ ਬੇਲਿਆਂ ਅੰਦਰ

ਤੇਰੇ ਅੰਦਰ ਛੁਪਿਆ ਬੈਠਾ, ਜਿਹਨੇ ਤੈਨੂੰ ਸਾਜ ਨਿਵਾਜਿਆ
ਭੁੱਲ ਭੁਲੇਖੇ ਮਨੂਆਂ ਖੋਇਆ, ਸੋਇਆ ਚਿੱਤ ਮੁੜ ਨਾ ਜਾਗਿਆ
ਮਨ ਖੋਜ ਕਰ ਯਾਦ ਰੋਜ਼, ਹਰਿ ਕਾ ਮੰਦਰ ਦਿਲ ਦੇ ਅੰਦਰ
ਸੋ ਗੁਰ ਸਤਿਗੁਰ ਅਖਵਾਵੈ, ਆਪ ਜਪੈ ਮੋਹਿ ਨਾਮ ਜਪਾਵੈ
ਦੀਨ ਦਿਆਲ ਭਰੋਸੈ ਤੇਰੈ, ਮੋਹਿ ਸਤਿਗੁਰ ਸੰਗ ਬਣ ਆਵੈ
ਨਾਮ ਧਿਆ ਗੁਰ ਬਚਨ ਕਮਾ, ਪ੍ਰਭ ਪਰਗਟਾਵੈ ਮਨ ਦੇ ਅੰਦਰ
ਬੈਂਸ, ਮਨ ਖੋਜ ਲਾ ਪ੍ਰੇਮ ਰੋਗ, ਚਿੱਤ ਆਵੈ ਹਰਿ ਲਗੈ ਵਿਜੋਗ
ਦੀਨ ਧਰਮ ਨਿੱਤ ਕਰਮ ਕਮਾਵੈ, ਸਿੱਧ ਪੀਰ ਇਹੋ ਜੋਗ ਰੋਗ
ਕਿਬਲਾ ਕਾਬਾ ਦੂਰ ਰੱਬ ਤੋਂ, ਦੂਰ ਹਰੀ ਤੋਂ ਮਸਜਿਦ ਹਰਿਮੰਦਰ
ਤੇਰੁ ਅੰਦਰ ਰੱਬ ਸਮਾਇਆ, ਤੇਰੇ ਚਿੱਤ ਚੇਤੇ ਨਹੀਂ ਆਇਆ
ਝਾਤੀ ਮਾਰ ਆਪਣੇ ਅੰਦਰ, ਸਤਿਗੁਰ ਸਿੱਖਨ ਕੂ ਸਮਝਾਇਆ
ਤੇਰੇ ਮਨ ਚ ਰੱਬ ਵਸਦਾ, ਬੈਂਸ, ਖੋਜ ਯਾਰ ਕੂ ਮਨ ਦੇ ਅੰਦਰ

ਹਰਿ ਹਰ ਜਾ

ਹਰ ਜਾ ਹਰਿ ਰਿਹਾ ਸਮਾਈ, ਜਨ ਗਣ ਬਾਹਰ ਖੋਜਣ ਜਾਈ
ਚਿੱਤ ਵਸੈ ਛਾਹ ਰਗ ਤੋਂ ਨੇੜੈ, ਗੁਰ ਸੇਵਣ ਪ੍ਰਭ ਪਾਇਆ ਜਾਈ

ਸਭ ਆਖਣ ਰੱਬ ਇੱਥੇ ਵੇ, ਕਿਸੇ ਪਤਾ ਨਹੀਂ ਪ੍ਰਭ ਕਿੱਥੇ ਵੇ
ਪਤਾ ਹੁੰਦਾ ਧਰਮ ਗ੍ਰੰਥ ਨ ਛਪਦੇ, ਸਭ ਗਾ ਸੁਣਾਉਂਦੇ ਕਿੱਸੇ ਵੇ
ਜਿੰਨੀਂ ਕਿਸੇ ਹਰਿ ਸਿਖਿ ਸਿਖਾਈ, ਸੋਈ ਜੱਗ ਨੂੰ ਗਾ ਸੁਣਾਈ
ਅੱਖ ਦਿੱਤੀ ਏ ਜੱਗ ਵੇਖਣ ਨੂੰ, ਮਨ ਦਿੱਤਾ ਈ ਰੱਬ ਵੇਖਣ ਨੂੰ
ਜਿਹਵਾ ਦਿੱਤੀ ਰਾਮ ਕਹਿਣ ਨੂੰ, ਕਰਨ ਸੁਣਨ ਮਨ ਵੇਚਣ ਨੂੰ
ਰੱਬ ਚਿੱਤ ਨਿੱਤ ਕਰੇ ਇਸ਼ਾਰੇ, ਤੇਰੇ ਮਨ ਦਾ ਭਰਮ ਨ ਜਾਈ
ਹਰਿ ਪ੍ਰਭ ਦਾਤੇ ਜੱਗ ਬਣਾਇਆ, ਵਿਚੇ ਪਾਈ ਮਾਈ ਮਾਇਆ
ਪੰਜ ਚੋਰ ਪੰਜ ਠੱਗ ਸੰਗ ਘੱਲੇ, ਪੰਜਾਂ ਮਿਲ ਜੱਗ ਭਰਮਾਇਆ
ਕਰ ਨੇਕ ਕਮਾਈ ਹਰਿ ਭਜੁ ਭਾਈ, ਪੰਜ ਚੋਰ ਚੋਰੀ ਨੱਸ ਜਾਈ
ਤੇਰੀ ਰੂਹ ਚ ਰੱਬ ਸਮਾਵੇ, ਪਰ ਤੈਨੂੰ ਜ਼ਰਾ ਯਕੀਨ ਨਾ ਆਵੇ
ਮਾਇਆ ਨੇ ਤੈਨੂੰ ਰੱਬ ਭੁਲਾਇਆ, ਤੈਨੂੰ ਲੱਗੇ ਮਾਇਆ ਹਾਵੇ
ਬੈਂਸ, ਦੋ ਨੈਣਾਂ ਦੇ ਭਰਮ ਭੁਲੇਖੇ, ਇਕ ਵੇਖ ਸਕੈਂ ਨਾ ਭਾਈ
ਗੱਲ ਗੱਲ ਚ ਕਰੇ ਇਸ਼ਾਰਾ, ਸਾਹ ਦੁਆਵੇ ਮਿੱਤਰ ਪਿਆਰਾ
ਤੂੰ ਪੂਜੇਂ ਮੰਦਰ ਗੁਰਦੁਆਰਾ, ਫਿਰ ਉਹ ਕੀ ਕਰੇ ਵਿਚਾਰਾ

ਛੱਡ ਬਹਾਨੇ ਲਾ ਚਿੱਤ ਠਿਕਾਣੇ, ਰੱਬ ਵਸਦਾ ਮਨ ਵਿਚ ਭਾਈ
ਹਰਿ ਆਪੇ ਕੁਦਰਤ ਸਾਜ ਸਜਾਈ, ਸਭ ਦੀ ਰਾਖੀ ਕਰਦਾ ਭਾਈ
ਹਰਿ ਆਪੇ ਸਾਜੈ ਆਪ ਨਿਵਾਜੈ, ਸਭ ਨੈਣਾਂ ਵਿਚ ਵਸਦਾ ਭਾਈ
ਇਸ ਕਾਰਨ ਤੂੰ ਬਾਹਰ ਖੋਜੈਂ, ਤੇਰੇ ਮਨ ਦਾ ਭਰਮ ਨ ਜਾਈ
ਉਹ ਤੇਰੇ ਵਿਚ ਤੂੰ ਉਹਦੇ ਵਿਚ, ਤੂੰ ਪੂਜੇਂ ਕਰਮਾਂ ਧਰਮਾਂ ਨੂੰ
ਧਰਮ ਭਰਮ ਸਭ ਅੱਖ ਭੁਲੇਖਾ, ਉਹ ਵੇਖੇ ਤੇਰੇ ਕਰਮਾਂ ਨੂੰ
ਮਨ ਖੋਜ ਲਾ ਪਿਆਰ ਰੋਗ, ਹਰਿ ਮਨ ਚੋਂ ਹੋਇ ਸਹਾਈ

ਮਨੋ ਵਿਚਾਰ

ਧੁੰਨੀਂ ਵਿਚ ਕਸਤੂਰੀ ਤੇਰੇ, ਭੌਂਦਾ ਫਿਰਦਾ ਵਿਚ ਵੀਰਾਨੇ
ਮੰਦਿਰ ਜਾ ਫੁੱਲ ਚੜ੍ਹਾਵੇਂ, ਗੁਰਦੁਆਰੇ ਜਾ ਕਰੇਂ ਇਸਨਾਨੇ
ਮਸਜਿਦ ਮੰਦਰ ਧਰਮ ਭੁਲੇਖਾ, ਪ੍ਰਭ ਤੇਰੇ ਅੰਦਰ ਭਾਈ
ਹਰਿ ਧਿਆਇ ਚਿੱਤ ਲਾਇ, ਤੇਰਾ ਭਰਮ ਭੁਲੇਖਾ ਜਾਈ
ਜਬ ਅੱਖ ਕੂ ਜੱਗ ਦਿਖਾਵੈ, ਆਸਾ ਮਨਸਾ ਮਨ ਤੜਫਾਵੈ
ਅੱਖ ਦਾ ਵੇਖਣ ਜਗਤ ਤਮਾਸ਼ਾ, ਮਾਇਆ ਭਰਮ ਭੁਲਾਵੈ
ਰੱਬ ਨੇ ਜਗਤ ਬਣਾਇ ਕੈ, ਵਿਚ ਪਾਈ ਮਾਈ ਮਾਇਆ
ਫਿਰ ਇਨਸਾਨ ਬਣਾਇ ਕੈ, ਜੀਣ ਲਈ ਪੇਟ ਲਗਾਇਆ
ਖਾਣ ਪੀਣ ਨੂੰ ਪੇਟ ਮੰਗਦਾ, ਬਿਨ ਖਾਣੈ ਮਾਣਸ ਮਰ ਜਾਵੈ
ਇਕ ਦੂਜੇ ਦੀ ਲੋੜ ਸਭ ਨੂੰ, ਜਨ ਮਨ ਮਮਤਾ ਫਸ ਜਾਵੈ
ਮਮਤਾ ਮਾਇਆ ਮਨ ਮੋਹ ਲਿਆ, ਮਨ ਲੋਭੀ ਬਣ ਆਵੈ
ਫੋਰ ਅੱਖ ਦਾ ਭਰਮ ਚਿੱਤ ਦਾ, ਜੱਗ ਆਇ ਰੱਬ ਭੁਲ ਜਾਵੈ
ਮਨ ਟਿਕਾਇ ਮਨ ਸਮਝਾਇ, ਮਨ ਇਕ ਚਿੱਤ ਹੋਇ ਆਵੈ
ਮਨ ਸਮਝਾਉਣਾ ਰੱਬ ਧਿਆਉਣਾ, ਮਨ ਮਨੁ ਪਰਚਾ ਲਾਵੈ
ਹਰਿ ਧਿਆਇ ਮਨ ਸਮਝਾਇ, ਧਾਇਆ ਮਨ ਵਸ ਆ ਜਾਵੈ
ਹਰਿ ਹਰਿ ਧਿਆਵੈ ਮਨ ਟਿਕ ਜਾਵੈ, ਦੂਸਰ ਚਿੱਤ ਨਾ ਲਾਵੈ
ਦੋ ਦੁਐਤ ਛਾਡ ਇਕ ਚਿੱਤ ਲਾਗੈ, ਦੁਬਿਧਾ ਮਨੋਂ ਮਿਟ ਜਾਵੈ
ਹਰਿ ਜਪੁ ਜਾਪਿ ਮਨ ਵਸਾਵੈ, ਮਨ ਮਨੁ ਖੋਜਣ ਲੱਗ ਜਾਵੈ
ਹਰਿ ਧਿਆਵੈ ਸਤਿਗੁਰ ਸਰਣਾਵੈ, ਮਨ ਸਿੱਧਾ ਹੋਇ ਆਵੈ
ਸਿੱਧਾ ਮਨ ਧਰ ਚਿੱਤ ਧਰਾਸਾ, ਹਰਿ ਹਰਿ ਨਾਮ ਧਿਆਵੈ
ਹਰਿ ਨਾਮਾ ਜਾਪਿ ਜਪੁ ਭਾਈ, ਮੁੜ ਤੋਹਿ ਜਮ ਨਾ ਡਰਾਵੈ
ਹਰਿ ਨਾਮਾ ਨਾਮ ਨਿਧਾਨਾ, ਜਪੁ ਹਰਿ ਸਿਉਂ ਬਣ ਆਵੈ

ਹਰਿ ਨਾਮਾ ਹਰਿ ਰੰਗ, ਜਾਪੁ ਜਪਤੁ ਬੈਂਸ ਸਾਧ ਬਣ ਜਾਵੈ
ਹਰਿ ਜਪਤੁ ਹਰੇ ਹਰਿ ਹੁੋਈਐ, ਸਾਧੁ ਬੈਂਸ ਹਰਿ ਮਾਹਿ ਸਮਾਵੈ

ਸਾਧ ਬਚਨ

ਹਰਿ ਕੀ ਮਹਿਮਾਂ ਕਥਨ ਨ ਜਾਈ, ਮਨ ਮਾਹਿ ਹਰਿ ਰਿਹਾ ਸਮਾਈ
ਸਾਧ ਬਚਨ ਸੁਣ ਚਿੱਤ ਵਸਾਓ, ਮਨ ਮਹਿ ਹਰਿ ਪ੍ਰਭ ਖੋਜੋ ਭਾਈ

ਕਾਮ ਕ੍ਰੋਧ ਲੋਭ ਮੋਹ ਵਿਸਾਰੋ, ਸਤਿਗੁਰ ਸਰਣ ਲੱਗ ਤਜੋ ਹੰਕਾਰੋ
ਪੰਜ ਚੋਰ ਮਿਲ ਮਨ ਭੜਕਾਵੈ, ਭੜਕਿਆ ਮਨ ਨ ਕਰਤ ਵਿਚਾਰੋ
ਮਨ ਖੋਜਣਾ ਮਨ ਕੀ ਬਿਰਥਾ, ਭਟਕਿਆ ਜਨ ਮਨ ਵਸ ਨ ਆਈ
ਪਾਠ ਪੜ੍ਹੈ ਭਾਵੇਂ ਤੀਰਥ ਨ੍ਹਾਵੈ, ਭਟਕਿਆ ਮਨ ਕਦੀ ਵਸ ਨ ਆਵੈ
ਚਿੱਤ ਚਾਰ ਚੁਫੇਰੇ ਭਰੈ ਉੜਾਨਾਂ, ਇਕ ਥਾਇੰ ਮਨ ਟਿਕਣ ਨ ਪਾਵੈ
ਮਾਲਾ ਫੇਰੈ ਨਿੱਤ ਨੇਮ ਕਮਾਵੈ, ਪਰ ਹਰਿ ਪ੍ਰਭ ਨਿਕਟ ਨ ਜਾਈ
ਮਾਇਆ ਮਮਤਾ ਮਨ ਮੋਹਣੀ, ਚੰਚਲ ਚਿੱਤ ਕੂ ਲੱਗੈ ਬਹੁ ਸੁਹਣੀ
ਸੁਤ ਬਨਿਤਾ ਸੰਗ ਨੇਹ ਰਚਾਇ, ਮਨ ਤੱਤੜੇ ਕੀ ਗਤ ਨਹੀਂ ਹੋਣੀ
ਜੱਗ ਭਰਮਾਤਾ ਮਾਇਆ ਮਦ ਮਾਤਾ, ਜਨ ਰਾਮ ਨਾਮ ਭੁੱਲ ਜਾਈ
ਜੱਗ ਤੱਤੜੇ ਦਾ ਤੱਕ ਨਜ਼ਾਰਾ, ਕਰਮ ਧਰਮ ਵਿਚ ਜਨ ਫਸ ਜਾਈ
ਕਰਮ ਕਮਾਇ ਧਰਮ ਕਮਾਇ, ਇਕ ਚਿੱਤਾ ਦੋਇ ਹੋਇ ਜਾਈ
ਦੋ ਦੀ ਦੁਐਤ ਚਿੱਤ ਚੰਚਲ ਬਣਾਵੈ, ਦੋ ਅੱਖ ਇਕ ਵੇਖ ਨ ਪਾਈ
ਮਨ ਮਹਿ ਰਾਮ ਮੁੱਖ ਸੋਂ ਰਾਮ, ਉਪੱਰ ਕਰੋ ਦਿਮਾਗ ਚ ਧਿਆਨ
ਸਤਿਗੁਰ ਮੂਰਤ ਚਿੱਤ ਵਸਾਓ, ਮਨ ਉਤੇ ਤੱਕ ਜਪੋ ਹਰਿ ਨਾਮ
ਮਨ ਚ ਗੁਰ ਵੇਖੋ ਝਾਤ ਆਸਮਾਨ, ਦੋ ਚਿੱਤਾ ਇੱਕ ਹੋਇ ਆਈ
ਜਬ ਮਨ ਉਤੇ ਕਰ ਨਾਮ ਧਿਆਵੈ, ਨੱਸਣੋ ਭੱਜਣੋ ਮਨ ਰੁਕ ਜਾਵੈ
ਰਾਮ ਵਾਹਿਗੁਰੂ ਭਾਵੇਂ ਕੱਲਾ ਅੱਲਾ, ਭਟਕਿਆ ਮਨ ਵਸ ਆਇ ਜਾਵੈ
ਦੁਬਿਧਾ ਮਿਟਾਇ ਮਨ ਟਿਕ ਜਾਇ, ਮਨ ਹਰਿ ਹਰਿ ਨਾਮ ਧਿਆਇ
ਮਨ ਉਤਾਂਹ ਚਾੜ੍ਹ ਮੁੱਖ ਰਾਮ ਬੋਲ, ਰਾਮ ਨਾਮ ਮਨ ਮਹਿ ਵਸ ਜਾਇ
ਨਾਮ ਅਲਾਇ ਮਨ ਹੋਇ ਨਿਹਾਲਾ, ਜਨ ਮਨ ਦੁਬਿਧਾ ਮਿਟ ਜਾਈ
ਬੈਂਸ, ਹਰਿ ਹਰਿ ਨਾਮ ਜਪੰਦਿਆਂ, ਜਨ ਹਰਿ ਮਹਿ ਜਾਇ ਸਮਾਈ

ਸੇਵਕ ਵਸ ਪ੍ਰਭ

ਪਹਿਲ ਭਗਉਤੀ ਭਾਇ, ਹਰਿ ਆਪ ਉਪਾਇਆ
ਬੈਠਾ ਤਾੜੀ ਲਾਇ, ਹਰਿ ਜਗਤ ਪਰਗਟਾਇਆ

ਇਕ ਕਵਾਓ ਭਾਖ, ਗਗਨ ਪਾਤਾਲ ਬਣਾਇਆ
ਵਿਚ ਧਰਤੀ ਧਰ ਸਾਜਿ, ਜਿੰਦ ਜਾਨ ਉਪਾਇਆ
ਹੌਕਾ ਲੈ ਵਾਓ ਚਲਾਇ, ਨੈਣੋਂ ਨੀਰ ਬਹਾਇਆ
ਹਰ ਸ਼ੈ ਚ ਹਰਿ ਵਸੈ, ਚਿੱਤ ਗੁਪਤ ਛੁਪਾਇਆ
ਲਾਰਾ ਲਾਇ ਇਸ਼ਕ ਦਾ, ਜੱਗ ਪਿੱਛੇ ਲਾਇਆ
ਚੇਤੇ ਉਹਨੂੰ ਕਰ ਬੈਂਸ, ਜਿਸ ਜਨਮ ਦੁਆਇਆ
ਉਤੇ ਤੱਕ ਹਰਿ ਭਜਿਆ, ਮਨ ਪਰਚਾ ਲਾਇਆ
ਜਪੁ ਜਾਪੁ ਮਨ ਟਿਕਿਆ, ਮਨ ਉਤਾਂਹ ਚੜ੍ਹਾਇਆ
ਜਿਉਂ ਜਨਨੀ ਜਨ ਉਲਾਸ, ਚਿੱਤ ਭਰਮਾਇਆ
ਮਨ ਭਰਮਾਇ ਚਿੱਤ ਲਾਇ, ਭਰਮ ਮਿਟਾਇਆ
ਸੇਵਾ ਸੇਵਣ ਸੇਵਣੈ, ਜਨਨੀ ਵਸ ਜਨ ਆਇਆ
ਸੋ ਰਾਜ਼ ਹਰਿ ਪ੍ਰਭ ਕਾ, ਸੋ ਹਰਿ ਪ੍ਰਭ ਭਾਇਆ
ਭਗਤੀ ਭਾਇ ਭਾਵਣੈ, ਹਰਿ ਪ੍ਰਭ ਚਿੱਤ ਲਾਇਆ
ਪ੍ਰਭ ਦਾਤੈ ਮਨ ਮੋਹਿਆ, ਪ੍ਰਭ ਚਿੱਤ ਵਸ ਆਇਆ
ਇਕ ਹੱਥ ਤਾੜੀ ਨ ਵੱਜੈ, ਦੋਇ ਹੱਥ ਵਜਾਇਆ
ਧਿਆਇ ਚਿੱਤ ਲਾਇ, ਪ੍ਰਭ ਪਿਆਰ ਜਗਾਇਆ
ਭਜੁ ਚਿੱਤੈ ਹਰਿ, ਪ੍ਰਭ ਚਿੱਤ ਸੇਵਕ ਵਸ ਆਇਆ
ਹਰੇ ਹਰਿ ਪ੍ਰਭ ਸਿਮਰ, ਜਨ ਹਰਿ ਬਣ ਆਇਆ
ਜਨਨੀ ਵਸ ਜਨ ਬੈਂਸ, ਸਾਧੁ ਵਸ ਹਰਿ ਆਇਆ
ਭਾਉ ਭਾਵਨੀ ਭਾਇ ਬੈਂਸ, ਹਰਿ ਜਗਤ ਤਰਾਇਆ

ਦੂਰ ਨੇੜੇ

ਮੈਂ ਹਰਦਮ ਤੈਨੂੰ ਚੇਤੇ ਕਰਦੀ, ਤੂੰ ਅਸਾਂ ਭੁਲਾਈ ਜਾਂਦਾ ਏਂ
ਜਿਉਂ ਜਿਉਂ ਮੈਂ ਤੇਰੇ ਨੇੜੇ ਆਵਾਂ, ਤੂੰ ਦੂਰ ਜਾਈ ਜਾਂਦਾ ਏਂ
ਮਾਹੀ ਮੇਰੇ ਚਿੱਤ ਚ ਵਸਦਾ, ਨਾ ਸੁਣਦਾ ਨਾ ਕੁਝ ਦੱਸਦਾ
ਸਾਰੇ ਜੱਗ ਸੰਗ ਪ੍ਰੀਤ ਬਣਾਵੈਂ, ਮੇਰਾ ਦਿਲ ਤੜਫਾਈ ਜਾਂਦਾ ਏਂ
ਆਪੇ ਜਲ ਮਾਛੀ ਜਲ ਛਿੰਗਾ, ਮਛਲੀ ਨੀਰ ਸ਼ਮ੍ਹਾ ਪ੍ਰੀਤ ਪਤੰਗਾ
ਮੀਤ ਬਣਾ ਕੇ ਪ੍ਰੀਤ ਵਧਾ ਕੇ, ਚਿੱਤ ਸੀਖ ਲਗਾਈ ਜਾਂਦਾ ਏਂ
ਹੱਥ ਬੈਂਸ ਦੇ ਕਲਮ ਫੜਾਈ, ਆਪੇ ਪਾਵੇਂ ਕੁੰਡੀਆਂ ਮਾਹੀ
ਖਿੱਚੇਂ ਡੋਰ ਇਸ਼ਕ ਦੀ ਢੋਲਾ, ਤਿਸ ਜਾਲ ਫਸਾਈ ਜਾਂਦਾ ਏਂ
ਮਾਹੀ ਸੰਗ ਲੱਗ ਗਈ ਅੱਖੀਆਂ, ਬਾਣਾ ਤਾਣਾ ਛੱਡੀਆਂ ਸਖੀਆਂ

ਕੁਝ ਆਖਾਂ ਸਭ ਕਰਨ ਕਲੋਲਾਂ, ਹਾਸਾ ਜੱਗਤ ਬਣਾਈ ਜਾਂਦਾ ਏਂ
ਚੰਨ ਸਾਹਮਣੇ ਨਾਂਹੀਂ ਆਉਂਦਾ, ਸਾਡੇ ਨਾਲ ਨ ਨੈਣ ਮਿਲਾਉਂਦਾ
ਚੰਨ, ਚਾਂਦਨੀ ਵਿਚ ਫਿਰਦੀ ਖੋਈ, ਤੂੰ ਤਾਰੇ ਗਿਣਾਈ ਜਾਂਦਾ ਏਂ
ਤੂੰ ਸਭ ਦੇ ਨੇੜੇ ਪਰ ਸਾਥੋਂ ਦੂਰ, ਸਾਥੋਂ ਕੀ ਹੋ ਗਿਆ ਕਸੂਰ
ਨਿੱਤ ਯਾਦ ਕਰਾਂ ਫਰਿਆਦ ਕਰਾਂ, ਤੂੰ ਅਸਾਂ ਭੁਲਾਈ ਜਾਂਦਾ ਏਂ
ਜੱਗ ਸੰਗ ਤੇਰੀ ਪ੍ਰੀਤ ਪੁਰਾਣੀ, ਹਰ ਕੋਈ ਤੇਰਾ ਬੇਲੀ ਹਾਣੀ
ਬੈਂਸ ਨਾਲ ਨਾ ਨੈਣ ਮਿਲਾਵੇਂ, ਉਸ ਦਿਲ ਧੜਕਾਈ ਜਾਂਦਾ ਏਂ
ਯਾਦ ਆਵੇ ਮੇਰਾ ਦਿਲ ਧੜਕੇ, ਦਿਲ ਧੜਕੇ ਨਾਲੇ ਅੱਖ ਫੜਕੇ
ਅੱਜ ਆਉਣਾ ਮੇਰੇ ਮਾਹੀ, ਬਨੇਰਿਓਂ ਕਾਗ ਉੜਾਈ ਜਾਂਦਾ ਏਂ
ਅੱਖੀਆਂ ਚੋਂ ਅੱਥਰੂ ਵਗਦੇ ਨੇ, ਧੂੰਏਂ ਦਾ ਪੱਜ ਪਈ ਲਾਵਾਂ ਮੈਂ
ਤਾਂਘ ਤੇਰੀ ਚ ਪੱਕੀਆਂ ਅੱਖੀਆਂ, ਤੂੰ ਦੂਰ ਦੂਰ ਟੁਰ ਜਾਂਦਾ ਏਂ
ਸਾਰਾ ਜੱਗ ਤੂੰ ਸਾਜਿ ਨਿਵਾਜ ਕੈ, ਜਿਉਂ ਭਾਵੈ ਤਿਵੈ ਚਲਾਵੈ
ਨਾਜ਼ ਸਾਜ਼ ਤੇਰੇ ਨਿਰਤ ਨਿਆਰੇ, ਬੈਂਸ ਦਾ ਜੀ ਭਰਮਾਉਂਦਾ ਏਂ
ਕਿਰਤ ਮਾਲੀ ਦੀ ਪਾਣੀ ਲਾਉਣਾ, ਨਿੱਤ ਭਰ ਭਰ ਮਛਕਾਂ ਪਾਵੈ
ਚੇਤੇ ਕਰਨਾ ਕਿਰਤ ਬੈਂਸ ਦੀ, ਜਿਉਂ ਭਾਵੈ ਫਲ ਲਾਉਂਦਾ ਏਂ
ਜਾਗ ਬਿਨਾਂ ਦੁੱਧ ਨਹੀਂ ਜੰਮਦਾ, ਭਾਵੇਂ ਕੜ੍ਹ ਕੜ੍ਹ ਲਾਲ ਹੋ ਜਾਵੈ
ਤੱਕ ਭਾਵਨਾ ਚਿੱਤ ਚਾਲ ਸੱਜਣ ਦੀ, ਬੈਂਸ ਮੀਤ ਬਣ ਆਉਂਦਾ ਏਂ

ਪ੍ਰਭ ਕਾ ਭੇਤ

ਜਪੁ ਗੁਰ ਬਾਣੀ ਚਿੱਤ ਅਚੇਤ, ਸਤਿਗੁਰ ਜਾਣੈ ਪ੍ਰਭ ਕਾ ਭੇਤ
ਤੇਰੇ ਅੰਦਰ ਰਾਮ ਸਮਾਇਆ, ਸੱਚਾ ਸਤਿਗੁਰ ਚਿੱਤ ਮਹਿ ਵੇਖ

ਹਰਿ ਪ੍ਰਭ ਜਗਤ ਬਣਾਇ ਕੈ, ਹਰਿ ਹਰ ਜਾ ਰਿਹਾ ਸਮਾਇ
ਹਰ ਮਨ ਆਜ਼ਾਦ ਬਣਾਇ ਕੈ, ਚਿੱਤ ਪਾਇਆ ਭਰਮ ਭੁਲਾਇ
ਜਬ ਲਗ ਭਰਮ ਭਾਉ ਨ ਮਿਟੈ, ਤਬ ਲਗ ਮਿਟੈ ਨ ਲਿਖੇ ਲੇਖ
ਪ੍ਰਭ ਵਸਦਾ ਚਿੱਤ ਚ ਭਾਈ, ਫਿਰ ਕਿਉਂ ਬਾਹਰ ਖੋਜਣ ਜਾਈ
ਜੰਗਲ ਭਾਉਂਦਾ ਜਨ ਮਨ ਪਰਚਾਉਂਦਾ, ਕੰਦ ਮੂਲ ਜਾਇ ਖਾਈ
ਜਬ ਲਗ ਆਪਣਾ ਮਨ ਨਾ ਖੋਜਿਆ, ਮਿਲੈ ਨਾ ਪ੍ਰਭ ਕਾ ਭੇਤ
ਸਤਿਗੁਰ ਸੇਵਕ ਐਸਾ ਨਾਤਾ, ਜਿਉਂ ਬਾਲਕ ਮਹਿਤਾਰੀ ਮਾਤਾ
ਜੋ ਕੁਝ ਤੂੰ ਨਿੱਤ ਕਰਮ ਕਮਾਵੈਂ, ਹਰਿ ਭੇਦ ਤੇਰੇ ਮਨ ਜਾਤਾ
ਜਗਤ ਉਪਾਇ ਵਿਚ ਛੁਪੈ ਛੁਪਾਇ, ਹਰਿ ਵੇਖੈ ਜੱਗ ਦੀ ਖੇਡ੍ਹ

ਚੋਰੀ ਕਰ ਲੁੱਟ ਕਸੁੱਟ ਲਿਆਵੇਂ, ਸਾਰੇ ਜੱਗ ਤੋਂ ਪਿਆ ਛੁਪਾਵੇਂ
ਜੋ ਤੇਰੇ ਮਨ ਛੁਪਿਆ ਬੈਠਾ, ਦੱਸ ਭਲਾ ਉਹਤੋਂ ਕਿਵੇਂ ਛੁਪਾਵੇਂ
ਜੋ ਤੂੰ ਕਰੈਂ ਸੋ ਹਰਿ ਪ੍ਰਭ ਜਾਣੈ, ਕਰਤੂਤ ਵੇਖ ਲਿਖੈ ਹਰਿ ਲੇਖ
ਜਿਹੜਾ ਤੇਰੇ ਚਿੱਤ ਚ ਵਸਦਾ, ਚੇਤੇ ਕਰ ਅੜਿਆ ਉਹਨੂੰ
ਕਾਹਨੂੰ ਧਰਮਾਂ ਪਿੱਛੇ ਭੱਜਦਾ, ਕਿਸੈ ਪਾਰ ਨ ਕਰਨਾ ਤੈਨੂੰ
ਕਰ ਸਤਿਗੁਰ ਸੰਗਤ ਸਾਧ ਗੋਸਟੀ, ਜੋ ਜਾਣੈ ਹਰਿ ਕਾ ਭੇਦ
ਰੱਬ ਸਭ ਤੋਂ ਨੇੜੇ ਵਸਦਾ, ਕਿਉਂ ਉਹਨੂੰ ਚੇਤੇ ਨਹੀਂ ਕਰਦਾ
ਜਿਹਨੇ ਤੈਨੂੰ ਸਾਜ ਨਿਵਾਜਿਆ, ਕਿਉਂ ਮਿਲਣ ਚਿੱਤ ਨੀ ਕਰਦਾ
ਪਿਆਰ ਕਰ ਇਕਰਾਰ ਕਰ, ਹਰਿ ਆਪੇ ਦੱਸੈ ਆਪਣਾ ਭੇਤ
ਜਿਹੜਾ ਸਾਰੇ ਜੱਗ ਨੂੰ ਠਗਦਾ, ਤੂੰ ਪਿਆ ਉਹਦੇ ਪਿੱਛੇ ਭੱਜਦਾ
ਲੁੱਟ ਕਸੁੱਟ ਕੇ ਬੋਝੇ ਭਰਦਾ, ਤੇਰਾ ਮਨ ਕਦੀ ਨਹੀਂ ਰੱਜਦਾ
ਗਵਾਹ ਬਸੀਠ ਨ ਕੋਈ ਥਿਆਵੈ, ਜਦੋਂ ਗਿਣੇ ਜਾਣਗੇ ਲੇਖ

ਮਨ ਕੀ ਬਿਰਥਾ

ਹਰਿ ਪ੍ਰਭ ਜਗਤ ਉਪਾਇ ਕੈ, ਮੁੜ ਜੀ ਜੰਤ ਉਪਾਇਆ
ਜਿਉਂਦਾ ਰੱਖਣ ਹਰਿ ਜੀਅ ਕੂ, ਮੁੜ ਪ੍ਰਭ ਪੇਟ ਲਗਾਇਆ
ਪੇਟ ਖਾਣ ਨੂੰ ਮੰਗਦਾ, ਨਹਿੰ ਖਾਇ ਤਬ ਮਰਣਾ ਆਇਆ
ਹਰਿ ਪ੍ਰਭ ਪੇਟ ਲਗਾਇ ਕੈ, ਵਿਚ ਪਾਈ ਮਾਈ ਮਾਇਆ
ਕਾਮ ਕ੍ਰੋਧ ਲੋਭ ਮੋਹ ਹੰਕਾਰ, ਬਹੁ ਇਨਸਾਨ ਚ ਪਾਇਆ
ਪੰਜ ਚੋਰ ਤਿਨ ਭਾਖੀਐ, ਤਿਨ ਮਿਲ ਕੈ ਜਗਤ ਚਲਾਇਆ
ਬਿਨ ਕੀਤੇ ਨ ਜੱਗ ਚੱਲੈ, ਕਰੀਏ ਮਨ ਟਿਕਣ ਨ ਪਾਇਆ
ਮਨ ਟਿਕਾਇ ਮਨ ਸਮਝਾਇ, ਸੋ ਹਰਿ ਪ੍ਰਭ ਚੇਤੇ ਆਇਆ
ਪ੍ਰਭ ਸੋ ਨਾਤਾ ਜਿਉਂ ਸੁਤ ਮਾਤਾ, ਸਾਝਾ ਪਿਆਰ ਬਣਾਇਆ
ਪੰਚ ਕਮਾਇ ਜੱਗ ਚੱਲੈ, ਹਰਿ ਮਾਇਆ ਜਾਲ ਵਿਛਾਇਆ
ਪੰਚ ਕਮਾਵੈ ਮਨ ਟਿਕਣ ਨ ਪਾਵੈ, ਪ੍ਰਭੂ ਲਾਡ ਭੁੱਲ ਆਇਆ
ਹਰਿ ਪ੍ਰਭ ਸਿਉਂ ਲਾਡ ਲਡਾਇਆ, ਹਰਿ ਸੱਚੇ ਪ੍ਰਭ ਭਾਇਆ
ਕਿਰਤ ਕਮਾਇ ਮਨ ਸਮਝਾਇ, ਚਿੱਤ ਹਰੀ ਸੰਗ ਲਾਇਆ
ਕਿਰਤ ਕਮਾਇ ਮਨ ਨ ਦੁਖਾਇ, ਮਨ ਮਹਿ ਪ੍ਰਭੂ ਸਮਾਇਆ
ਕਿਰਤ ਕਰਮ ਸਭ ਵੇਖਦਾ, ਕੁਝ ਕਰਨੋਂ ਨਾਹਿੰ ਹਟਾਇਆ
ਕਿਰਤ ਕਰਮ ਮੇਲ ਵਿਛੋੜਦਾ, ਹਰਿ ਪ੍ਰਭ ਬਣਤ ਬਣਾਇਆ
ਕਰਮ ਸੁਕਰਮ ਕਮਾਇ ਮਨ, ਜਿਤ ਹਰਿ ਮਾਰਗ ਪਾਇਆ

ਕਰਮ ਕੁਕਰਮ ਸੰਗ ਚੱਲੈ, ਮਾਈ ਮਾਇਆ ਭੇਦ ਬਣਾਇਆ
ਮਨ ਸੋਨਾ ਰੁੱਪਾ ਵਣਜਦਾ, ਲੁੱਟ ਕਸੁੱਟ ਘਰ ਲੈ ਆਇਆ
ਚਾਰ ਦਿਨਾ ਜੱਗ ਮੇਲਾ ਈ, ਸਭ ਪਿੱਛੈ ਛੱਡ ਘਰ ਜਾਇਆ
ਕਿਰਤ ਕਮਾ ਜੋ ਸੰਗ ਚੱਲੈ, ਸੰਗ ਚੱਲੈ ਸੋ ਜੋ ਲਿਖ ਪਾਇਆ
ਜਨ ਹਰਿ ਨਾਮ ਧਿਆਇ, ਇਤ ਪੰਚ ਚੋਰ ਵਸ ਆਇਆ
ਸਤਿਗੁਰ ਹਰਿ ਮਾਰਗ ਜਾਣੈ, ਹਰਿ ਸਤਿਗੁਰ ਨੇਹ ਰਚਾਇਆ
ਹਰਿ ਹਰਿ ਗਾ ਸੁਭ ਕਰਮ ਕਮਾ, ਮਨ ਸਿੱਧਾ ਹੋਇ ਆਇਆ
ਬੈਂਸ, ਸਤਿਗੁਰ ਸਰਣੀ ਲੱਗਿਆਂ, ਬਹੁੜ ਜਨਮ ਨ ਆਇਆ

ਮਨ ਅੰਦਰ ਹਰਿ

ਹਰਿ ਪ੍ਰਭ ਸਭ ਜਗਤ ਬਣਾਇ ਕੈ, ਆਪ ਵਸੈ ਸਭਨਾ ਦੇ ਚਿੱਤ
ਸਤਿਗੁਰ ਸੰਗ ਹਰਿ ਨੇਹ ਰਚਾਇ, ਗੁਰ ਪ੍ਰੀਤ ਹਰਿ ਪ੍ਰੀਤ ਮਿੱਤ

ਸਤਿਗੁਰ ਹਰਿ ਸਾਧ ਸਾਧਨਾ, ਹਰਿ ਸੰਗ ਨੇਹ ਰਚਾਇਆ
ਪ੍ਰੀਤ ਪਾਇ ਪਿਆਰ ਜਤਾਇ, ਹਰਿ ਪ੍ਰਭ ਮਿੱਤ ਬਣਾਇਆ
ਸਤਿਗੁਰ ਹਰਿ ਥਾਪ ਵਚੋਲਾ, ਹਰਿ ਵਸੈ ਸਤਿਗੁਰ ਵਿਚ
ਜੇ ਪ੍ਰਭ ਪਾਉਣ ਦੀ ਚਿੱਤ ਤਮੰਨਾਂ, ਇਕ ਸੱਖਣਾ ਯਾਰ ਬਣਾ
ਸਤਿਗੁਰ ਪ੍ਰਭ ਕੌ ਇਕ ਜਾਣ, ਬੈਂਸ, ਗੁਰ ਆਗੈ ਸੀਸ ਝੁਕਾ
ਗੁਰ ਭਾਖੈ ਸੋ ਕਰ ਵਖਾ, ਇਤ ਵਿਧ ਗੁਰ ਬਣ ਆਵੈ ਮਿੱਤ
ਇਕ ਹੱਥ ਤਾੜੀ ਨਹੀਂ ਵੱਜ ਸਕਦੀ, ਵੱਜਦੀ ਏ ਦੋਨੋਂ ਹੱਥ
ਪਿਆਰ ਪਾ ਸਤਿਗੁਰ ਅਸਗਾਹ, ਦੁੱਧ ਮਥ ਕੱਢ ਲੈ ਵੱਥ
ਸਹਿਜ ਸੁਭਾਇ ਵੱਥ ਮਥਾਇ, ਆਇ ਵਸੈ ਹਰਿ ਜੀ ਦੇ ਵਿਚ
ਹਰਿ ਧਿਆਇ ਮਨ ਵਸ ਆਇ, ਚਿੱਤ ਵਸੈ ਹਰਿ ਸਤਿਗੁਰ ਭਾਇ
ਮਨ ਵਸਾਇ ਹਰਿ ਗੁਣ ਗਾਇ, ਏਕਸ ਸਿਉਂ ਜੀਆ ਲਪਟਾਇ
ਦੁਐਤ ਮਿਟਾਇ ਮਨ ਵਿਗਸਾਇ, ਮਨ ਵਸ ਆਵੈ ਧਿਆਇ ਇਕ
ਚਿੱਤ ਮਹਿ ਹਰਿ ਸਤਿਗੁਰ ਵੇਖ, ਮਿਟ ਜਾਣ ਸਭ ਕਾਲੇ ਲੇਖ
ਮਨ ਉਤਾਂਹ ਚੜ੍ਹਾ ਕੈ ਨਾਮ ਧਿਆ, ਮਨ ਏਕ ਸਿਉਂ ਇੱਕੈ ਵੇਖ
ਜੀਅੜਾ ਹਰਿ ਹਰਿ ਗਾਈ ਜਾਵੈ, ਹਰਿ ਵਸ ਜਾਵੈ ਚਿੱਤ ਵਿਚ
ਉਤਾਂਹ ਚਾੜ੍ਹ ਮੁੜ ਮਨ ਨ ਭੱਜੈ, ਹਰਿ ਹਰਿ ਨਾਮ ਧਿਆਉਣ ਲੱਗੈ
ਇਕ ਯਾਰ ਵੱਲ ਰਹੇ ਤੱਕਦਾ, ਮਨ ਰੁਕ ਜਾਵੈ ਧਾਵਣ ਖੱਬੈ ਸੱਜੈ
ਇਤ ਵਿਧ ਮਨ ਹੋਇ ਆਵੈ ਸਿੱਧਾ, ਯਾਰ ਪਿਆਰ ਮਨ ਪਾਵੈ ਖਿੱਚ

ਹਰਿ ਧਿਆਇ ਮਨ ਸਮਝਾਇ, ਹਰਿ ਧਿਆਇ ਮਨ ਸਿੱਧਾ ਕਰ
ਮਨ ਸਿੱਧਾ ਹਰਿ ਮਨ ਵਿੱਧਾ, ਸਤਿਗੁਰ ਸਰਣ ਭਵ ਸਾਗਰ ਤਰ
ਜਨਮ ਮਰਨ ਦਾ ਧੰਦਾ ਮੁੱਕੈ, ਹਰਿ ਧਿਆਇ ਬੈਂਸ ਲਾਇ ਚਿੱਤ

ਰੱਬ ਦਾ ਬੰਦਾ

ਕੁਦਰਤ ਕਾਦਰ ਆਪ ਬਣਾਈ, ਅਪਣੀ ਹੋਂਦ ਰੂਹ ਵਿਚ ਪਾਈ
ਹਰਿ ਤੇਰੇ ਵਿਚ ਪ੍ਰਭ ਮੇਰੇ ਵਿਚ, ਹਰ ਜਾ ਵਸਦਾ ਹਰਿ ਪ੍ਰਭ ਭਾਈ

ਮਨਸੂਰ ਰੱਬ ਦਾ ਨ੍ਹਾਰਾ ਲਾਇਆ, ਉਸ ਗਲਤ ਗੱਲ ਇਹ ਆਖੀ
ਕਾਜ਼ੀ ਮੁੱਲਾਂ ਜਾਇ ਕਰੀ ਸ਼ਕਾਇਤ, ਚਾੜ੍ਹ ਦਿੱਤਾ ਮੁਰੀਦ ਕੂ ਫਾਸੀ
ਧਰਮੀਂ ਆਗੂ ਬੇਸਮਝ ਰੱਬ ਤੋਂ, ਗ੍ਰੰਥ ਕਤੇਬ ਪੜ੍ਹ ਜਾਣ ਸੁਣਾਈ
ਹਰ ਕੋਈ ਆਖੇ ਹਰ ਜਾ ਰੱਬ, ਛੁਪ ਬੈਠਾ ਵਿਚ ਸਾਜ ਕੇ ਜੱਗ
ਜੇ ਕੋਈ ਲਾਵੇ ਨ੍ਹਾਰਾ ਰੱਬ ਦਾ, ਆਖਣ ਕਰੇ ਤੌਹੀਨ ਉਹ ਰੱਬ
ਸ਼ਰ੍ਹਾ ਸ਼ਰੀਅਤ ਨਾਮ ਖੁਦੀ ਦਾ, ਖੁਦਾ ਖੁਦੀ ਦਾ ਵੈਰ ਭਾਈ
ਜਦੋਂ ਚਿੱਤ ਯਾਰ ਤੇ ਰੁਕ ਜਾਵੇ, ਧਰਮਾਂ ਦਾ ਰੌਲਾ ਮੁੱਕ ਜਾਵੇ
ਚਿੱਤ ਵਸਾ ਕੇ ਸੱਖਣੇ ਯਾਰ ਕੂ, ਸੇਵਕ ਯਾਰ ਦੇ ਸੋਹਲੇ ਗਾਵੇ
ਪਿਆਰ ਚ ਖੋ ਉਹਦਾ ਬਣ ਜਾਵੇ, ਮੁੜ ਕਰਦਾ ਮਾਹੀ ਮਾਹੀ
ਜਿਉਂ ਮੋਹ ਦੇ ਵਸ ਜਨ ਹੋਵੈ, ਤਿਉਂ ਪਿਆਰ ਦੇ ਵਸ ਰੱਬ
ਫਰਕ ਦੋਹਾਂ ਦਾ ਇੰਨਾਂ ਬੈਂਸ, ਰੱਬ ਵੱਡਾ ਨਿੱਕਾ ਇਹ ਜੱਗ
ਵਸ ਹੋਵੇ ਰੱਬ ਮੁਰੀਦਾਂ ਦੇ, ਇਸ ਚ ਜ਼ਰਾ ਸ਼ੱਕ ਨਾ ਭਾਈ
ਜੇ ਲਾਹੁਣੀ ਏ ਚਿੱਤ ਦੀ ਮਲ, ਵੇਖ ਪਰਖ ਕੇ ਬੈਂਸ ਦੀ ਗੱਲ
ਪਾ ਪਿਆਰ ਹਰਿ ਚਿੱਤ ਚਿਤਾਰ, ਰੱਬ ਮਿਲਣ ਦਾ ਆਵੈ ਵੱਲ
ਰੱਬ ਵਸ ਇਸ਼ਕ ਮਾਸ਼ੂਕਾ ਥੀਂ, ਜਿਉਂ ਕੰਤੀ ਵਸ ਕੰਤਾ ਭਾਈ
ਪਿਆਰ ਪੂਜਾ ਅਤਿ ਉਤੱਮ ਸੁਭ, ਜਦੋਂ ਚਿੱਤ ਚ ਜਾਵੇ ਖੁਭ
ਬਾਝ ਕਾਣ ਕਮਾਣੋਂ ਘਾਣ ਕਰੇ, ਚੇਤੇ ਕਰ ਲੱਗੇ ਚਿੱਤ ਦੁਖ
ਇਸ਼ਕ ਮੁਸ਼ਕ ਗਿਆਨ ਜੜ, ਬੰਦੇ ਕੂ ਰੱਬ ਬਣਾਵੇ ਭਾਈ

ਤਨ ਮਨ ਤੇਰਾ

ਸਾਰਾ ਜੱਗ ਪ੍ਰਭ ਜੀ ਤੇਰਾ, ਏਥੇ ਮਾਸਾ ਧਨ ਨਹੀਂ ਮੇਰਾ
ਤੇਰੇ ਫੁੱਲ ਮਜਾਰ ਚੜ੍ਹਾਵਾਂ, ਭਲਾ ਇਸ ਵਿਚ ਕੀ ਏ ਮੇਰਾ

ਮੈਂ ਹਰਦਮ ਇਹ ਸੋਚਾਂ ਸੋਚਾਂ, ਜੋ ਖੱਟਿਆ ਸੋ ਵੱਟਿਆ
ਐਥੋਂ ਪੁੱਟ ਉਥੇ ਲਾਇਆ, ਸਭ ਆਪਣਾ ਬਣਾ ਰੱਖਿਆ
ਜੇ ਕੋਈ ਭੀਖਕ ਦਰ ਤੇ ਆਵੇ, ਮੈਂ ਕਰਦਾ ਝਗੜਾ ਝੇੜਾ
ਮੈਂ ਸਮਝਦਾ ਸਭ ਕੁਝ ਮੇਰਾ, ਮੈਨੂੰ ਪਾਇਆ ਭਰਮਾਂ ਫੇਰਾ
ਖ਼ੈਰ ਭਿਖਾਰੀ ਕਦੀ ਨ ਪਾਈ, ਪਾਠ ਪੜ੍ਹੇਂਦਾ ਸ਼ਾਮ ਸਵੇਰਾ
ਰਾਜਾ ਰੰਕ ਬਣਾਵੈ ਦਾਤਾ, ਬੈਂਸ; ਇਸ ਚ ਹੱਥ ਨੀ ਤੇਰਾ
ਤੇਰੀ ਕੁਦਰਤ ਤੂੰ ਬਣਾਈ, ਸਾਜ ਨਿਵਾਜੇਂ ਸਭ ਨੂੰ ਆਪੇ
ਮੈਂ ਆਖਾਂ ਇਹ ਸਭ ਕੁਝ ਮੇਰਾ, ਮੇਰੀ ਮੈਂ ਪਾਏ ਸਿਆਪੇ
ਪੂਜਾ ਅਰਚਾ ਮਨ ਦਾ ਬੰਧਨ, ਤੇਰੇ ਮਨ ਦਾ ਘੁੰਮਣ ਘੇਰਾ
ਜੋ ਕੁਝ ਉਹ ਮੈਨੂੰ ਦੇਂਦਾ, ਉਹੋ ਮੋੜ ਮੈਂ ਪੂਜਣ ਕਹਿੰਦਾ
ਤੋੜ ਮਰੋੜ ਬਣਾਵੇਂ ਅਪਣਾ, ਤੈਨੂੰ ਸਮਝ ਕਿਉਂ ਨਹੀਂ ਪੈਂਦਾ
ਕਿੰਨੀਂ ਵੱਡੀ ਧਰਤੀ ਮਾਤਾ, ਜਿਹੜੀ ਜੱਗ ਪਾਲਦੀ ਤੇਰਾ
ਧਰਤ ਆਕਾਸ਼ ਜਿਸ ਬਣਾਈ, ਉਹੋ ਸਾਰੇ ਜੱਗ ਦਾ ਸਾਈਂ
ਵੇਖ ਅਕਲ ਦਿਆ ਅੰਨ੍ਹਿਆਂ, ਤੇਰਾ ਇਸ ਚ ਹੱਥ ਨ ਕਾਈ
ਤੇਰੇ ਸਾਹ ਦਾ ਮਾਲਿਕ ਉਹੋ, ਇਹ ਸਰੀਰ ਭੀ ਨਹੀਂ ਤੇਰਾ
ਤੈਨੂੰ ਸਾਜ ਉਸ ਰੂਹ ਵਿਚ ਪਾਈ, ਜੋ ਸੱਚੇ ਰੱਬ ਦਾ ਹਿੱਸਾ
ਢਾ ਬਣਾ ਵਿਚ ਛੁਪ ਕੇ ਬੈਠਾ, ਜਿਨ ਰਚਿਆ ਇਹ ਕਿੱਸਾ
ਸਾਰਾ ਜੱਗ ਰੱਬ ਦੀ ਬਾੜੀ, ਬੈਂਸ ਏਥੇ ਕੁਝ ਨਹੀਂ ਤੇਰਾ
ਮੇਰੇ ਵਸ ਮੇਰਾ ਕੁਝ ਨਹੀਂ, ਤਨ ਮਨ ਧਨ ਸਭ ਹੈ ਤੇਰਾ
ਅੰਤ ਸਮਝ ਬੈਂਸ ਨੂੰ ਆਈ, ਮਿਟ ਗਿਆ ਦਿਲੋਂ ਹਨੇਰਾ
ਫੁੱਲ ਚੜ੍ਹਾ ਕੇ ਮੈਂ ਕੀ ਖੱਟਿਆ, ਸਭ ਬਾਗ਼ ਬਗ਼ੀਚਾ ਤੇਰਾ

ਹਰਿ ਰੰਗ

ਭਜ ਹਰਿ ਮਨ ਸਿੱਧਾ ਕਰ, ਯਾਰ ਦੀ ਮੂਰਤ ਚਿੱਤ ਵਸਾ
ਚਿੱਤ ਰਾਮ ਮੁੱਖ ਹਰਿ ਨਾਮ, ਸਾ ਰੱਬ ਮਿਲਣ ਦਾ ਰਾਹ

ਚਿੱਤ ਯਾਰ ਦਾ ਨਾਮ ਵਸਾਇ, ਮੁੱਖੋਂ ਹਰਿ ਹਰਿ ਨਾਮ ਧਿਆਇ
ਗੁਰ ਮੂਰਤ ਚਿੱਤ ਵਸਾਇ, ਨਾਮ ਧਿਆਇ ਮਨ ਸੋਧਿਆ ਜਾਇ
ਸਿੱਧੇ ਮਨ ਵਖਾਵੈ ਪ੍ਰਭ ਸਿੱਧਾ ਰਾਹ, ਬੈਂਸ ਦੀ ਆਖੀ ਚਿੱਤ ਵਸਾ
ਮਨ ਏ ਤੇਰਾ ਤਨ ਦੇ ਅੰਦਰ, ਮਨ ਅੰਦਰ ਹਰਿ ਰਾਮ ਕਲੰਦਰ
ਰੂਹ ਤੇਰੀ ਰੱਬ ਦਾ ਹਿੱਸਾ, ਭੇਦ ਨ ਪਾਵੈ ਗੋਰਖ ਬਾਲ ਮਛੰਦਰ

ਨਾ ਜਤੀ ਸਤੀ ਸਨਿਆਸੀ ਬੁੱਝੈ, ਤੂੰ ਰਾਮ ਨਾਮ ਗੁਣ ਗਾਇ ਜਾ
ਭਗਤੀ ਕਰਨ ਦਾ ਵੱਲ ਅਜਿਹਾ, ਕਰਮ ਧਰਮ ਸੰਗ ਤੋੜੋ ਨੇਹਾ
ਚਿੱਤ ਯਾਰ ਮੁੱਖ ਬੋਲੈ ਰਾਮ, ਗੁਰ ਮੂਰਤ ਹਰਿ ਸਤਿਗੁਰ ਜੇਹਾ
ਮਨ ਉਤੇ ਤੱਕ ਕੇ ਰਾਮ ਬੋਲ, ਭਟਕਿਆ ਮਨ ਵਸ ਜਾਵੈ ਆ
ਗੁਰ ਸੇਵਣ ਬਹੁ ਉਤੱਮ ਕਰਮ, ਸੱਚਾ ਸਤਿਗੁਰ ਕਾਟੈ ਭਰਮ
ਮਨ ਸੱਚਾ ਸਤਿ ਸਤਿਗੁਰ ਸੇਵੈ, ਪੱਥਰ ਪੂਜਣ ਲੋੜ ਨ ਧਰਮ
ਪ੍ਰਭ ਦੀ ਭਗਤੀ ਮਨ ਸੋਧਣਾ, ਸਾਸ ਸਾਸ ਹਰਿ ਨਾਮ ਧਿਆ
ਸਿਰ ਮਹਿ ਪ੍ਰਭ ਦਿੱਤਾ ਮਨ ਰੱਖ, ਮਨ ਉਤੇ ਕਰ ਮੂਰਤ ਤੱਕ
ਬੋਲ ਰਾਮ ਕਰ ਉਪੱਰ ਧਿਆਨ, ਮੂਰਤ ਤੱਕ ਮਨ ਜਾਵੈ ਟਿਕ
ਟਿਕਿਆ ਮਨ ਸਿੱਧਾ ਹੋਇ ਆਵੈ, ਮਨ ਲਾਇ ਕੈ ਨਾਮ ਧਿਆ
ਨਿਗ੍ਹ ਮਨ ਦੀ ਉਪਰ ਚੱਕ, ਸਤਿਗੁਰ ਮੂਰਤ ਮਨ ਮਹਿ ਰੱਖ
ਗੁਰ ਹਰਿ ਮੂਰਤ ਚਿੱਤ ਵਸਾਇ, ਹਰੀ ਨਾਮ ਮਨ ਜਾਵੈ ਵਸ
ਦੋ ਦੁਐਤ ਮਨ ਭੁੱਲ ਜਾਵੈ, ਪਿਆਰ ਪਾਇ ਯਾਰ ਦਵੈ ਨਿਭਾ
ਐਸੀ ਮੱਤ ਸੁਣ, ਪੜ੍ਹਤ ਪੜ੍ਹਾਵੈ, ਨਾਮ ਲੈਣ ਉਤਸ਼ਾਹ ਬੜ੍ਹਾਵੇ
ਐਸੋ ਪੜ੍ਹੋ ਗ੍ਰੰਥ ਵਿੱਦਿਆ, ਜੋ ਸੱਖਣੇ ਯਾਰ ਸੰਗ ਮਨ ਰੁਝਾਵੈ
ਪੜ੍ਹੈ ਸੁਣੈ ਮਨ ਹਰਿ ਹਰਿ ਨਾਮਾ, ਪੜ੍ਹਿ ਸੁਣਿ ਮਨ ਮਹਿ ਦੁਹਰਾ
ਜਬ ਮਨ ਸਿੱਧਾ ਹੋਣ ਲੱਗੈ, ਦਿਮਾਗ ਨੂੰ ਕੁਝ ਕੁਝ ਹੋਣ ਲੱਗੈ
ਯਾਰ ਮੂਰਤ ਮਨ ਵਸਣ ਲੱਗੈ, ਮੁੜ ਤੱਕੈ ਨ ਮਨ ਸੱਜੈ ਖੱਬੈ
ਮਨ ਟਿਕ ਜਾਵੈ ਨਾਮ ਧਿਆਵੈ, ਸਿੱਧੈ ਮਨ ਦਿੱਸੈ ਹਰਿ ਰਾਹ

ਇਕ ਰੱਬ ਦੋ ਨੈਣ

ਇਕ ਰੱਬ ਉਹਦਾ ਇਹ ਜੱਗ, ਹਰਿ ਵਸੈ ਹਰ ਜਾਈ
ਦੋ ਨੈਣ ਤੱਕ ਦੁਐਤ ਜੱਗ, ਇਕ ਮਨ ਇਕ ਧਿਆਈ
ਦੋ ਨੈਣ ਦੋ ਵੇਖ ਵਖਾਵੈ, ਇਕ ਵੇਖ ਸਕੈ ਨਾ ਭਾਈ
ਦੋ ਨੈਣ ਮਾਇਆ ਦਾ ਫੰਧਾ, ਨੈਣ ਨੈਣਾ ਫਸ ਜਾਈ
ਹਰਿ ਇਹ ਜਗਤ ਉਪਾਇ, ਵਿਚ ਦੁਐਤ ਹਰਿ ਪਾਈ
ਦੋ ਨੈਣ ਲਗਾਏ ਭਰਮ ਭੁਲਾਏ, ਦੋ ਕੂ ਦੇਖਣ ਤਾਈ
ਜਬ ਲੱਗ ਮਨ ਇਕ ਨ ਸਾਧੈ, ਹਰਿ ਮਨ ਨਾ ਵਸਾਈ
ਦੋ ਛਾਡ ਮਨ ਇਕ ਧਿਆ, ਹਰਿ ਹਰਿ ਨਾਮ ਧਿਆਈ
ਹਰਿ ਇਕ ਪ੍ਰਭ ਬਿਰਦ ਇਕ, ਰੱਬ ਇਕ ਅਸੂਲ ਬਣਾਈ
ਹਰ ਸ਼ੈ ਇਕ ਪਰੋਈ ਧਾਗੇ, ਕੋਇ ਤੋੜੈ ਭੱਜੈ ਨ ਭਾਈ

ਜਬ ਇਕ ਸੋ ਦੋ ਹੋ ਭਏ, ਹਰਿ ਰੰਗ ਭੰਗ ਹੋਇ ਜਾਈ
ਹਰਿ ਜਾਣੈ ਮਨ ਕੀ ਬਿਰਥਾ, ਮਨ ਮਹਿ ਰਿਹਾ ਸਮਾਈ
ਮੁਖ ਰਾਮ ਬੋਲ ਮਨ ਭੇਦ ਖੋਲ੍ਹ, ਸਰਣ ਜਾਇ ਗੁਰ ਭਾਈ
ਗੁਰੂ ਸੁਣਾਵੈ ਸੇਵਕ ਸੁਣੈ, ਗੁਰ ਸ਼ਬਦ ਸੁਣੈ ਚਿੱਤ ਲਾਈ
ਇਹੋ ਭਗਤੀ ਇਹੋ ਗਿਆਨ, ਅਵਰ ਸਭ ਕੂੜ ਕਮਾਈ
ਜਪ ਤਪ ਸੰਜਮ ਕੱਚੇ ਧਾਗੇ, ਅੱਧ ਵਿਚਕਾਰ ਟੁੱਟ ਜਾਈ
ਮਨ ਉਤਾਂਹ ਚੜ੍ਹਾ ਨਾਮ ਧਿਆ, ਧਾਇਆ ਮਨ ਵਸ ਆਈ
ਮਨ ਵਸ ਆਵੈ ਨਾਮ ਧਿਆਵੈ, ਮਨ ਭਰਮ ਭੁਲੇਖਾ ਜਾਈ
ਮਨ ਮੂਰਤ ਚਿੱਤ ਗੁਰ ਸੂਰਤ, ਮੁੱਖ ਹਰਿ ਨਾਮ ਅਲਾਈ
ਕਰਮ ਧਰਮ ਸਭ ਪੂਜਾ ਅਰਚਾ, ਮਨ ਕਾ ਬੰਧਨ ਭਾਈ
ਗੁਰ ਸਰਨਾ ਭਜੁ ਹਰਿ ਚਰਨਾ, ਮਨ ਸਿੱਧਾ ਹੋਇ ਆਈ
ਭਜਿ ਹਰਿ ਮਨ ਸਿੱਧਾ ਕਰ, ਇਹੋ ਗਿਆਨ ਮੇਰੇ ਭਾਈ
ਨਾ ਆਵੈ ਨਾ ਕਿਤ ਜਾਵੈ, ਮਨ ਮਹਿ ਹਰਿ ਖੋਜੋ ਭਾਈ
ਨਾਮ ਧਿਆਇ ਹਰਿ ਹਰਿ ਗਾਇ, ਬੈਸ ਪਰਮਗਤ ਪਾਈ

ਬੜੋ ਬਾਬਾ

ਹਰੇ ਹਰਿ ਬਾਬਾ ਜਿਉਂ ਨਾਦ ਸੋ ਕੁਰੰਗ
ਭਜੋਂ ਹਰਿ ਹਰਿ ਬਾਬਾ ਹੋਵੈ ਮਸਤ ਮਲੰਗ
ਮਿਲੋ ਮਿਲ ਬਾਬਾ ਜਿਉਂ ਨੀਰ ਕੂ ਤਰੰਗ.
ਨੀਰ ਸ਼ੀਰ ਬਾਬਾ, ਨੀਰ ਖਾਵੈ ਸ਼ੀਰ ਰੰਗ
ਹਰੌਂ ਸੇਵਾ ਸੇਵ ਬਾਬਾ, ਲਹਿਣਾ ਨਾਨਕਾਉ ਸੰਗ
ਹਰੈ ਚਿੱਤ ਬਾਬਾ, ਚੜ੍ਹੈ ਸਾਈ ਸੰਗ ਰੰਗ
ਹਿਰੈ ਚਿੱਤ ਬਾਬਾ, ਚੜ੍ਹੈ ਲਾਲ ਸੂਹਾ ਰੰਗ.
ਆਪ ਮਰੈ ਮਨ ਮਾਰ, ਹੋਇ ਮਸਤ ਮਲੰਗ
ਮਰੈ ਭਾਉ ਮਿਟੈ ਭੈ, ਲੜੈ ਸੂਰ ਜਾਇ ਜੰਗ
ਚਿੱਤ ਹਾਰ ਕੂ ਮੁਰਾਰ, ਜਿੱਤ ਜਾਇ ਇਤ ਜੰਗ
ਫਲੈ ਫਲ ਬਾਬਾ, ਬਾਰਾਂ ਮਾਸ ਪਾਰਜਾਤ ਸੰਗ
ਹੀਰੈ ਬੇਧੈ ਹੀਅਰਾ, ਵਾਸ ਚੰਦਨੈ ਕੈ ਰੰਗ
ਭਾਇ ਭਾਉ ਬਾਬਾ, ਡੋਰ ਕੂਕਰੈ ਕੈ ਸੰਗ
ਖਿੱਚ ਡੋਰ ਚਿੱਤ ਹੋਰ, ਬਾਬਾ ਚਿੱਤ ਜੋੜ ਸੰਗ
ਮੋਹਿ ਮੋਹ ਤੋਹਿ ਬਾਬਾ, ਜਿਉਂ ਚਕੋਰ ਸੰਗ ਚੰਦ

ਸੌਐ ਚਕਈ ਨ ਰਾਤ, ਚਿੱਤ ਸੂਰਜ ਕੈ ਸੰਗ
ਰਵੀ ਸ਼ਸ਼ੀ ਕੌ ਚਰਾਗ, ਚੜ੍ਹੈ ਦਿਨ ਰਾਤ ਰੰਗ
ਤੋਹੀ ਮੋਹੀ ਮੋਹੀ ਤੋਹੀ, ਵਸੈ ਮਾਹੀ ਅੰਗ ਸੰਗ
ਤੇਰਾ ਪਿਆਰ ਕਰਤਾਰ, ਸੇਵ ਸੇਵਣ ਨਿਸੰਗ
ਮਨ ਹਿਤੈ ਬਾਬਾ, ਗੁਰਚਰਣਾ ਕੈ ਸੰਗ
ਹਿੱਤ ਚਿੱਤ ਬਾਬਾ, ਕਰ ਮਸਤ ਮਲੰਗ

ਗੁਰਦੇਵ

ਬਾਬਾ ਮਨ ਮਾਤੈ ਮੱਤ ਚਿਤੈ, ਗੁਰਚਰਨ ਸਰਣ ਹਰਿ ਹਿਤੈ
ਗੁਰ ਕਿਰਪਾ ਤੇ ਮਨ ਵਸੈ, ਮਨੁ ਹਰਿ ਹਰਿ ਨਾਮ ਜਪੈ
ਗੁਰਮੁਖੇ ਹਰਿ ਪਾਈਐ, ਸਤਿਗੁਰ ਸੇਵਾ ਸਬਦਿ ਵਿਚਾਰ
ਸਤਿਗੁਰ ਦਾਤਾ ਨਾਮ ਕਾ, ਗੁਰਸਬਦ ਮਿਲਾਵਣ ਹਾਰ
ਗੁਰ ਚਰਣੀ ਚਿੱਤ ਲਾਇ, ਹਰਿ ਨਾਮਾ ਰਿਦੈ ਵਸਾਇ
ਸਤਿਗੁਰ ਚਰਣੀ ਧਾਇ ਕੈ, ਹਰਿ ਹਰਿ ਨਾਮ ਧਿਆਇ
ਜਨ ਮਨ ਗਹੈ ਚਿੱਤ ਲਾਇ, ਹਰਿ ਨਾਮ ਵਸੇ ਮਨ ਆਇ
ਹਰਿ ਮਨੋਂ ਨ ਵਿਸਰੈ, ਜਨ ਹਰਿ ਹਰਿ ਨਾਮ ਧਿਆਇ
ਸਾਈ ਭਗਤੀ ਸੋ ਗਿਆਨ, ਹਰਿ ਪ੍ਰਭ ਅਵਰ ਨ ਭਾਇ
ਹਰਿ ਹਿਰਦੇ ਪ੍ਰਭ ਸਮਾਇਆ, ਵਿੱਛੜ ਕਦੀ ਨ ਜਾਇ
ਗੁਰ ਸੇਵਣ ਹਰਿ ਨਾਮ ਹੈ, ਬਿਨ ਗੁਰ ਨਾਮ ਨ ਭਾਇ
ਦਾਸਨ ਦਾਸੀ ਹੋਇ ਰਹੁ, ਸਤਿਗੁਰ ਮਨ ਸਾਂਤ ਕਰਾਇ
ਹਰਿ ਨਾਮ ਰਿਦੇ ਮਨ ਖੋਜ, ਗੁਰ ਮਨ ਤਾਕ ਖੁਲ੍ਹਾਇ
ਹਰਿ ਹਰਿ ਨਾਮਾ ਮਨੈ ਮਾਹਿ, ਸੁਣਿ ਸਤਿਗੁਰ ਕੀ ਬਾਣੀ
ਪੜ੍ਹੈ ਸੁਣੈ ਹਰਿ ਚਿੱਤਿ ਵਸਾਇ, ਕੱਥੈ ਅਕੱਥ ਕਹਾਣੀ
ਪੜ੍ਹਨਾ ਗੁਣਨਾ ਕਾਰ ਜਗਤ, ਬਿਨ ਸਬਦੈ ਵਸੈ ਨ ਚਿੱਤ
ਸਬਦ ਕਮਾਇ ਨਾਮ ਧਿਆਇ, ਹਰਿ ਹਰਿ ਇਕ ਮਿਕ
ਕਰਮ ਨ ਜਾਣਾ ਧਰਮ ਨ ਜਾਣਾ, ਸਤਿਗੁਰ ਨਮੋ ਨਮਸਕਾਰੈ
ਆਪਣ ਭਾਇ ਨਾਮ ਜਪਾਇ, ਰਸ ਕਸ ਪਾਰ ਉਤਾਰੈ
ਹਰਿ ਨਾਮਾ ਗੁਰ ਸੇਵਣ, ਬਿਨ ਸਰਧਾ ਪਾਇ ਨ ਥਾਇ
ਚਿੱਤ ਲਾਇ ਨਾਮ ਧਿਆਇ, ਗਹੁ ਸਤਿਗੁਰ ਸਰਣਾਇ
ਸਤਿਗੁਰ ਗੁਰ ਹਰਿ ਪਾਰਬ੍ਰਹਮ, ਗੁਰ ਭਾਇ ਨਾਮ ਧਿਆਇ
ਗੁਰ ਹਰਿ ਪ੍ਰਭ ਕਰ ਸੇਵੀਐ, ਹਰਿ ਮਨ ਮਾਹਿ ਪਰਗਟਾਇ

ਨੰਦ ਕੌ ਨੰਦਨ

ਨੰਦ ਕੌ ਨੰਦਨ ਨਾਮ ਨਿਰੰਜਣ, ਵਾ ਕੌ ਨੰਦਨ ਤਾ ਕੌ ਨੰਦਨ
ਮਾ ਕੌ ਨੰਦਨ ਪਾ ਕੌ ਨੰਦਨ, ਭਾਈਆ ਬੇਬਾ ਸਾ ਕੌ ਨੰਦਨ
ਨਿੰਦਨ ਨੰਦਨ ਨਾਚੈ ਨੰਦਨ, ਰਾਚਿ ਰਚਾਇ ਸਗਲ ਭਵ ਨੰਦਨ
ਥਾਨ ਥਨੰਤਰ ਸਗਲੋ ਨੰਦਨ, ਭਾਉ ਭਾਵ ਗੁਰ ਭਾਵੈ ਨੰਦਨ
ਤਨ ਮਨ ਧਨ ਬਿਆਪੈ ਨੰਦਨ, ਸਗਲ ਭਵਣ ਕਾ ਏਕੈ ਨੰਦਨ
ਖਾਣੀ ਨਿੰਦਨ ਬਾਣੀ ਨਿੰਦਨ, ਨਿੰਦਨ ਨੰਦਨ ਆਠੋ ਨੰਦਨ
ਸੇਵਕ ਨੰਦਨ ਸਾਕਤ ਨੰਦਨ, ਭਗਤਿ ਭਾਇ ਭਾਵਨੀ ਨੰਦਨ
ਭਾਇ ਭਾਵਣੀ ਭਾਉ ਕਰ ਰਾਖੈ, ਖਾਣ ਪਾਣ ਸਭ ਨੰਦ ਕੌ ਨੰਦਨ
ਗੁਰ ਹਰਿ ਨੰਦਨ ਸਤਿਗੁਰ ਨੰਦਨ, ਭੇਦ ਭਾਵ ਨਹਿ ਨਾਮ ਨਿਰੰਜਣ
ਸਗਲ ਬਿਆਪੈ ਸਰਬਸ ਰਾਖੈ, ਜੀਅ ਜੁਗਤ ਮਹਿ ਪਾਵੈ ਨੰਦਨ
ਏਕ ਨਾਮ ਹਰਿ ਨਾਮ ਨਿਰੰਜਣ, ਨਹਿ ਜਾਪੈ ਹਰਿ ਬਿਨ ਗੁਰ ਨੰਦਨ
ਨੰਦ ਕੌ ਨੰਦਨ ਸਭ ਕੌ ਨੰਦਨ, ਜਲ ਥਲ ਮਹੀਅਲ ਹਰਿ ਹਰਿ ਨੰਦਨ
ਤ੍ਰਿਭਵਣ ਰੰਗਨ ਨਾਮ ਬਰੰਗਨ, ਜੋ ਦੀਸੇ ਹਰਿ ਹਰਿ ਗੁਰ ਨੰਦਨ
ਪੌਣ ਪਾਣੀ ਜਲ ਹਰਿ ਨੰਦਨ, ਥਲ ਆਕਾਸ ਸਭਸ ਭਾਓ ਨੰਦਨ
ਕਾਇ ਕਹਾਇ ਨੰਦ ਕੌ ਨੰਦਨ, ਨਹਿੰ ਚਿੰਦੈ ਗੁਰ ਸਤਿਗੁਰ ਨੰਦਨ
ਨਿੰਦੇ ਚਿੰਦੈ ਚਿੱਤ ਭਵਖੰਡਨ, ਆਪੇ ਥਾਪਿ ਉਥਾਪਿ ਪ੍ਰਭ ਨੰਦਨ
ਆਪ ਉਪਾਇ ਜਗਤ ਸਬਾਇ, ਚਿੱਤ ਛੁਪਾਵੈ ਗੁਰ ਹਰਿ ਨੰਦਨ
ਆਪੇ ਸਾਜੈ ਸਾਜੁ ਖੁਆਵੈ, ਕਰ ਕਾਰ ਸੁਕਾਰ ਬਿਗਸਾਵੈ ਨੰਦਨ
ਸਾਜਿ ਸੁਆਰ ਨਿੰਦ ਚਿੰਦ ਖਪਾਵੈ, ਹਰਿ ਮਾਹਿ ਸਮਾਵੈ ਆਂਠੋ ਨੰਦਨ
ਨੰਦਨ ਸਾਜੈ ਨੰਦਨ ਢਾਵੈ, ਨੰਦਨ ਸਾਜ ਸੁਆਰ ਸਮਾਵੈ ਹਰਿ ਨੰਦਨ
ਸਗਲ ਭਵਣ ਚਿੰਦਨ ਪ੍ਰਭ ਨੰਦਨ, ਨਮੋਂ ਨਮਸਤੰ ਬੈਂਸ ਪ੍ਰਭ ਭੈ ਭੰਜਨ

ਭਾਇ ਭਾਵਨੀ

ਕਾਟ ਰੇ ਮਨ ਭਰਮ ਭੇਤ, ਹਰਿ ਚੇਤੈ ਚਿੱਤ ਅਚੇਤ
ਹਰਿ ਹਰਿ ਨਾਮ ਧਿਆਇ, ਚਿੱਤ੍ਰਗੁਪਤ ਮਿਟਾਵੈ ਲੇਖ
ਹਰਿ ਹਰਿ ਨਾਮ ਧਿਆਇ, ਗੁਰ ਸਤਿਗੁਰ ਕੈ ਹੇਤ
ਗੁਰ ਹਰਿ ਨਾਮ ਧਿਆਵੰਦਾ, ਮੋਹਿ ਕੱਟੈ ਮਾਇਆ ਵੇਸ
ਸੋਈ ਗਿਆਨੀ ਸੋਈ ਧਿਆਨੀ, ਹਰਿ ਚਿੱਤੈ ਚਿੱਤ ਅਚੇਤ
ਸਤਿਗੁਰ ਕੈ ਬਲਿਹਾਰਣੈ, ਪਾਵੈ ਗੁਰ ਹਰਿ ਪ੍ਰਭ ਭੇਤ
ਹਰਿ ਸਤਿਗੁਰ ਮਾਹਿ ਸਮਾਇਆ, ਗੁਰ ਵਸੈ ਹਰਿ ਸੇਤ

ਸਤਿਗੁਰ ਦਾਤਾ ਨਾਮ ਕਾ, ਭਜਿ ਨਾਮ ਬੈਂਸ ਚਿੱਤ ਚੇਤੁ
ਸਤਿਗੁਰ ਬਖਸੈ ਨਾਮ ਰਸਿ, ਬਿਨ ਸਤਿਗੁਰ ਨਹੀਂ ਭੇਤ
ਦੇਸ ਦਿਸੰਤਰ ਭਵ ਥੱਕੈ, ਬਿਨ ਸਤਿਗੁਰ ਕੈ ਉਪਦੇਸ
ਗਤਿ ਮਿਤ ਥਾਇ ਨਾ ਪਵੈ, ਖੰਡ ਬ੍ਰਹਮੰਡ ਸਭ ਦੇਸ
ਗੁਰ ਕਸਵੱਟੀ ਪਾਰਜਾਤ, ਹਰਿ ਕੰਚਨ ਗੁਰ ਉਪਦੇਸ
ਗੁਰ ਬਿਨ ਕਿਨੈ ਨ ਪਾਇਓ, ਕਰ ਲੱਖ ਚੌਰਾਸੀ ਵੇਸ
ਜਿਨ ਗੁਰ ਹਰਿ ਕਰ ਮੰਨਿਆਂ, ਮਿਟਿਆ ਦੁਤੀਆ ਵੇਸ
ਗੁਰ ਹਰਿ ਭੇਦ ਬਤਾਇ ਸੀ, ਸਬਦ ਸੁਣੈ ਗੁਰ ਹੇਤ
ਭਜੁ ਸਤਿਗੁਰ ਸਰਣਾਗਤੀ, ਗੁਰੂ ਪਿਆਰ ਹਰਿ ਹੇਤ
ਸਤਿਗੁਰ ਸਰਣ ਸਰਨਾਗਤੀ, ਕਰ ਚਿੱਤ ਗਰੀਬੀ ਵੇਸ
ਰਾਮ ਨਾਮ ਗੁਰ ਬੋਹਿਥਾ, ਚਾਇ ਖਾਇ ਭੁੰਚ ਭੁੰਚੇਤ
ਸਤਿਗੁਰ ਬੈਂਸ ਹਰਿ ਮਾਨਿਆਂ, ਚਿੱਤ ਚਿਤਵਣੀ ਚੇਤ
ਗੁਰ ਹਰਿ ਰਸਨ ਰਸਾਇ, ਮਨ ਉਪਜੈ ਅਨਤ ਅਨੇਤ
ਸਤਿਗੁਰ ਸੋ ਮਨ ਮਾਨਿਆ, ਭਾਉ ਭਾਇ ਭਾਵਨੀ ਹੇਤ
ਗੁਰ ਸਤਿਗੁਰ ਹਰਿ ਸਖਾ, ਚਿੱਤ ਆਇ ਵਸੈ ਹਰਿ ਚੇਤ
ਗੁਰ ਸਤਿਗੁਰ ਗੁਰ ਪਾਰਬ੍ਰਹਮ, ਗੁਰ ਹਰਿ ਨਾਹਿ ਭੇਤ
ਜਿਨ ਗੁਰ ਹਰਿ ਕਰ ਮਾਨਿਆਂ, ਬੈਂਸ ਸੇਈ ਭਗਤ ਅਨੇਕ

ਰਾਗੁ ਰੰਗਨ

ਕਰੋਂ ਜੋਦੜੀ ਅਨਤ ਅਨੰਤਾ, ਗੁਰ ਸਤਿਗੁਰ ਕਰਤਾਰ
ਭ੍ਰਮਣ ਕਰੈ ਮੋਹਿ ਤੋਹਿ ਭੈਰਵਾ, ਆਗੈ ਪਾਛੈ ਪੈਰ ਪਛਾਰ
ਸਤਿਗੁਰ ਦਾਤੇ ਪੁਰਖੁ ਬਿਤਾਤੇ, ਮੋਹਿ ਹਰਿ ਨਾਮ ਅਧਾਰ
ਛਣ ਛਣ ਛਣ ਛਣਕਾਂ ਛਣਕਾਵਾਂ, ਹਰਿ ਹਰਿ ਨਾਮ ਉਚਾਰ
ਭੈਰਵ ਦਾਸ ਤੋਹਿ ਰੰਗ ਰਾਤਾ, ਗਾਵੈ ਹਰਿ ਨਾਮ ਮੁਰਾਰ
ਗੁਣ ਨਾਹਿੰ ਕੋਇ ਗਤਿ ਨਾਹਿੰ, ਹਰਿ ਨਾਮ ਮੋਹਿ ਉਰਧਾਰ
ਨਾਮ ਨਿਧਾਨ ਸਤਿਗੁਰ ਭਾਇ, ਗੁਰ ਸਤਿਗੁਰ ਕਿਰਪਾ ਧਾਰ
ਨਾਮ ਰਬਾਣਾ ਪ੍ਰਭ ਨਿਰਬਣਾ, ਗੁਰ ਸਤਿਗੁਰ ਕੈ ਦਰਬਾਰ
ਮਨਮੁੱਖ ਕੌ ਬਖਸ ਪ੍ਰਭ ਦਾਤੇ, ਪ੍ਰਭ ਅਪਣੀ ਕਿਰਪਾ ਧਾਰੁ
ਨਾਮ ਧਿਆਇ ਗੁਰ ਸਰਣਾਇ, ਗੁਰ ਸਤਿਗੁਰ ਪ੍ਰਾਣ ਅਧਾਰ
ਨਾਮ ਧਿਆਇ ਮਨ ਰਹਿਸਾਇ, ਹਰਿ ਨਾਮਾ ਮਨ ਮਾਹਿ ਉਚਾਰ
ਹਰਿ ਹਰਿ ਕਰਤ ਹਰੇ ਹਰਿ ਹੋਈਐ, ਜਨ ਰਸਕ ਰਸਕ ਉਰਧਾਰਿ

ਨਾਮ ਧਿਆਇ ਹਰਿ ਗੁਣ ਗਾਇ, ਹਰਿ ਨਾਮ ਦੀਪ ਦੀਪਾਇ
ਰਸਕ ਰਸਾਇ ਹਰਿ ਗੁਣ ਗਾਇ, ਸਗਲ ਭਵਣ ਸਗਲ ਬਨਰਾਇ
ਹਰਿ ਗਾਇ ਭਜੋ ਹਰਿ ਰਾਏ, ਭਾਉ ਭਾਇ ਪਾਰਜਾਤ ਹਰਿ ਭਾਇ
ਗੁਰ ਪਾਰਸ ਹਰਿ ਪਾਰਜਾਤ, ਜੋ ਬੀਜੈ ਸਾ ਸੋਈ ਫਲ ਪਾਇ
ਹਰਿ ਪਾਰਜਾਤ ਗੁਰ ਸਦ ਬਸੰਤ, ਹਰਿ ਬਾਰਹ ਮਾਸ ਫਲੰਤ
ਨਾਮ ਧਿਆਇ ਗੁਰ ਸਰਣਾਇ, ਭਜੁ ਨਾਮਾ ਰਸ ਭੁੰਚ ਭੁਚੰਤ
ਗੁਰ ਮਾਤਾ ਗੁਰ ਪੁਰਖ ਬਿਧਾਤਾ, ਗੁਰ ਪਿਤਾ ਪਾਰਬ੍ਰਹਮ
ਗੁਰ ਸੰਗ ਸਾਥ ਗੁਰ ਹਰਿ ਮੀਤ, ਹਰਿ ਪਸਰ ਖੰਡ ਬ੍ਰਹਮੰਡ
ਗੁਰ ਸਤਿਗੁਰ ਹਰਿ ਪਾਈਐ, ਗੁਰ ਸਤਿਗੁਰ ਸੰਗ ਪ੍ਰੀਤ
ਗੁਰ ਮਿਲ ਨਾਮ ਧਿਆਇ ਮਨ, ਗੁਰ ਸਤਿਗੁਰ ਹਰਿ ਮੀਤ
ਹਰਿ ਪਾਏ ਨਾਮ ਧਿਆਇ, ਗੁਰ ਸਤਿਗੁਰ ਕੈ ਉਪਦੇਸ
ਗੁਰ ਸਤਿਗੁਰ ਜਿਨ ਮਾਣਿਆ, ਤਿਨ ਪਾਇਆ ਪ੍ਰਭ ਭੇਤ
ਮੇਘਾ ਬਰਸੈ ਸ਼ਹਿਬਰ ਲਾਵੈ, ਮੋਹਿ ਚਾਤ੍ਰਿਕ ਮੁਖ ਬੂੰਦ ਨ ਪਾਵੈ
ਜੋ ਬੀਜੈ ਸੋਈ ਫਲ ਪਾਵੈ, ਬਿਨ ਭਾਗਾਂ ਜਨ ਕਛੂ ਨ ਬਿਆਵੈ
ਮੇਘਾ ਬਰਸੈ ਸਗਲ ਅਘਾਵੈ, ਜਨ ਗਨ ਮਨ ਹਰਿਆ ਹੋਇ ਆਵੈ
ਨਾਮ ਧਿਆਵੈ ਹਰਿ ਫਲ ਪਾਵੈ, ਪੂਤ ਸਪੂਤ ਰਾਗਨ ਸੰਗ ਸਮਾਵੈ

ਸਤਿਗੁਰ

ਗੁਰ ਪਾਰਜਾਤ ਹਰਿ ਅਮਰੁ ਫਲ, ਗੁਰ ਬਿਨ ਫਲੈ ਨ ਕੋਇ
ਗੁਰ ਹਰਿ ਗੁਰ ਨਾਮ ਜਪੰਦਿਆ, ਮਨ ਤਨ ਨਿਰਮਲ ਹੋਇ
ਸਤਿਗੁਰ ਸਖਾ ਤਿਸ ਮਾਨੀਐ, ਹਰਿ ਗਿਆਨ ਜਪਾਵੈ ਸੋਇ
ਗੁਰ ਪਾਰਸ ਜਨ ਮਨ ਜੋਹਿਆ, ਕੁੰਦਨ ਕਰ ਦਿਖਲਾਵੈ ਸੋਇ
ਸਤਿਗੁਰ ਦਾਤਾ ਹਰਿ ਨਾਮ ਕਾ, ਮਨ ਤਨ ਰੰਗ ਰੰਗਾਵੈ ਸੋਇ
ਹਰਿ ਨਾਮਾ ਹਰਿ ਰੰਗ ਹੈ, ਸਤਿਗੁਰ ਬਿਨ ਗਿਆਨ ਨ ਹੋਇ
ਗੁਰ ਸਖਾ ਹਰਿ ਗਿਆਨ ਪਰਬੋਧੈ, ਗੁਰ ਸਬਦ ਮਨਿ ਮੋਹਿ
ਗੁਰ ਮੰਤ ਹਰਿ ਗਿਆਨ ਮੰਤ, ਜਪਿ ਜਾਪੁ ਹਰੇ ਹਰਿ ਹੋਇ
ਸਤਿਗੁਰ ਦਾਤਾ ਪੁਰਖੁ ਬਿਧਾਤਾ, ਗੁਰ ਹਰਿ ਗਿਆਨ ਭੰਡਾਰ
ਜਿਨ ਗੁਰ ਹਰਿ ਸਤਿਗੁਰ ਸੇਵਿਆ, ਸੋ ਜਨ ਉਤਰਿਆ ਪਾਰ
ਗੁਰ ਹਰਿ ਮੰਜਨ ਨਾਮ ਨਿਰੰਜਨ, ਗੁਰ ਭਵਖੰਡਨ ਕਰਤਾਰ
ਜਨੁ ਭਉ ਭਾਇ ਕਰ ਮਾਨਿਆ, ਸੋ ਉਤਰਿਆ ਸਾਗਰ ਪਾਰ
ਸੋਇ ਸੋ ਹਰਿ ਭਜੁ ਮੇਰੇ ਜੀਅੜੇ, ਜਿਤ ਭਜਿਐ ਸੁਖ ਹੋਇ

ਸਭ ਦੁਤੀਆ ਭਾਉ ਉਤਾਰ ਕੈ, ਮਨ ਤਨ ਨਿਹਚਲ ਹੋਇ
ਭਜੁ ਭਾਉ ਭਾਇ ਕਰ ਭਾਵਨੀ, ਨਿਤ ਧਿਆਇ ਹਰਿ ਚਿੱਤ
ਗੁਰ ਸਤਿਗੁਰ ਹਰਿ ਪਾਰਬ੍ਰਹਮ, ਗੁਰ ਸਤਿਗੁਰ ਹਰਿ ਮਿੱਤ
ਮਨ ਰੇ ਮਨ ਮਹਿ ਮਨੁ ਪਛਾਣ, ਗੁਰ ਸਤਿਗੁਰ ਹਰਿ ਮਾਨ
ਇਕ ਮਨ ਚਿੱਤ ਧਿਆਇ ਹਰਿ, ਕਰ ਨਾਮ ਦਾਨ ਇਸਨਾਨ
ਮੇਰੇ ਹਰਿ ਪ੍ਰਭ ਤੋਹਿ ਦਯਾ ਮਯਾ, ਕਰ ਸਤਿਗੁਰ ਸੰਗ ਮੇਲ
ਆਪ ਮਰ ਮਨੁ ਮਾਰ ਮਰਿ, ਇਤ ਹੋਇ ਸਾਹਿਬ ਸਿਉਂ ਮੇਲ
ਗਗਨ ਦਮਾਮ ਬਜਾਇ ਕੈ, ਹਰਿ ਕੁਦਰਤ ਰੰਗ ਰਚਾਇ
ਸਿਰ ਧਰ ਤਲੀ ਨਚਾਵਣਾ, ਜੰਗ ਜਨਮ ਮਰਨ ਜਿੱਤ ਪਾਇ
ਬਹੁੜ ਜਨਮ ਨਾ ਆਈਐ, ਚਿੱਤ ਲਾਇ ਨਾਮ ਧਿਆਇ
ਗੁਰ ਚਰਣੀ ਚਿੱਤ ਲਾਇ ਕੈ, ਜਨਮ ਮਰਨ ਦੁਖ ਜਾਇ

ਹਰਿ ਗੁਰ ਸਾਗਰ

ਤਜ ਮੋਹ ਮਾਨ ਤਾਨ ਮੁਹੱਬਤ, ਹਰਿ ਚਰਣੀ ਚਿੱਤ ਲਾਇ ਜਾ
ਸਤਿਗੁਰ ਸੇਤੀ ਪ੍ਰੀਤ ਬਣਾਇ, ਹਰਿ ਹਰਿ ਨਾਮ ਧਿਆਇ ਜਾ
ਸਤਿਗੁਰ ਦਾਤਾ ਕਰਮ ਵਿਧਾਤਾ, ਪ੍ਰੇਮ ਭਾਇ ਚਿੱਤ ਲਾਇ ਜਾ
ਕਰਮ ਵਿਧਾਤਾ ਕਰਣ ਕਰਾਵਣ, ਸਤਿਗੁਰ ਆਸ ਲਗਾਇ ਜਾ
ਧਿਆਇ ਧਿਆਇ ਮਨ ਰਹਿਸਾਈ, ਰਸਕ ਰਸਕ ਗੁਣ ਗਾਇ ਜਾ
ਨਾਮ ਧਿਆਇ ਹਰਿ ਗੁਣ ਗਾਇ, ਹਰਿ ਨਾਮਾ ਧਰਮ ਬਣਾਇ ਜਾ
ਅਵਰ ਕਰਮ ਕਿਛ ਕਾਮ ਨਹੀਂ, ਮਤਿ ਕਿਛ ਭਰਮ ਭੁਲਾਇ ਜਾ
ਮਨ ਤਰਾਸਿ ਮਨ ਤ੍ਰਿਪਤਾਵੈ, ਚਿੱਤ ਹਰਿ ਨਾਮ ਵਸਾਇ ਜਾ
ਪ੍ਰਭ ਭਾਵੇ ਮਨ ਤ੍ਰਿਪਤਾਵੈ, ਗੁਰ ਚਰਨ ਸਰਣ ਚਿੱਤ ਲਾਇ ਜਾ
ਗੁਰ ਦਾਤਾ ਹਰਿ ਨਾਮ ਵਿਧਾਤਾ, ਹਰਿ ਹਰਿ ਨਾਮ ਸਿਖਾਇ ਜਾ
ਸਤਿਗੁਰ ਪਾਰਜਾਤ ਹਰਿ ਫਲ, ਖਾਇ ਖਰਚੁ ਭੁੰਚਾਇ ਜਾ
ਸਤਿਗੁਰ ਪਾਰਸ ਪਰਸਾਇ, ਲੋਹ ਕੰਚਨ ਹੋਇ ਆਇ ਜਾ
ਸਤਿਗੁਰ ਸਿਖਿ ਸਿੱਖ ਜਨ, ਸੰਗ ਕਾਸਟ ਲੋਹ ਤਰਾਇ ਜਾ
ਸਤਿਗੁਰ ਬੋਹਿਥ ਸਬਦ ਗੁਰ, ਭਜੁ ਸਾਗਰ ਪਾਰ ਤਰਾਇ ਜਾ
ਗੁਰ ਸਤਿਗੁਰ ਹਰਿ ਭੇਦ ਨਹਿ, ਗੁਰ ਹਰਿ ਨਾਮ ਧਿਆਇ ਜਾ
ਹਰਿ ਧਿਆਇ ਮਨ ਸਮਝਾਇ, ਮਨੁ ਮੰਨਿ ਚਿੱਤ ਵਸਾਇ ਜਾ
ਮਨ ਮਾਨਿਐ ਗੁਰੂ ਮਨਾਇ, ਗੁਰ ਚਰਣੀ ਚਿੱਤ ਲਾਇ ਜਾ
ਗੁਰੂ ਬਾਝੋਂ ਗਤਿ ਨਾਹੀਂ, ਭਜੁ ਗੁਰ ਗਤਿ ਮਿਤ ਪਾਇ ਜਾ

ਸਤਿਗੁਰ ਹਰਿ ਗੁਰ ਮਾਨਿਓਂ, ਭਜੁ ਪਾਰਗਰਾਮ ਕਰਾਇ ਜਾ
ਗੁਰੂ ਬਾਝੋਂ ਪਤਿ ਨਹਿੰ ਪਾਵੈ, ਭਜੁ ਗੁਰ ਹਰਿ ਬਿਗਸਾਇ ਜਾ
ਮਨ ਟਿਕ ਪਾਵੈ ਹਰਿ ਚਿੱਤ ਲਾਵੈ, ਮਨੈ ਮਨਿ ਰਾਮ ਧਿਆਇ ਜਾ
ਸਤਿਗੁਰੂ ਬਾਝ ਸੁਮੱਤ ਨ ਪਾਵੈ, ਸੱਤਿ ਸੱਤਿ ਚਿੱਤ ਲਾਇ ਜਾ
ਸਤਿਗੁਰ ਬਾਝੋਂ ਕਿਨੈ ਨ ਪਾਇਓ, ਬੈਂਸ ਸੱਚ ਸਮਾਇ ਜਾ
ਹਰਿ ਨਾਮਾ ਪਾਰਗਰਾਮ, ਰਸਕ ਰਸਿਕੁ ਗੁਣ ਗਾਇ ਜਾ
ਸਤਿਗੁਰ ਪਾਰਬ੍ਰਹਮ ਪਰਮੇਸੁਰ, ਰਿਦ ਸੱਚੈ ਸਚਿ ਸਮਾਇ ਜਾ
ਹਰਿ ਹਰਿ ਨਾਮ ਅਧਾਰ ਟੇਕ, ਹਰਿ ਨਾਮੈ ਸੁਖੁ ਮੰਡਾਇ ਜਾ

ਮਰਨ ਦਾ ਭੈ

ਆਉਣ ਜਾਣ ਦੀਆਂ ਲੱਗੀਆਂ ਭੀੜਾਂ, ਸਭ ਆਉਂਦੇ ਘੱਤ ਵਹੀਰਾਂ
ਪਿਛਲੇ ਅਮਲ ਨਾਲ ਲੈ ਆਵਣ, ਲਿਖੀਆਂ ਮਿਟੀਆਂ ਨ ਤਕਦੀਰਾਂ

ਜੋ ਮਰਜ਼ੀ ਤੂੰ ਖੱਟ ਵੱਟ ਲੈ, ਜੋ ਖੱਟਿਆ ਸੋਈ ਖਾਣਾ
ਤੇਰੀ ਰੂਹ ਤੇਰਾ ਸਭ ਜਾਣੈ, ਤੇਰੇ ਵਿਚ ਲਿਖਿਆ ਜਾਣਾ
ਮੱਥੇ ਤੇ ਫਿਰ ਲਿਖੀਆਂ ਜਾਵਣ, ਸੋ ਬਣ ਜਾਸਣ ਤਕਦੀਰਾਂ
ਪਿੱਛੋਂ ਖੱਟਿਆ ਨਾਲ ਲੈ ਆਇਆ, ਏਥੋਂ ਖੱਟ ਸੰਗ ਲੈ ਜਾਵੇਂ
ਤੇਰਾ ਖੱਟਿਆ ਤੈਨੂੰ ਮਿਲਣਾ, ਕਿਸੇ ਹੋਰ ਦੋਸ਼ ਨ ਲਾਵੇਂ
ਅਮਲਾਂ ਤੇ ਨਬੇੜੇ ਹੋਣ ਲੱਗਣ, ਜੋ ਲਿਖਿਆ ਹੱਥ ਲਕੀਰਾਂ
ਡਰ ਡਰ ਮਰਨਾ ਮਰ ਡਰ ਮਰਨਾਂ, ਡਰ ਵੱਢ ਮਰਨ ਦਾ ਖਾਵੇ
ਬਾਲਪਣ ਬੀਤ ਆਈ ਜੁਆਨੀ, ਨਿੱਤ ਕਾਮ ਤੇ ਮਾਣ ਸਤਾਵੇ
ਜੱਗ ਚ ਆਇ ਰੱਬ ਭੁੱਲ ਗਿਆ, ਜਾਣ ਸਮੇਂ ਪੈਣੀਆਂ ਭੀੜਾਂ
ਕਾਲਿਆਂ ਤੋਂ ਬੱਗ ਬੱਗੇ ਹੋ ਗਏ, ਨੈਣੀਂ ਨਜ਼ਰ ਨਾ ਆਵੈ
ਸੁੱਧ ਬੁੱਧ ਨਾ ਸਾਰ ਨਾ ਕਾਈ, ਡਰ ਮੌਤ ਵੱਢ ਵੱਢ ਖਾਵੈ
ਡਰ ਮਰਨ ਦਾ ਤਾਂ ਮੁੱਕਣਾ, ਜਦੋਂ ਪਾਈਆਂ ਪ੍ਰੀਤ ਭਸੀੜਾਂ
ਪ੍ਰੀਤ ਵਿਚ ਉਸ ਜੱਗ ਸਾਜਿਆ, ਉਸੇ ਵਿਚ ਉਹ ਵਸਦਾ
ਰਾਸ ਪ੍ਰੀਤ ਦੀ ਯਾਰ ਜਾਣਦਾ, ਯਾਰ ਪਿਆਰ ਰਾਹ ਦੱਸਦਾ
ਯਾਰ ਬਣਾ ਕੇ ਪ੍ਰੀਤ ਪਾ ਲੈ, ਮੁੱਕਣ ਜੰਮਣ ਮਰਨ ਵਹੀਰਾਂ
ਤੋਹੀ ਮੋਹੀ ਮੋਹੀ ਤੋਹੀ, ਮਾਹੀ ਤੁਝ ਬਿਨ ਅਵਰ ਨ ਕੋਈ
ਤੇਰੀ ਤੇਰੀ ਕਰਦੀ ਕਰਦੀ ਬੈਂਸ, ਉਹ ਤੇਰੀ ਬਣ ਖਲੋਈ
ਜਲ ਵਿਚ ਜਲ ਸਮਾਇਆ, ਮਿਟ ਗਈਆਂ ਹੱਥ ਲਕੀਰਾਂ

ਤੇਰਾ ਯਾਰ ਬੈਂਸ ਯਾਰ ਰੱਬ ਦਾ, ਸਾ ਯਾਰ ਦੋਹਾਂ ਦਾ ਸਾਂਝਾ
ਗਲ ਲੱਗ ਕੇ ਯਾਰ ਮਨਾ ਲੈ, ਬਣ ਮਿੱਤਰ ਰੱਬ ਦਾ ਮਾਂਝਾ
ਯਾਰ ਪਾ ਕੇ ਰੱਬ ਪਾ ਲਿਆ, ਬਦਲ ਗਈਆਂ ਤਕਦੀਰਾਂ

ਕਰਮ ਫਲ

ਭੌਰ ਵਜੂਦੋਂ ਉੜੇ ਜਦੋਂ, ਸਭ ਲੇਖਾ ਸਾਹਮਣੇ ਆਉਂਦਾ ਏ
ਨਾ ਪੁੱਛੇ ਨਾ ਸੁਣੇ ਕੋਈ, ਕੀਤੇ ਦਾ ਹਿਸਾਬ ਸੁਣਾਉਂਦਾ ਏ

ਮੁੜ ਆਪੇ ਖਾਤਾ ਖੁਲ੍ਹ ਜਾਵੇ, ਜਦੋਂ ਭੌਰ ਵਜੂਦੋਂ ਉੜ ਜਾਵੇ
ਲਿਖਿਆ ਸਾਹਮਣੇ ਆ ਜਾਵੇ, ਛੁਪਿਆ ਸਾਹਮਣੇ ਮੁੜ ਆਵੇ
ਖੁਲ੍ਹੇ ਕਿਤਾਬ ਹੋਣ ਲੱਗੇ ਹਿਸਾਬ, ਗਿਣ ਲੈਂਦੇ ਪਾਈ ਪਾਈ
ਪਲੀ ਪਲੀ ਦਾ ਲੇਖਾ ਲੈ ਲੈਂਦੇਂ, ਉਘੜ ਆਵੇ ਛੁਪੀ ਛੁਪਾਈ
ਤੂੰ ਅਣਜਾਣ ਅੰਯਾਨੀ ਅੜੀਏ, ਤੇਰੇ ਅੰਦਰ ਛੁਪਿਆ ਬੈਠਾ ਏ
ਤੂੰ ਕਰੇਂ ਉਹ ਜਾਣੇ ਪਿਆ, ਤੇਰਾ ਕਰਮ ਈ ਤੇਰਾ ਲੇਖਾ ਏ
ਲੁੱਟ ਕਸੁੱਟ ਲਿਆਵੇਂ ਪਿਆ, ਦੁਨੀਆਂ ਤੋਂ ਛੁਪਾਈ ਰਖਦਾ ਏ
ਕਿਵੇਂ ਛੁਪਾਵੇਂ ਮਾਹੀ ਤੋਂ, ਜਿਹੜਾ ਚਿੱਤ ਤੇਰੇ ਚ ਵਸਦਾ ਏ
ਤੈਨੂੰ ਪਾਪ ਕਰਨ ਤੋਂ ਨਾ ਰੋਕੇ, ਨਾ ਪੁੰਨ ਕਰਨ ਤੋਂ ਰੋਕਦਾ ਏ
ਤੇਰਾ ਚਿੱਤ ਆਜ਼ਾਦ ਬਣਾਇ, ਤੇਰਾ ਕਰਮ ਤੇਰੇ ਚ ਸੋਖਦਾ ਏ
ਪਤਾ ਏ ਇਕ ਦਿਨ ਮਰਨਾ ਏਂ, ਫਿਰ ਭੀ ਠੱਗੀਆਂ ਮਾਰੇਂ ਤੂੰ
ਮਰਨ ਸਮੇਂ ਸਾਹਮਣੇ ਆਉਣਾ, ਮਾਸਾ ਨਾ ਚਿੱਤ ਵਿਚਾਰੇਂ ਤੂੰ
ਬੰਦਿਆ ਜੱਗ ਚ ਘੱਲਿਆ ਤੈਨੂੰ, ਅਪਣਾ ਮਨ ਸਮਝਾਵੇਂ ਤੂੰ
ਸਿਖਿ ਯਾਰ ਤੋਂ ਰਾਹ ਹਰੀ ਦਾ, ਮੁੜ ਸਾਜਨ ਦਰ ਜਾਵੇਂ ਤੂੰ
ਕਰਮ ਕਮਾ ਨਾ ਚਿੱਤ ਦੁਖਾਵਣ, ਰੱਬ ਵਸਦਾ ਚਿੱਤ ਦੇ ਅੰਦਰ
ਕਰਮ ਧਰਮ ਸਭ ਭਰਮ ਚਿੱਤ ਦਾ, ਤੇਰੇ ਅੰਦਰ ਉਹਦਾ ਮੰਦਰ
ਜਾਣ ਸਮੇਂ ਫਿਰ ਖੁਲ੍ਹੇ ਕਿਤਾਬ, ਸਾਫ ਹੋ ਜਾਵੇ ਤੇਰਾ ਖਾਤਾ
ਖੁਸ਼ੀ ਖੁਸ਼ੀ ਮੁੜ ਘਰ ਜਾ ਬੈਂਸ, ਮੁੱਕੇ ਜੰਮਣ ਮਰਨ ਖੁਲਾਸਾ

ਮੇਰੇ ਰਾਮ

ਸਾਧਨ ਕਾ ਸੰਗ ਹੋ, ਰਾਮ ਨਾਮ ਰੰਗ ਹੋ
ਚਿੱਤ ਰੰਗ ਭੰਗ ਹੋ, ਮਸਤ ਮਲੰਗ ਹੋ
ਸੰਤਨ ਕੀ ਧੂੜ ਹੋ, ਚਿੱਤ ਭਰਪੂਰ ਹੋ

ਚਿੱਤ ਰਾਮ ਨਾਮ ਹੋ, ਪਾਪ ਪੁੰਨ ਦੂਰ ਹੋ
ਹਰਿ ਪ੍ਰਭ ਸੰਤ ਹੋ, ਗੁਰ ਮੰਤ ਮੰਤੁ ਹੋ
ਸਤਿਗੁਰ ਮੰਤ ਹੋ, ਰਾਮ ਨਾਮ ਤੰਤ ਹੋ
ਦੀਨ ਦੁਨੀ ਬਿਖੰਤ ਹੋ, ਸਤਿਗੁਰ ਸੰਤ ਹੋ
ਹਰਿ ਨਾਮ ਕਹੰਤ ਹੋ, ਬਿਖੈ ਸਭ ਕੰਚ ਹੋ
ਸਤਿਗੁਰ ਗਿਆਨ ਹੋ, ਚਿੱਤ ਹਰਿ ਧਿਆਨ ਹੋ
ਮਸਕੀਨ ਮਨੁ ਮਾਨ ਹੋ, ਗੁਰਚਰਨ ਚਰਾਨ ਹੋ
ਚਿੱਤ ਰਾਮ ਨਾਮ ਹੋ, ਸਤਿਗੁਰੈ ਧਿਆਨ ਹੋ
ਸਤਿ ਨਾਮ ਰਾਸ ਹੋ, ਗੁਰ ਮੰਤ ਗਿਆਨ ਹੋ
ਗੁਰੂਦੁਆਰ ਧਾਮ ਹੋ, ਨਾਮ ਚਿੱਤ ਰੁਝਾਨ ਹੋ
ਕੀਰ ਮੀਰ ਨਾਮ ਹੋ, ਮਨੈ ਮਨ ਅਭਿਮਾਨ ਹੋ
ਚਿੱਤ ਬੇਧਿ ਅਨ ਆਨ ਹੋ, ਨਹਿੰ ਵਸੈ ਨਾਮ ਹੋ
ਗੁਰ ਗਿਆਨ ਮਥਾਨ ਹੋ, ਰਾਮ ਨਾਮ ਗਲਤਾਨ ਹੋ
ਬਚਨ ਗੁਰ ਗਿਆਨ ਹੋ, ਸੇਵਕ ਚਿੱਤ ਬਸਾਨ ਹੋ
ਮਨ ਹੀ ਮਨ ਚਾਖ ਹੋ, ਨਾਹਿੰ ਕਿਸੇ ਲਾਖ ਹੋ
ਜਿਉਂ ਗੂੰਗੇ ਮਠਿਆਸ ਹੋ, ਮੁਸਕ ਮੁਸਕਾਟ ਹੋ
ਸਵਰਨ ਭਜੁ ਨਾਮ ਹੋ, ਗੁਰੂ ਗੁਰ ਧਿਆਨ ਹੋ
ਸੰਕਟ ਸਹੰਸ ਸਾਮ ਹੋ, ਕਟੈ ਭਜੁ ਨਾਮ ਹੋ
ਇਕੋ ਇਕੋ ਰਾਮ ਹੋ, ਮਨ ਮਹਿ ਧਿਆਨ ਹੋ
ਬਿਨ ਸਾਸ ਧਿਆਨ ਹੋ, ਚਿੱਤ ਰਾਮ ਨਾਮ ਹੋ
ਰਾਮ ਨਾਮ ਧਾਨ ਹੋ, ਸਭਸ ਉਤਮ ਗਿਆਨ ਹੋ
ਨਾਮ ਕਿਬਲਾ ਕਬਾਮ ਹੋ, ਹਰਿਮੰਦਰ ਹਰਿ ਨਾਮ ਹੋ
ਜੀਅੜੇ ਹਰਿ ਧਾਮ ਹੋ, ਸੇਵਾ ਸਰਮ ਨਿਹਕਾਮ ਹੋ
ਚਿੱਤ ਅਚੇਤ ਨਾਮ ਹੋ, ਮਨ ਮਨੁ ਹਰਿ ਗ੍ਰਾਮ ਹੋ

ਰਾਜ਼ ਸਾਜ਼

ਇਹ ਜੱਗ ਸਾਜਿ ਨਿਵਾਜਣ ਨੂੰ, ਤੂੰ ਇਕ ਕਵਾਉ ਅਲਾਇਆ ਏ
ਸਾਰੇ ਜੱਗ ਦਾ ਸੁਆਦ ਲੈਣ ਨੂੰ, ਅੰਦਰ ਵੜ ਤਾਲਾ ਲਾਇਆ ਏ
ਪਹਿਲਾਂ ਆਪ ਖੁਦ ਗੁਰੂ ਧਾਰ, ਤੂੰ ਅਪਣਾ ਆਪ ਉਪਾਇਆ ਏ
ਸੀਸ ਝੁਕਾ ਕੇ ਚਰਨਾਂ ਤੇ, ਮੁੜ ਜੱਗ ਦਾ ਰਚਨ ਰਚਾਇਆ ਏ
ਹਰ ਜਾ ਛੁਪ ਕੇ ਬੈਠ ਗਿਆ, ਵਿਚ ਗੁਰੂ ਵਚੋਲਾ ਬਣਾਇਆ ਏ

ਤੂੰ ਗੁਰੂ ਵਿਚ ਗੁਰੂ ਤੇਰੇ ਵਿਚ, ਹੋਰ ਕਿਸੇ ਭੇਦ ਨ ਪਾਇਆ ਏ
ਜਿਨ ਗੁਰ ਕੌ ਹਰਿ ਕਰ ਮਾਨਿਆਂ, ਉਹਦੇ ਚਿੱਤ ਚ ਵਸਦਾ ਏਂ
ਤੂੰ ਮੇਰੇ ਮਨ ਵਿਚ ਵਸਦਾ ਏਂ, ਮੈਨੂੰ ਖਾਣ ਪੀਣ ਨੂੰ ਰੱਖਦਾ ਏਂ
ਤੇਰਾ ਜੀ ਖਾਣ ਨੂੰ ਕਰਦਾ ਏ, ਪਰ ਮੈਨੂੰ ਖਾਣ ਲਈ ਦੱਸਦਾ ਏਂ
ਜੋ ਤੇਰੇ ਚਿੱਤ ਨੂੰ ਭੌਂਦਾ ਏ, ਖੁਆ ਮੈਨੂੰ ਖਿੜ ਖਿੜ ਹਸਦਾ ਏਂ
ਮੈਨੂੰ ਸੁਆਦ ਜੀਭ ਦਾ ਦੇ ਕੇ, ਸਭ ਅਸਲੀ ਰਸ ਤੂੰ ਪੀਂਦਾ ਏਂ
ਇਹ ਸਾਰਾ ਜਗਤ ਤਮਾਸ਼ਾ ਏ, ਤਮਾਸ਼ਾ ਵੇਖਣ ਤੂੰ ਜੀਂਦਾ ਏਂ
ਆਪਣਾ ਦਿਲ ਪਰਚਾਉਣ ਲਈ, ਤੂੰ ਮੈਨੂੰ ਚੋਲਾ ਪਹਿਨਾ ਦਿੱਤਾ
ਮੇਰਾ ਸਭ ਕੁਝ ਕਾਬੂ ਕਰ ਕੇ, ਤੂੰ ਆਪਣਾ ਆਪ ਛੁਪਾ ਲਿੱਤਾ
ਮਜ਼ਾ ਇਸ਼ਕ ਦਾ ਤੂੰ ਪਿਆ ਲੈਂਦਾ, ਮੇਰਾ ਤੇ ਨਾਮ ਬਣਾ ਦਿੱਤਾ
ਮੈਨੂੰ ਦੇ ਬਦਨਾਮੀਂ ਇਸ਼ਕ ਦੀ, ਤੂੰ ਮਜ਼ਾ ਇਸ਼ਕ ਦਾ ਚਾ ਲਿੱਤਾ
ਤੂੰ ਮੇਰੇ ਵਿਚ ਮੈਂ ਤੇਰੇ ਵਿਚ, ਸਾ ਭਰਮ ਭੇਦ ਕੀ ਦੱਸ ਅੜਿਆ
ਮੈਨੂੰ ਕੁਝ ਸਮਝੌਂਦਾ ਨਹੀਂ, ਪਰ ਸ਼ਾਹ ਰਗ ਚ ਫਿਰਦਾ ਵੜਿਆ
ਮੈਨੂੰ ਮਰਨੋਂ ਡਰਾ ਕੇ ਰੱਖਦਾ ਏਂ, ਕਿਉਂਕਿ ਤੂੰ ਮੇਰੇ ਚ ਵਸਦਾ ਏਂ
ਨਾਲ ਪਿਆਰ ਦੇ ਕਾਬੂ ਆਵੇਂ, ਖੁਦ ਮਰ ਕੇ ਰਾਹ ਦੱਸਦਾ ਏਂ
ਪਿਆਰ ਤੇਰਾ ਇਕਰਾਰ ਤੇਰਾ, ਨਹੀਂ ਭੁੱਲਦਾ ਕਦੀ ਮੁਰੀਦਾਂ ਨੂੰ
ਆਪ ਮਰੇ ਜੱਗ ਪਰਲੋਂ ਆਵੇ, ਪਿਆ ਟੋਲੇਂ ਨਿੱਤ ਸ਼ਹੀਦਾਂ ਨੂੰ
ਤੂੰ ਇਹ ਜੱਗ ਬਣਾ ਛੱਡਿਆ, ਆਪਣੀਆਂ ਮੌਜਾਂ ਮਾਣਨ ਨੂੰ
ਬੋਂਸ ਦੇ ਅੰਦਰ ਘਰ ਤੇਰਾ, ਛੁਪਿ ਮੇਰਾ ਸਭ ਕੁਝ ਜਾਣਨ ਨੂੰ
ਤੂੰ ਖੁਦੀ ਚ ਖੁਦਾ ਬਣ ਗਿਆ, ਭਲਾ ਦੱਸ ਮੈਂ ਕਿੱਥੇ ਜਾਵਾਂ
ਜੇ ਅੱਲ੍ਹੜਾਂ ਜੋੜ ਵਿਛੋੜਨਾ ਸੀ, ਚੰਨਾਂ ਦੱਸ ਜਾਂਦੋਂ ਸਿਰਨਾਵਾਂ

ਕਿਰਤ ਕਰਮ

ਸੁੰਞਾਂ ਜੱਗ ਹਰੀ ਨਹਿ ਭਾਵੈ, ਹਰਿ ਸੁੰਨ ਸਮਾਧਿ ਲਗਾਵੈ
ਸਤਿਗੁਰ ਸਰਣ ਹੋਇ ਆਵੈ, ਹਰਿ ਹਰਿ ਨਮ ਧਿਆਵੈ
ਹਰਿ ਸੁੰਨ ਸਮਾਧਿ ਸਮਾਵੈ, ਹਰਿ ਪਰਗਟ ਹੋਇ ਆਵੈ
ਗੁਰ ਪ੍ਰੇਮ ਭਗਤਿ ਹਰਿ ਭਾਵੈ, ਤਿਹ ਕੁਦਰਤਿ ਪ੍ਰਗਟਾਵੈ
ਖੰਡ ਵੰਡ ਕਰ ਕਾਦਰ ਕੁਦਰਤਿ, ਜੀਅ ਜਾਨ ਫਿਰ ਪਾਵੈ
ਜੀਅ ਜਾਨ ਮਹਿ ਖੰਡ ਬ੍ਰਹਮੰਡ, ਹਰਿ ਚਿੱਤੈ ਚਿੱਤ ਸਮਾਵੈ
ਹਰਿ ਪ੍ਰਭੁ ਰੂਹ ਬਣ ਆਵੈ, ਜੀਅ ਜਾਨ ਮਹਿ ਆਣ ਸਮਾਵੈ
ਜਨ ਕਿਰਤ ਕਰਮ ਕਮਾਵੈ, ਰੂਹ ਕਰਮ ਧਰਮ ਲਿਖ ਪਾਵੈ

ਪ੍ਰੇਮ ਭਾਇ ਪ੍ਰਭ ਥਾਪਿ ਜਗੁ, ਪ੍ਰੇਮਾ ਭਗਤੀ ਹਰਿ ਪ੍ਰਭ ਪਾਵੈ
ਰੂਹ ਰੱਬ ਜਿਹਵਾ ਨਹਿੰ ਪਾਵੈ, ਤਹਿ ਪ੍ਰੇਮ ਨਹਿੰ ਪ੍ਰਗਟਾਵੈ
ਰੂਹ ਬਦਨ ਕੂ ਪਰਚਾ ਲਾਵੈ, ਤਹਿ ਜਨ ਮਨ ਹਰਿ ਧਿਆਵੈ
ਰੂਹ ਰੱਬ ਪ੍ਰੇਮ ਮਨ ਭਾਵੈ, ਬਿਨ ਜਿਹਵਾ ਨਹਿੰ ਕਹਿ ਪਾਵੈ
ਜਹ ਪ੍ਰੇਮ ਰੂਹ ਪ੍ਰਭ ਭਾਵੈ, ਤਹਿ ਹਰਿ ਰੂਹ ਕਰਮ ਕਮਾਵੈ
ਰੂਹ ਪ੍ਰੇਮ ਪ੍ਰਭ ਬਣ ਆਵੈ, ਸੋ ਹਰਿ ਪ੍ਰਭ ਬਦਨ ਬਣਾਵੈ
ਹਰਿ ਰੂਹ ਪ੍ਰੇਮ ਰਸਿ ਭਾਵੈ, ਜਨੁ ਪ੍ਰੇਮ ਭਗਤਿ ਪ੍ਰਭ ਭਾਵੈ
ਜਨ ਹਰਿ ਹਰਿ ਨਾਮ ਧਿਆਵੈ, ਰਸਕ ਰਸਕ ਗੁਣ ਗਾਵੈ
ਹਰਿ ਧਿਆਵੈ ਮਨੁ ਵਿਗਸਾਵੈ, ਜਨ ਹਰਿ ਮਾਹਿ ਸਮਾਵੈ
ਮਨ ਲਾਇ ਨਾਮ ਧਿਆਵੈ, ਹਰਿ ਜਨ ਏਕ ਹੋਇ ਆਵੈ
ਗੁਰ ਸਤਿਗੁਰ ਹਰਿ ਸਰਣਾਵੈ, ਹਰਿ ਗਿਆਨ ਗੁਰੂ ਸਮਝਾਵੈ
ਹਰਿ ਧਿਆਇ ਗੁਰ ਸਰਣਾਇ, ਹਰਿ ਹਰਿਆ ਹੋਇ ਆਵੈ
ਜੋ ਜਨ ਕਰਮ ਕਮਾਵੈ, ਸਾ ਫਲ ਖਾਇ ਜਨ ਭੁੰਚ ਭੁੰਚਾਵੈ
ਜਨ ਹਰਿ ਨਾਮ ਧਿਆਵੈ, ਸੋਇ ਕਰਮ ਧਰਮ ਹੋਇ ਆਵੈ
ਹਰਿ ਜਨ ਅੱਜ ਕਮਾਵੈ, ਸੋਇ ਫਲੁ ਕੱਲ੍ਹ ਹਰਿ ਜਨ ਪਾਵੈ
ਜੈਸ ਕਿਰਤ ਕਰਮ ਤੈਸ ਭੇਤੁ, ਹਰਿ ਜਮਨ ਜਮਨ ਸੰਗ ਜਾਵੈ
ਬਿਨ ਭਜਨ ਨਹਿੰ ਕਰਮ ਕਮਾਵੈ, ਸੋ ਕਰਮ ਸੰਗ ਨਹਿ ਜਾਵੈ
ਬਿਨ ਕਰਮ ਨ ਸੰਗ ਸਮਾਵੈ, ਬਿਨ ਸਤਿਗੁਰ ਵਾਟ ਨ ਪਾਵੈ

ਮਨ ਖੋਜ

ਸਗਲ ਸਿਆਣਪ ਛਾਡ ਕੈ, ਤੂੰ ਅਪਣਾ ਮਨ ਖੋਜ
ਪਾਵੈ ਕਿਰਤ ਕਮਾਇਆ, ਅਵਰ ਕਿ ਦੀਜੈ ਦੋਸ

ਮਨ ਅੰਦਰ ਹਰਿ ਮੰਦਰ, ਸਭ ਵੱਥ ਮਨ ਮਾਹਿ
ਮਨ ਕੀ ਮੱਤ ਤਿਆਗ ਕੈ, ਬਾਹਰ ਖੋਜਣ ਜਾਇ
ਦੇਖਣ ਕੂ ਅੱਖ ਬਣਾਈ, ਹਰਿ ਨਾਮ ਸੁਣਨ ਕੌ ਕਾਨ
ਨੈਣੋਂ ਪੇਖ ਹਰਿ ਪ੍ਰਭ ਰੰਗ, ਕਰਨ ਸੁਣੋ ਹਰਿ ਨਾਮ
ਜਿਹਵਾ ਹਰਿ ਹਰਿ ਉਚਰੈ, ਚਿੱਤ ਵਸੈ ਭਗਵਾਨ
ਮਨ ਨੀਵਾਂ ਸੱਚ ਸੋਚ ਕੈ, ਜਨ ਪਾਵੈ ਪ੍ਰਭ ਗਿਆਨ
ਹਰਿ ਸਭ ਜਗਤ ਬਣਾਇ, ਆਪ ਵਸੈ ਮਨ ਮਾਹਿ
ਪਸੂ ਪੰਖ ਜਨ ਘਾਸ, ਹਰਿ ਸਭ ਮੈਂ ਰਿਹਾ ਸਮਾਇ

ਅਪਣਾ ਅਕਸ ਜੱਗ ਥਾਪਿਆ, ਹਰ ਜਾ ਵਸਦਾ ਆਪ
ਹੁਕਮ ਰਜਾਈ ਚੱਲਣਾ, ਹਰਿ ਭਾਵੈ ਸਾ ਭਾਣੈ ਰਾਸ
ਮਨ ਰੇ ਐਸੀ ਕਿਰਤ ਕਮਾਇ, ਜੋ ਹਰਿ ਪ੍ਰਭ ਭਾਵੈ
ਵਾਕ ਅਲਾਇਆ ਨਾ ਮੁੜੈ, ਤੀਰ ਨ ਵਾਪਸ ਆਵੈ
ਹਰਿ ਐਸੀ ਬਣਤ ਬਣਾਈ, ਮਨ ਚ ਰੂਹ ਛੁਪਾਈ
ਰੂਹ ਬਣ ਰੱਬ ਮਨ ਵਸੈ, ਮਨਮੁਖ ਵੇਖ ਨਾ ਪਾਈ
ਮਨ ਰੇ ਤੂੰ ਮਨ ਖੋਜ, ਸੇਵ ਹਰਿ ਸਤਿਗੁਰ ਭਾਈ
ਸਤਿਗੁਰ ਦਾਤਾ ਨਾਮ ਕਾ, ਹਰਿ ਨਾਮ ਜਪਾਈ
ਹਰਿ ਨਾਮਾ ਹਰਿ ਰੰਗ ਹੈ, ਚੜ੍ਹੈ ਨ ਉਤਰ ਜਾਈ
ਸਤਿਗੁਰ ਪ੍ਰਭ ਬਣ ਆਵੈ, ਸੇਵੋ ਸਤਿਗੁਰ ਭਾਈ
ਗੁਰ ਸਰਣਾਈ ਨਾਮ ਧਿਆਈ, ਮਨ ਮਹਿ ਪ੍ਰਭੂ ਦਿਖਾਈ

ਤੇਰੀ ਵਡਿਆਈ

ਜੱਗ ਢੰਢੋਲ ਵਰੋਲ ਕੈ, ਅਸਾਂ ਅੱਖੀਆਂ ਤੇਰੇ ਨਾਲ ਲਾਈਆਂ
ਤੂੰ ਸਾਹਿਬ ਮੈਂ ਨਾਇਬ ਤੇਰਾ, ਸਭ ਤੇਰੀਆਂ ਵਡਿਆਈਆਂ

ਮੇਰਾ ਜੱਗ ਮੈਂ ਕਛ ਨਹੀਂ, ਇੱਥੇ ਸਭ ਕੁਝ ਤੇਰਾ
ਤੂੰ ਸਭ ਕੁਝ ਮੈਨੂੰ ਸੌਂਪਿਆ, ਰੱਬਾ ਮੈਂ ਬੰਦਾ ਤੇਰਾ
ਤੇਰਾ ਤੇਰਾ ਕਰਦਿਆਂ, ਮੁੜ ਮਿਲਣ ਰਿਹਾਈਆਂ
ਮੈਂ ਭੀ ਤੇਰਾ ਜੱਗ ਭੀ ਤੇਰਾ, ਪ੍ਰਭ ਜੂ ਸਭ ਕੁਝ ਤੇਰਾ
ਪ੍ਰਭ ਤੇਰਾ ਨਾਮ ਜਪਦਿਆਂ, ਬੈਂਸ ਬਣ ਗਿਆ ਤੇਰਾ
ਤੂੰ ਤੂੰ ਕਰਦਾ ਤੂੰ ਹੋਇਆ, ਜਦੋਂ ਅੱਖੀਆਂ ਲਾਈਆਂ
ਇਹ ਤੇਰਾ ਸੰਸਾਰ ਹੈ, ਇੱਥੇ ਸਭ ਕੁਝ ਤੂੰ ਹੀ ਤੂੰ
ਮਾਇਆ ਮਮਤਾ ਮੁੱਕ ਗਈ, ਹੁਣ ਚਿੱਤ ਰਹੀ ਨ ਹੂੰ
ਹੋਈਆਂ ਤੇਰੀਆਂ ਰਹਿਮਤਾਂ, ਮਨ ਵੱਜੀ ਵਧਾਈਆਂ
ਤੂੰ ਉਪਾਇਆ ਇਹ ਜੱਗ ਸਾਰਾ, ਜੱਗ ਤੇਰਾ ਪਰਵਾਰਾ
ਤੂੰ ਜੋਂ ਕੁਝ ਮੈਨੂੰ ਸੌਂਪਿਆ, ਸਭ ਦਿੱਤਾ ਉਧਾਰਾ
ਬੈਂਸ, ਉਧਾਰ ਨਾ ਉਤਰੈ, ਨਾ ਮਿਲਣ ਰਿਹਾਈਆਂ
ਗੁਰੂ ਕੋਲ ਹੈ ਨਾਮ ਨਿਧਾਨ, ਗੁਰ ਆਪੇ ਪ੍ਰਭ ਰਾਮ
ਹਰਿ ਹਰਿ ਨਾਮ ਜਪਾਇੰਦਾ, ਹਰਿ ਸਤਿਗੁਰ ਪੈਗਾਮ
ਨਾਮ ਜਪੈ ਮਨ ਟੁੰਬਦਾ, ਪ੍ਰਭ ਤੇਰੀਆਂ ਬੇਪਰਵਾਹੀਆਂ

ਨਿਮਾਣੇ ਨਿਤਾਣੇ

ਨਿਮਾਣਿਆਂ ਬਖਸੈ ਭਾਇ ਭਾਵਣੀ, ਨਿਤਾਣਿਆਂ ਨਾਮ ਨਿਧਾਨ
ਹਰਿ ਹਰਿ ਨਾਮ ਧਿਆਇ ਜਨ, ਹਰਿ ਉਤਮ ਹਰਿ ਨਾਮ
ਹਰਿ ਨਾਮਾ ਹਰਿ ਰੰਗ ਹੈ, ਚੜ੍ਹੈ ਸਵਾਇਆ ਪਾਇ ਬਿਸ੍ਰਾਮ
ਹਰਿ ਧਿਆਇ ਹਰਿ ਰੰਗ ਲਾਇ, ਹਰਿ ਨਾਮਾ ਊਚ ਸਥਾਨ
ਹਰਿ ਨਾਮੈ ਸੰਗ ਹਰਿ ਬਸੈ, ਗੁਰ ਸਤਿਗੁਰ ਪਾਰਗਰਾਮ
ਜਿਨ ਧਿਆਇ ਮਨ ਭੋਇ ਪਏ, ਭਜੁ ਰਾਮ ਨਾਮ ਹਰਿ ਨਾਮ
ਸਤਿਗੁਰ ਦਾਤਾ ਨਾਮ ਕਾ, ਗੁਰ ਸਬਦ ਜਪਾਵੈ ਹਰਿ ਨਾਮ
ਬਿਨ ਸਤਿਗੁਰ ਕਿਨੈ ਨ ਪਾਇਓ, ਸਭ ਪੂਜਾ ਅਰਚਾ ਖਾਮ
ਸਤਿਗੁਰ ਸੱਚਾ ਸਾਹ ਹੈ, ਗੁਰ ਵਾਪਾਰੀ ਸਤਿਗੁਰ ਨਾਮ
ਮਨ ਰੇ ਸੋਇ ਵਣਜ ਕਰ, ਖਾਇ ਖਰਚ ਹਰਿ ਨਾਮ ਨਿਧਾਨ
ਸੇਵਕ ਹਰਿ ਨਾਮ ਕਮਾਵੰਦਾ, ਖਾਟੈ ਵਾਟੇ ਹਰਿ ਪ੍ਰਭ ਰਾਮ
ਖਾਇ ਖਾਇ ਸੇਵਣ ਭੁੰਚ ਭੁੰਚਾਵੈ, ਹਰਿ ਨਾਮਾ ਹਰਿ ਨਾਮ
ਸਤਿਗੁਰ ਗੁਰ ਸਰਣਾਗਤੀ, ਹਰਿ ਜਨ ਬਾਂਛੈ ਪੂਰਨ ਗਿਆਨ
ਗਿਆਨ ਧਿਆਨ ਗੁਰ ਬਖਸੈ, ਬੈਸ ਸਰਣ ਗੁਰੂ ਕੈ ਧਾਮ
ਕਿਤ ਉਪਾਇ ਨ ਪੁੱਜਸੀ, ਹਰਿ ਪਾਰਬ੍ਰਹਮ ਗੁਰ ਗਿਆਨੁ
ਮਨਿ ਮਹਿ ਹਰਿ ਪ੍ਰਭ ਵਸੈ, ਜਨ ਮਨ ਨ ਸਕੈ ਪਹਿਚਾਣ
ਆਪਣ ਆਪੈ ਕਰਮ ਕਿਰਤ, ਜਨ ਡੁੱਬੈ ਜਾਇ ਮਸਾਣ
ਬੈਂਸ; ਆਪਣ ਹੱਥੀਂ ਆਪਣਾ, ਜਨ ਧੂਐ ਤੀਰ ਕਮਾਣ
ਤੀਖਣ ਤੀਰ ਜਉ ਘਉ ਕਰੈ, ਦੁਖ ਦਰਦ ਸੰਘਾਰੈ ਨਾਮ
ਜਾਇ ਵਸੈ ਮਨ ਮੰਦਰੀ, ਜਨ ਹਰਿ ਹਰਿ ਨਾਮ ਨਿਧਾਨ
ਗੁਰ ਸਤਿਗੁਰ ਸਭ ਸਖਾ ਮੀਤ, ਧਾਇ ਜਾਇ ਮੀਤ ਅਜਾਣ
ਗੁਰ ਸਤਿਗੁਰ ਨਹਿੰ ਵਿਤਕਰਾ, ਗੁਰ ਨਾਮ ਜਪਾਵੈ ਦਾਣ
ਗੁਰ ਸਤਿਗੁਰ ਹਰਿ ਪਾਰਬ੍ਰਹਮ, ਨਿਤਾਣਿਆ ਬਰਸੈ ਤਾਣ
ਹਰਿ ਹਰਿ ਨਾਮ ਧਿਆਇ ਬੈਂਸ, ਹਰਿ ਨਾਮ ਨਿਮਾਣੇ ਮਾਣ

ਗੁਰ ਸਤਿਗੁਰ

ਬਿਨ ਸਤਿਗੁਰ ਕਿਨੈ ਨ ਪਾਇਆ, ਵੇਖੋ ਕੋਇ ਵਿਚਾਰ
ਸਤਿਗੁਰ ਦਾਤਾ ਨਾਮ ਕਾ, ਹਰਿ ਭਗਤੀ ਭਰੇ ਭੰਡਾਰ
ਅਵਰ ਜਾਇ ਹਰਿ ਪ੍ਰਭ ਤਾ ਮਿਲੈ, ਜੇ ਹਰਿ ਹੋਵੈ ਬਾਹਰ
ਹਰਿ ਸਤਿਗੁਰ ਗੁਰੂ ਪ੍ਰਭ, ਗੁਰ ਸਤਿਗੁਰ ਹਰਿ ਜ਼ਾਹਰ

ਪੀਰ ਪੈਗੰਬ ਦਿਗੰਬਰਾ, ਸਤਿਗੁਰ ਸਰਣ ਆਇ ਧਾਇ
ਬਿਨ ਸਤਿਗੁਰ ਭਉ ਨਹੀਂ, ਬਿਨ ਹਰਿ ਨਾਮ ਧਿਆਇ
ਹਰਿ ਹਰਿ ਨਿਤ ਨਾਮ ਜਪੁ, ਗੁਰ ਦੀਖਿਆ ਸਤਿਗੁਰ ਦੇਅ
ਹਰਿ ਸਤਿਗੁਰ ਪਾਰਬ੍ਰਹਮ, ਗੁਰ ਸਤਿਗੁਰ ਅਲਖ ਅਭੇਅ
ਪੂਜਣ ਪੱਥਰ ਮਨਮੁਖਾ, ਬਿਨ ਸਤਿਗੁਰ ਡੁੱਬਣ ਤਿਨੇਹ
ਆਪ ਡੁਬੇ ਭਵ ਸਾਗਰ ਮਹਿ, ਜਜਮਾਨ ਭੀ ਸੰਗ ਲਏਅ
ਜੋ ਗੁਰ ਹਰਿ ਨਾਮ ਨਾਹਿ ਸੁਣਾਵੈ, ਤਿਨ ਸੰਗ ਕਿਉਂ ਨੇਹ
ਗੁਰਿ ਸਤਿਗੁਰ ਸੇਵੋ ਆਪਣਾ, ਗੁਰ ਪਾਰਬ੍ਰਹਮ ਅਸਨੇਹ
ਗੁਰ ਸਤਿਗੁਰ ਮਨੁ ਹਰਿ ਵਸੈ, ਹਰਿ ਸਤਿਗੁਰ ਸੰਗ ਬਾਸ
ਸਤਿਗੁਰ ਸੰਗ ਮਨ ਮੰਨਿਆਂ, ਤਿਨ ਸਤਿਗੁਰ ਸੰਗ ਨਿਵਾਸ
ਗੁਰ ਸਤਿਗੁਰ ਹਰਿ ਪਾਰਬ੍ਰਹਮ, ਅਵਰ ਨ ਜਾਣੋ ਭਾਈ
ਜਿਨ ਸਤਿਗੁਰ ਹਰਿ ਧਿਆਇਆ, ਤਿਖਾ ਭੁੱਖ ਸਭ ਜਾਈ
ਗੁਰ ਸਤਿਗੁਰ ਕੈ ਉਪਦੇਸ ਸੁਣ, ਸੁੱਚ ਸੰਜਮ ਮਨ ਭਾਈ
ਅਵਰ ਬਿਧਿ ਝੱਖ ਮਾਰਨਾ, ਮਨ ਸੁੱਧ ਨਹੀਂ ਹੋਇ ਪਾਈ
ਮਨ ਸੋਧੋ ਹਰਿ ਪਰਬੋਧੋ, ਗੁਰ ਸਤਿਗੁਰ ਹਰਿ ਪ੍ਰਭ ਭਾਇ
ਜਿਨ ਗੁਰ ਹਰਿ ਧਿਆਇਆ, ਗੁਰ ਹਰਿ ਮਾਹਿ ਸਮਾਇ
ਗੁਰ ਸਿਤਗੁਰ ਮੈ ਪਾਰਬ੍ਰਹਮ, ਅਵਰ ਬਾਇ ਪ੍ਰਭ ਨਾਹਿ
ਭਵ ਥੱਕੇ ਦੇਸ ਦਸੰਤਰੈ, ਭਵ ਭਰਮ ਭਰਮੁ ਭਰਮਾਇ
ਜਨ ਸਤਿਗੁਰ ਸੇਵੋ ਆਪਣਾ, ਅਵਰ ਜਾਇ ਪ੍ਰਭ ਨਾਇ
ਗੁਰ ਸਤਿਗੁਰ ਕੌ ਪੂਜ ਬੈਂਸ, ਜਨ ਉਤਮ ਪਦਵੀ ਪਾਇ
ਹਰਿ ਗੁਰ ਪ੍ਰਭ ਆਪ ਸਾਜਿਆ, ਸਤਿਗੁਰ ਹਰਿ ਕਰਤਾਰ
ਗੁਰ ਸਤਿਗੁਰ ਹਰਿ ਪਾਰਬ੍ਰਹਮ, ਗੁਰ ਹਰਿ ਪ੍ਰਭ ਨਿਰੰਕਾਰ

ਜਾਗ

ਤੂੰ ਜਾਗ ਮੇਰੇ ਮਨ ਜਾਗ, ਕਰ ਮਾਹੀ ਨੂੰ ਫਰਿਆਦ
ਮਾਹੀ ਤੇਰੇ ਚਿੱਤ ਵਸਦਾ, ਉਹ ਲਾਵੇ ਜਾਗ ਸੋ ਦਾਗ

ਜਾਗ ਬਾਝੋਂ ਦੁਧ ਨ ਜਮਦਾ, ਬਾਝ ਮਾਹੀ ਦੇ ਰਾਹ ਨਾ ਲਭਦਾ
ਭਾਵੇਂ ਬੁੱਤ ਪੂਜ ਕਰ ਸੇਵਾ, ਭਾਵੇਂ ਮਸਜਿਦ ਜਾ ਕਰ ਸਜਦਾ
ਜੇ ਮਾਹੀ ਨਾਲ ਪਿਆਰ ਪਾਉਣਾ, ਭਾਈ ਲਾ ਪਿਆਰ ਦਾ ਦਾਗ

ਮਾਹੀ ਆਪਣੇ ਚਿੱਤ ਵਸਾ ਲੈ, ਦਿਲ ਤੋਂ ਮਾਹੀ ਮਾਹੀ ਗਾ ਲੈ
ਸੱਖਣੇ ਯਾਰ ਸੰਗ ਪਿਆਰ ਪਾ ਕੈ, ਆਪਣਾ ਆਪ ਮਿਟਾ ਲੈ
ਆਪ ਮਿਟਾ ਕੇ ਯਾਰ ਮੰਨਦਾ, ਹੋਰ ਕਿਵੇਂ ਨਹੀਂ ਲਗਦਾ ਲਾਗ
ਸਤਿਗੁਰ ਹੋਵੈ ਜਿਉਂਦਾ ਜਾਗ, ਤਾਂ ਉਹ ਲਾ ਸਕੈਗਾ ਜਾਗ
ਮੁਰਦੇ ਕਦੀ ਨ ਬੋਲਣ ਭਾਈ, ਕਿਵੇਂ ਲਗਾਵਣ ਤੈਨੂੰ ਦਾਗ
ਜਿਉਂਦੇ ਯਾਰ ਦੀ ਮੂਰਤ ਵੇਖ, ਸਵਰਨ ਥੀਂ ਲੱਗੈ ਬੈਰਾਗ
ਯਾਰ ਮਨਾ ਕੇ ਰੱਬ ਮੰਨਦਾ, ਬਾਝ ਪਿਅਰ ਯਾਰ ਨਹੀਂ ਰਾਜ਼ੀ
ਪਿਆਰ ਪਾ ਲੈ ਆਪ ਗੁਆ ਲੈ, ਲਾ ਕੇ ਸਿਰ ਧੜ ਦੀ ਬਾਜ਼ੀ
ਮਨ ਮਾਰ ਕੇ ਆਪ ਮਰੀਦੈ, ਏਥੇ ਮਰ ਹੋਇ ਸੁਰਗ ਆਬਾਦ
ਯਾਰ ਬਣਾ ਲੈ ਪਿਆਰ ਪਾ ਲੈ, ਉਹਦੀ ਯਾਦ ਸਦਾ ਹੀ ਜਾਗ
ਦਿਨ ਰਾਤ ਕਰ ਚੇਤੇ ਉਹਨੂੰ, ਵਿੱਸਰੇ ਨ ਮਨ ਤੋਂ ਉਹਦੀ ਯਾਦ
ਮਾਹੀ ਤੈਂਡ੍ਹੇ ਵੱਲ ਹੋਇ ਥੀਵੈ, ਯਾਰ ਪਿਆਰ ਚ ਲਾਵੈ ਜਾਗ

ਚਿੱਤ ਚ ਚੰਨ

ਸਾਰਾ ਜੱਗ ਮੰਦਰ ਮਸਜਿਦ ਖੋਜੈ, ਚਿੱਤ ਚ ਚੰਨ ਸਮਾਵੈ ਹੋ
ਉਹ ਕਿੱਥੇ ਦੱਸਦਾ ਕਿੱਥੇ ਵਸਦਾ, ਨਾ ਆਵੇ ਨਾ ਜਾਵੈ ਹੋ

ਅੱਲ੍ਹੜਪਣੇ ਚ ਲੱਗ ਗਈ ਸਾਡੀ, ਸਖੀ ਸੰਗ ਨੇਹ ਰਚਾਇਆ
ਸੁਫਨੇ ਵਿਚ ਆ ਰੋਜ਼ ਜਗਾਵੈ, ਮੇਰਾ ਚਿੱਤ ਚੈਨ ਚੁਰਾਇਆ
ਉਭੜਵਾਹੀ ਉਠ ਉਠ ਨੱਸਾਂ, ਪਰ ਚੰਨ ਮਾਹੀ ਖੋ ਜਾਵੈ ਹੋ
ਚਿੱਤ ਲੱਗੀ ਤਲਬ ਪਿਆਰੇ ਦੀ, ਰਾਹ ਤੱਕਾਂ ਤਖ਼ਤ ਹਜ਼ਾਰੇ ਦੀ
ਹੱਜ ਕਾਬੇ ਜਾ ਕੇ ਕੀ ਕਰਨਾ, ਚਿੱਤ ਤਾਂਘ ਮਿੱਤਰ ਪਿਆਰੇ ਦੀ
ਈਦ ਰੋਜ਼ ਵੜ ਵਿਹੜੇ ਮੇਰੇ, ਆ ਗਲ ਮਿਲ ਪਿਆਰ ਜਤਾਵੈ ਹੋ
ਜੱਗ ਪਾਠ ਨਮਾਜ਼ਾਂ ਪੜ੍ਹਦੈ, ਮੇਰਾ ਮਨ ਯਾਰ ਨੂੰ ਚੇਤੇ ਕਰਦੈ
ਤੇਰੇ ਪਿਆਰ ਚ ਖੋਈ ਫਿਰਦੀ, ਮਨ ਯਾਰ ਖੋਣ ਤੋਂ ਡਰਦੈ
ਚਿੱਤ ਲੱਬੈਕ ਮੁਖ ਨਾਮ ਤੇਰਾ, ਚਿੱਤ ਮੇਰਾ ਯਾਰ ਚੁਰਾਵੈ ਹੋ
ਪੰਜ ਵੇਲੇ ਨਿੱਤ ਕਰਦੇ ਸਜਦਾ, ਮੇਰੇ ਚਿੱਤ ਚ ਮਾਹੀ ਵਸਦਾ
ਮੈਂ ਭੁੱਲਾਂ ਉਹ ਯਾਦ ਕਰਾਵੇ, ਮਾਹੀ ਰਾਸ ਇਸ਼ਕ ਦੀ ਦੱਸਦਾ
ਚਿੱਤ ਚ ਵਸਦੀ ਸੂਰਤ ਉਹਦੀ, ਕਿਤ ਆਵੈ ਕਿਤ ਜਾਵੈ ਹੋ
ਮੇਰਾ ਯਾਰ ਮੇਰਾ ਪਿਆਰ ਮਾਹੀ, ਮੇਰਾ ਯਾਰ ਈ ਮੇਰਾ ਰੱਬ
ਹੋਰ ਕਿਤੇ ਚਿੱਤ ਚੈਨ ਨਾ ਆਇਆ, ਮੈਂ ਭੌਂ ਕੇ ਵੇਖਿਆ ਜੱਗ

ਕਦ ਹੋਸੀ ਦਿਦਾਰ ਵੇ ਅੜਿਆ, ਮਿਲ ਨੈਣੀ ਨੈਣ ਮਿਲਾਵੈ ਹੋ
ਚੰਨਾਂ; ਮੇਰੇ ਜਿਹੀਆਂ ਲੱਖਾਂ ਤੈਨੂੰ, ਮੈਨੂੰ ਤੇਰੇ ਜਿਹਾ ਤੂੰ ਇਕ
ਮੈਂ ਤੇਰੀ ਯਾਦ ਚ ਹੋਈ ਦੀਵਾਨੀ, ਪਈ ਕਰਦੀ ਤੂੰ ਤੂੰ ਨਿੱਤ
ਤੂੰ ਤੂੰ ਕਰਦੀ ਤੂੰ ਬਣ ਜਾਸਾਂ, ਜੇ ਸੱਖਣਾ ਯਾਰ ਗਲ ਲਾਵੈ ਹੋ

ਰੱਬ ਦਾ ਜੱਗ

ਗੁਰ ਸਤਿਗੁਰ ਗੁਰ ਪਾਰਬ੍ਰਹਮ, ਜੱਗ ਦਾ ਰੱਬ ਰੱਬ ਚ ਜੱਗ
ਪਹਿਲਾਂ ਮੁਰਸ਼ਦ ਧਿਆਇ ਕੈ, ਤੂੰ ਸਾਜ ਨਿਵਾਜਿਆ ਰੱਬ
ਆਪਣੀ ਕਿਰਪਾ ਧਾਰਿ ਪ੍ਰਭ, ਆਪਣੀ ਮੂਰਤ ਸਾਜਿਆ ਜੱਗ
ਜੱਗ ਰੱਬ ਕਛੁ ਭੇਦ ਨਹਿ, ਜਹਿ ਦੇਖਾ ਮੇਰਾ ਸਤਿਗੁਰ ਰੱਬ
ਮਨ ਮੂੜੇ ਮਨ ਮਾਹਿ ਸਵਾਰ, ਮਨ ਮੰਦਰ ਮਨ ਹਰਿਦੁਆਰ
ਘਰ ਮੈ ਰਹਤਿਆ ਹਰਿ ਹਰਿ ਕਹਿਤਾ, ਕਾਹੇ ਛੋਡੈ ਤੂੰ ਘਰ ਬਾਰ
ਭਏ ਉਦਾਸੀ ਪਈ ਗਲ ਫਾਸੀ, ਬਣ ਬਣ ਖੋਜੈ ਓਏ ਗਵਾਰ
ਘਰ ਮੰਦਰ ਹਰਿ ਸਾਜ ਸਵਾਰੈ, ਘਰ ਅੰਦਰ ਹਰਿ ਹਰਿ ਦੁਆਰ
ਛੋਡ ਨ ਜਾਈ ਤਹਿ ਛੌਣੀ ਪਾਈ, ਹਰਿ ਸਦਾ ਗੁਰ ਪਹਿਰੇਦਾਰ
ਗੁਰ ਸਤਿਗੁਰ ਜਹ ਪਰਚਾ ਪਾਵੈ, ਪੂਰੈ ਸਤਿਗੁਰ ਹਰਿ ਦੁਆਰ
ਗੁਰ ਗੁਰ ਕਰਤ ਗੁਰੈ ਹਰਿ ਹੋਈਐ, ਗੁਰ ਸਤਿਗੁਰ ਕਰਤਾਰ
ਗੁਰ ਮਨਿ ਗਹਿ ਹਰਿ ਹਰਿ ਕਹਿ, ਬੈਂਸ ਉਤਾਰੈ ਸਾਗਰ ਪਾਰ
ਗੁਰ ਸਤਿਗੁਰ ਹਰਿ ਪਾਰਬ੍ਰਹਮ, ਗੁਰ ਬਿਨ ਗਿਆਨ ਨ ਹੋਇ
ਭਵ ਭਵ ਥੱਕੇ ਪੰਡਿਤ ਭਾਈ ਜੋਤਕੀ, ਭਵ ਭੇਸ ਧਾਰੀ ਭਵ ਮੋਇ
ਰੱਬ ਵਸੈ ਜਨ ਹੀਆਲੀਐ, ਕਿਉਂ ਭਵੈ ਭ੍ਰਮ ਭ੍ਰਮ ਮੋਇ
ਚਿਤ ਵਸੈ ਚਰਨਾਣਬਿੰਦ, ਪਰਮਪੁਰਖ ਚਿੱਤ ਪਰਗਟ ਹੋਇ
ਚਿੱਤ ਵਸੈ ਮੇਰਾ ਪਾਰਬ੍ਰਹਮ, ਦੂਰ ਦੁਰਾਡੈ ਕਿਉਂ ਚੱਲ ਮੋਇ
ਨਿਕਟਿ ਹਰਿ ਇਸ ਲਈ ਵਸੈ, ਨਿਕਟ ਭਾਲਣ ਸਹਿਜ ਹੋਇ
ਉਹ ਨਿਕਟ ਵਸੈ ਤੂੰ ਦੂਰ ਭਾਲ, ਤੇਰੀ ਮਨਮਤ ਮਨਮੁਖ ਸੋਇ
ਘਰ ਛੋਡ ਬਨ ਖੋਜੀਐ, ਖੁਸ਼ਕਿਸਮਤ ਬਦਕਿਸਮਤ ਹੋਇ ਮੋਇ
ਗੁਰ ਸਾਗਰ ਗੁਰ ਮਾਣਕ ਮੋਤੀ, ਹੰਸਾਂ ਚੋਗ ਚੁਗੈ ਮਲ ਧੋਇ
ਗੁਰ ਸਰ ਸਮੁੰਦ ਗੁਰ ਬੋਹਿਥ, ਗੁਰ ਆਕਾਸ ਪਾਤਾਲ ਸਭ ਲੋਇ
ਗੁਰ ਸਤਿਗੁਰ ਗੁਰ ਪਾਰਬ੍ਰਹਮ, ਭਜੁ ਗੁਰ ਸਤਿਗੁਰ ਹਰਿ ਸੋਇ
ਗੁਰ ਗੁਰ ਕਰ ਬੈਂਸ ਮਨ ਮਾਹਿ, ਗੁਰ ਸਤਿਗੁਰ ਸਭਸ ਜਾਣੋਇ
ਹਰਿ ਧਿਆਇ ਸਤਿਗੁਰ ਸਰਣਾਇ, ਸੇਵ ਸਾਧ ਗੁਰ ਹਰਿ ਸੋਇ

ਮਨ ਮਾਰ

ਮਨ ਮਾਰ ਕੇ ਮਨ ਮੰਨਦਾ, ਦਿਲ ਦੇ ਕੇ ਯਾਰ ਮਨਾਈਦੈ
ਆਪ ਮਾਰ ਕੇ ਯਾਰ ਮਨਾ ਕੇ, ਸੱਖਣੇ ਰੱਬ ਨੂੰ ਪਾਈਦੈ

ਸਭ ਕੁਝ ਤੂੰ ਸਾਜਿਆ, ਨਹੀਂ ਕੀਤੀ ਕੋਈ ਆਲਸ
ਸਭ ਨੂੰ ਸਾਜ ਸੁਆਰੇਂ ਪਿਆ, ਤੂੰ ਹੀ ਸਭ ਦਾ ਮਾਲਕ
ਮਨ ਤੋਂ ਚੇਤੇ ਕਰ ਉਹਨੂੰ, ਲੋਕਾਂ ਨਹੀਂ ਸੁਣਾਈਦੈ
ਜਮਣ ਤੋਂ ਪਹਿਲਾਂ ਉਹ, ਸਭ ਦੀ ਮੌਤ ਲਿਖ ਦੇਂਦਾ
ਸਹੀ ਥਾਂ ਤੇ ਸਹੀ ਵਕਤ, ਆਪੇ ਸਾਹ ਕੱਢ ਲੈਂਦਾ
ਪਤਾ ਏ ਤੈਨੂੰ ਆਉਣੀ ਏਂ, ਐਵੇਂ ਨਹੀਂ ਘਬਰਾਈਦੈ
ਜੰਮਣ ਤੋਂ ਪਹਿਲਾਂ ਜੀਵਾਂ ਦੇ, ਖਾਣਾ ਲੜ ਬੰਨ੍ਹ ਦੇਂਦਾ
ਸਭ ਅਪਣੀ ਖੱਟੀ ਖਾਵੰਦੇ, ਉਹ ਕੁਝ ਨਹੀਂ ਕਹਿੰਦਾ
ਜੋ ਕਮਾਵੇਂ ਸੋ ਫਲ ਪਾਵੇਂ, ਜੋ ਖੱਟਿਆ ਸੋ ਖਾਈਦੈ
ਅੱਖੀਆਂ ਬਾਝੋਂ ਵੇਖਣਾ, ਬਿਨ ਕੰਨਾਂ ਸੁਣਨਾ
ਜਿਹਵਾ ਬਾਝੋਂ ਬੋਲਣਾ, ਬਿਨ ਪੈਰਾਂ ਟੁਰਨਾ
ਇੰਞ ਬਣਾ ਚਿੱਤ ਹਾਲਤ, ਜਿਉਂਦੇ ਜੀ ਮਰ ਜਾਈਦੈ
ਮਨ ਕੂ ਮਨ ਸਮਝਾਇਸੀ, ਸਭ ਮਨ ਤੋਂ ਕਰਨਾਂ
ਯਾਰ ਬੈਂਸ ਨੂੰ ਦੱਸਿਆ, ਇੰਞ ਜਿਉਂਦੇ ਮਰਨਾ
ਰੱਬ ਯਾਰ ਚਿੱਤ ਰੱਖ, ਜੱਗ ਨੂੰ ਨਹੀਂ ਸੁਣਾਈਦੈ
ਯਾਰ ਮਨਾ ਕੇ ਰੱਬ ਮੰਨਦਾ, ਯਾਰ ਮੰਨਦਾ ਮਰ ਕੇ
ਜਾਨ ਦੀ ਬਾਜ਼ੀ ਲਾ ਬੈਂਸ, ਨਹੀਂ ਭੱਜ ਸਕੇਂਗਾ ਡਰ ਕੇ
ਪਿਆਰ ਪਾ ਕੇ ਯਾਰ ਮਨਾ ਕੇ, ਸੱਖਣਾ ਯਾਰ ਮਨਾਈਦੈ

ਰੱਬ

ਕੋਈ ਨਹੀਂ ਸੀ ਜਦੋਂ ਜਹਾਨ ਅੰਦਰ, ਖੁਦ ਆਪ ਸੀ ਰੱਬ ਜਹਾਨ ਸਾਰਾ
ਅਪਣੇ ਆਪ ਚ ਰੱਬ ਸਮਾਇਆ ਸੂ, ਉਸੇ ਵਿਚ ਸੀ ਜੱਗ ਜਹਾਨ ਸਾਰਾ
ਤਾੜੀ ਲਾ ਮੁਰਸ਼ਦ ਅਲਾਇਆ ਸੂ, ਰੱਬ ਬਣਨ ਦਾ ਰੱਬ ਨੇ ਕੀਤਾ ਚਾਰਾ
ਕਰ ਅਰਾਧਨਾ ਮੁਰਸ਼ਦ ਦੀ ਸਾਧਨਾ, ਸਾਜ ਦਿੱਤਾ ਰੱਬ ਨੇ ਜੱਗ ਸਾਰਾ

ਚਿੱਤ ਚ ਰੱਬ ਰੱਬ ਕਰ ਬੰਦਿਆ, ਤੂੰ ਜੇ ਰੱਬ ਨੂੰ ਪਾਉਣਾ ਏ

ਯਾਰ ਰੱਬ; ਰੱਬ ਯਾਰ ਏ, ਦਿਲ ਦੇ ਕੇ ਯਾਰ ਮਨਾਉਣਾ ਏ

ਬਾਝ ਯਾਰ ਦੇ ਰੱਬ ਨਹੀਂ ਸੀ, ਨਾ ਸੀ ਰੱਬ ਦਾ ਬੰਦਾ
ਯਾਰ ਮਨਾਉਣਾ ਰੱਬ ਧਿਆਉਣਾ, ਇਹ ਸੂ ਰੱਬ ਦਾ ਧੰਦਾ
ਯਾਰ ਮਨਾ ਕੇ ਰੱਬ ਬਣ ਗਿਆ, ਯਾਰ ਚ ਰੱਬ ਸਮਾਉਣਾ ਏ
ਯਾਰ ਰੱਬ ਤੋਂ ਪਹਿਲਾਂ ਸੀ, ਰੱਬ ਬਣਿਆਂ ਯਾਰ ਧਿਆ ਕੇ
ਉਸ ਰੱਬ ਆਖਣਾ ਔਖਾ ਸੀ, ਰੱਬ ਬਣਿਆਂ ਯਾਰ ਮਨਾ ਕੇ
ਯਾਰ ਰੱਬ ਚ ਭੇਦ ਨ ਕਾਈ, ਬੈਂਸ ਜੱਗ ਨੂੰ ਆਖ ਸੁਣਾਉਣਾ ਏ
ਯਾਰ ਮਨਾ ਰੱਬ ਆਪ ਸਾਜਿਆ, ਰੱਬ ਬੈਠਾ ਤਾੜੀ ਲਾ ਕੇ
ਬਾਗਡੋਰ ਰੱਬ ਸੌਂਪ ਯਾਰ ਨੂੰ, ਰੱਬ ਬਣਿਆਂ ਯਾਰ ਮਨਾ ਕੇ
ਮਨ ਵਿਚ ਬੈਂਸ ਯਾਰ ਵਸਾ ਲੈ, ਜੇ ਮਾਹੀ ਦਰ ਜਾਣਾ ਏ
ਯਾਰ ਮਨਾ ਕੇ ਰੱਬ ਮੰਨਦਾ, ਯਾਰ ਮੰਨੇਂ ਪਿਆਰ ਚ ਮਰ ਕੇ
ਯਾਰ ਰੱਬ ਦਾ ਭੇਦ ਜਾਣਦਾ, ਪਰ ਬੈਂਸ ਲਿਖੇ ਡਰ ਡਰ ਕੇ
ਯਾਰ ਬਾਝੋਂ ਰੱਬ ਨ ਮੰਨਦਾ, ਤੈਨੂੰ ਪੈਣਾ ਮਨ ਸਮਝਾਉਣਾ ਏ
ਜੇ ਤੂੰ ਰੱਬ ਨੂੰ ਮਨਾਉਣਾ, ਪਹਿਲਾਂ ਯਾਰ ਨੂੰ ਮਨਾ
ਸਜਦੇ ਕਰ ਭਾਵੇਂ ਮਿੰਨਤਾਂ ਕਰ, ਭਾਵੇਂ ਵਾਸਤੇ ਪਾ
ਜਿਵੇਂ ਰੱਬ ਵਾਸਤੇ ਪਾਏ, ਉਵੇਂ ਤੈਨੂੰ ਗੌਣਾ ਪੈਣਾ ਏ
ਬੈਂਸ; ਦਿਲੋਂ ਛੱਕ ਕੱਢ ਦੇ, ਰੱਬ ਵੱਖ ਤੇ ਯਾਰ ਵੱਖ
ਜੇ ਬੰਦਿਆ ਕੋਈ ਹੋਰ ਭੇਦ ਏ, ਤੂੰ ਆ ਬੈਂਸ ਨੂੰ ਦੱਸ
ਯਾਰ ਰੱਬ ਦਾ ਭੇਦ ਜਾਣਦਾ, ਰੱਬ ਉਹਤੋਂ ਕੀ ਛੁਪਾਉਣਾ ਏ
ਰੱਬ ਯਾਰ ਦੇ ਵਸ ਸੁਹਣਿਆ, ਉਹ ਜੋ ਆਖੇ ਰੱਬ ਕਰਦਾ
ਮਾਹੀ ਮਾਹੀ ਕਰਦਾ ਜਾਹ, ਜੇ ਤੂੰ ਬਣਨਾ ਉਹਦੇ ਦਰ ਦਾ
ਮਾਹੀ ਕਹਿੰਦੀ ਮਾਹੀ ਬਣ, ਇੰਞ ਮੁੱਕਦਾ ਆਉਣਾ ਜਾਣਾ ਏ

ਮਨਮਾਨੀ

ਚੌਣੇ ਸੋਨਾ ਪਾਈਐ, ਤਿਸ ਚੁਣ ਖਾਣਾ ਘਾਸ
ਕੂਕਰ ਚੰਦਨ ਲਾਈਐ, ਕਿਰਤ ਕਰਮ ਨਹਿ ਵਾਸ
ਲੋਭੀ ਮਨ ਨ ਰੱਜਸੀ, ਮਣ ਸੋਨਾ ਰੁੱਪਾ ਲਾਖ
ਕੂਕਰ ਚੱਕੀ ਚੱਟੀਐ, ਜੈ ਭਾਣਾ ਤੈ ਖਾਸ
ਕੁੰਚਰ ਮਾਣ ਅਭੱਖਿਆ, ਭੱਖੈ ਧੂੜ ਭੜਾਸ
ਪੱਥਰ ਅੱਗ ਪੰਘਲਾਈਐ, ਨਾਹਿ ਆਵੈ ਰਾਸੁ

ਚੋਰਾਂ ਜਾਰਾਂ ਦੋਸਤੀ, ਚੋਰੀ ਚੋਰ ਸਿਖਿਆਸਿ
ਚੋਰਾਂ ਜਾਰਾਂ ਰੰਡੀਆਂ, ਤਿਨਾ ਵਡਾਣੀ ਆਸ
ਧੋਤੇ ਮਲ ਨ ਉਤਰੈ, ਮਨ ਮਹਿ ਭਰੀ ਭੜਾਸ
ਸੰਤਨ ਸੰਗਤ ਗੋਸਟੀ, ਮਨ ਮਹਿ ਪਰਗਾਸ
ਜੈ ਸੰਗਤ ਤੈ ਸੋਭਤੈ, ਜਨਮ ਜਨਮ ਕੀ ਖਾਤ
ਕ੍ਰੋਧੀ ਕ੍ਰੋਧ ਨਿਖੁੱਟਣਾ, ਕਰੇ ਗਰੀਬਾਂ ਦਾਸ
ਕਾਮੀ ਕਾਮ ਨਿਖੁਟਈ, ਤਨ ਮਨ ਖਾਤ ਗ੍ਰਾਸ
ਮਾਇਆ ਚਿੱਤ ਗ੍ਰੱਸਿਆ, ਸਰਪ ਜੂਨ ਤਹਿ ਜਾਸ
ਪਾਣੀ ਪੱਥਰ ਨਹਿ ਭਵੈ, ਜਿਹਾ ਚਿੱਤ ਸੁ ਰਾਸ
ਸਾਕਤ ਮੰਦਰ ਪੂਜੀਐ, ਨਾਮ ਨ ਚਿੱਤੈ ਵਾਸ
ਜੋ ਆਇਆ ਸੋ ਚੱਲਸੀ, ਬੈਂਸ ਸੁ ਸੱਚੀ ਰਾਸਿ
ਕਿਰਤ ਕਰਮ ਕੇ ਵੀਛੜੇ, ਟੋਏ ਟਿੱਬੇ ਭਰਮਾਸ
ਭਰਮ ਭਉ ਨ ਕੱਟੀਐ, ਬਿਨ ਸਤਿਗੁਰ ਅਰਦਾਸ
ਰਾਮ ਨਾਮ ਹਰਿ ਬੋਹਿਥਾ, ਸਾਗਰ ਪਾਰ ਕਰਾਤ
ਨਾਮ ਧਿਆਇ ਗੁਣ ਗਾਇ, ਇਹਾ ਬੈਂਸ ਜੀ; ਤਾਤ
ਏਕਸ ਹਰਿ ਕੇ ਨਾਮ ਬਿਨ, ਬਿਰਥਾ ਸਾਸ ਗਰਾਸ

ਹਰਿ ਗੁਰ ਪਿਆਰ

ਭਗਵਾਨ ਭੁੱਖਾ ਮਨੋ ਭਾਵਨਾ, ਬਿਨ ਸਤਿਗੁਰ ਪਾਇ ਨ ਜਾਇ
ਗੁਰ ਸਤਿਗੁਰ ਹਰਿ ਪਾਰਬ੍ਰਹਮ, ਪ੍ਰਭ ਸਤਿਗੁਰ ਮਾਹਿ ਸਮਾਇ
ਸਤਿਗੁਰ ਦਾਤਾ ਨਾਮ ਦਾ, ਹਰਿ ਪਾਰ ਉਤਾਰਨ ਹਾਰ
ਜਿਨ ਹਰਿ ਨਾਮਾ ਸੇਵਿਆ, ਸੋ ਜਨ ਉਤਰਿਆ ਪਾਰ
ਸਤਿਗੁਰ ਹਰਿ ਜਾਣ ਜਨ, ਕਰ ਸਤਿਗੁਰ ਸੰਗ ਪਿਆਰ
ਉਹ ਨੂੰ ਰੱਬ ਰੱਬ ਆਖ ਪੂਜ ਲੈ, ਉਹ ਸਤਿਗੁਰ ਕਰਤਾਰ
ਕਰ ਸਤਿਗੁਰ ਸੰਗ ਨੇਹ, ਜਿਉਂ ਚਾਤ੍ਰਿਕ ਸੰਗ ਮੇਹ
ਕਰਮੀ ਕਰਮ ਕਮਾਵਣੇ, ਕਿਰਤ ਪਿਆ ਸੋ ਦੇਹ
ਮਨ ਰੇ ਸਤਿਗੁਰ ਚਿੱਤ ਰਾਖ, ਜਿਉਂ ਚਕਵੀ ਸੂਰਜ ਆਸ
ਰਾਤ ਭਰ ਨੀਂਦਰ ਨਾ ਸੋਵੈ, ਉਹ ਜਾਗੈ ਪ੍ਰੀਤ ਚ ਰਾਤ
ਹਰਿ ਸਿਉਂ ਨੇਹ ਸੰਗ ਖੇਲ੍ਹ, ਜਿਉਂ ਪਾਣੀ ਦੁਧ ਮੇਲ
ਅਪਣਾ ਆਪ ਗੁਆਇ ਕੈ, ਤਿਉਂ ਸੂਲੀ ਉਪਰ ਖੇਲ੍ਹ
ਅਪਣਾ ਆਪ ਗੁਆਇ ਜਨ, ਬਰਨ ਚਿਹਨ ਸਭ ਜਾਇ

ਜਿਉਂ ਜਲ ਦੁੱਧ ਮਾਹਿ ਮਿਲ, ਜਲ ਦੁੱਧ ਮਾਹਿ ਸਮਾਇ
ਗੁਰ ਸਤਿਗੁਰ ਹਰਿ ਪਾਰਬ੍ਰਹਮ, ਐਸੋ ਸਤਿਗੁਰ ਜਾਨ
ਤੂੰ ਕਾਹੇ ਡੋਲੈ ਪ੍ਰਾਣੀਆਂ, ਸੰਗ ਘੱਲੈ ਹਰਿ ਪੇਨ੍ਹਣ ਖਾਣ
ਸਤਿਗੁਰ ਦਾਤਾ ਨਾਮ ਕਾ, ਗੁਰ ਸਤਿਗੁਰ ਗੁਰ ਪਾਰਬ੍ਰਹਮ
ਹਰਿ ਹਰਿ ਨਾਮ ਧਿਆਇ ਮਨ, ਹਰਿ ਉਤਮ ਸਭ ਧਰਮ
ਸਤਿਗੁਰ ਸੰਗ ਹਰਿ ਵਸੈ, ਸੇਵਕ ਸਤਿਗੁਰ ਸੰਗ
ਹਰਿ ਹਰਿ ਨਾਮ ਜਪੰਦਿਆਂ, ਬੈਂਸ ਚੜ੍ਹੈ ਹਰਿ ਰੰਗ
ਹਰਿ ਹਰਿ ਨਾਮ ਜਪੁ ਮਨ, ਨਾਮ ਜੋ ਸਤਿਗੁਰ ਭਾਇ
ਹਰਿ ਹਰਿ ਨਾਮ ਜਪੰਦਿਆਂ, ਹਰਿ ਚ ਬੈਂਸ ਸਮਾਇ

ਜਿੰਦੜੀ

ਕੁਝ ਖੱਟ ਲੈ ਪੁੰਨ ਤੇ ਦਾਨ ਕਰਲੈ
ਗੰਗਾ ਨਾਹ ਲੈ ਕੁੰਭ ਇਸਨਾਨ ਕਰ ਲੈ
ਗਯਾ ਜਾ ਕੇ, ਸੱਜਣਾ ਪੰਡ ਭਰ ਲੈ
ਮੱਕੇ ਜਾ ਕੇ, ਹੱਜ ਹਜ਼ੂਰ ਕਰ ਲੈ
ਹਰਮੰਦਰ ਨਾਹ ਚਿੱਤ ਹਰਿ ਹਰਿ ਕਰ ਲੈ

ਇਹ ਜਿੰਦੜੀ ਐਵੈਂ ਰੋਲਦਾ ਏਂ
ਇਸ ਨੇ ਮੁੜ ਕੇ ਨਹੀਂ ਆਉਣਾ

ਕਈ ਜਨਮਾਂ ਦੇ ਬਾਦ, ਪਾਇਆ ਇਨਸਾਨ ਦਾ ਜਨਮ
ਪੈਰ ਚਲਦੇ ਚਲਦੇ ਘਸ ਗਏ, ਪਰ ਰੱਜਿਆ ਨਾ ਮਨ
ਜੇ ਪਾਰ ਉਤਾਰਾ ਚਾਹੁੰਨੈ, ਪੈਣਾ ਏ ਮਨ ਸਮਝਾਉਣਾ
ਪਾ ਕੇ ਇਨਸਾਨ ਦਾ ਜਨਮ, ਤੂੰ ਹੋ ਗਿਆ ਆਜ਼ਾਦ
ਜਿਹਨੇ ਤੈਨੂੰ ਜਾਨ ਦਿੱਤੀ, ਉਹਨੂੰ ਕਰਦਾ ਨਾ ਯਾਦ
ਕੀਤਾ ਕਰਮ ਨਾਲ ਜਾਵੇ, ਅੰਤ ਪਊ ਪਛਤਾਉਣਾ
ਇਥੋਂ ਜਾਣ ਵੇਲੇ ਬੈਂਸ, ਤੇਰੀ ਖੁਲ੍ਹਣੀ ਕਿਤਾਬ
ਬਿਨਾਂ ਪੁੱਛੇ ਗਿੱਛੇ ਤੈਨੂੰ, ਹੋਣ ਲੱਗਣਾ ਹਿਸਾਬ
ਪਾਈ ਪਾਈ ਗਿਣ ਲੈਂਦੇ, ਤੈਨੂੰ ਕਿਸੇ ਨ ਛਡਾਉਣਾ
ਬੰਦਿਆ ਕਰ ਚੰਗੇ ਕਰਮ, ਜੇ ਆਉਣ ਦਾ ਲਾਹਾ ਲੈਣਾ
ਤੇਰੇ ਕੰਮ ਤੇਰੀ ਕਰਤੂਤ ਏ, ਤੈਨੂੰ ਕਿਸੇ ਨਹੀਂ ਕਹਿਣਾ

ਦੱਬੇ ਰਹਿਣ ਤਲਾਈ ਹੇਠਾਂ, ਜਾਣ ਸਮੇਂ ਸਾਹਮਣੇ ਆਉਣਾ
ਸੱਚੇ ਰੱਬ ਨੂੰ ਧਿਆ ਲੈ, ਜੇ ਭਵ ਸਾਗਰ ਪਾਰ ਕਰਨਾ
ਬਹਿ ਦਰ ਗੁਰੂ ਦੇ ਜਾ ਕੇ, ਸਿੱਖ ਜਿਉਂਦੇ ਜੀ ਮਰਨਾ
ਗੁਰੂ ਬਾਝੋਂ ਰੱਬ ਨ ਮੰਨੇਂ, ਬੈਂਸ ਪੈਣਾ ਗੁਰੂ ਮਨਾਉਣਾ

ਸੁਹਣਿਆਂ ਸੱਜਣਾ

ਦਿਲ ਦੇ ਕੇ ਪਿਆਰ ਜਤਾ ਲੈ, ਮੇਰੇ ਸੁਹਣਿਆਂ ਸੱਜਣਾ
ਮਰ ਪਿਆਰ ਚ ਯਾਰ ਮਨਾ ਲੈ, ਮੇਰੇ ਸੁਹਣਿਆਂ ਸੱਜਣਾ

ਕੱਲਾ ਸੀ ਮੇਰਾ ਰੱਬ ਜਦੋਂ, ਤਨਹਾਈ ਮਹਿਸੂਸ ਸੀ ਕਰਦਾ
ਬੈਠ ਇਕੱਲੇ ਗੁਰੂ ਸਾਧਿਆ, ਉਹ ਗੁਰੂ ਗੁਰੂ ਨਿੱਤ ਕਰਦਾ
ਤੂੰ ਵੀ ਉਹੋ ਕਰ ਬੰਦਿਆ, ਇੰਞ ਅਪਣਾ ਮਨ ਸਮਝਾ ਲੈ
ਪਿਆਰ ਚ ਉਹਨੇ ਜੱਗ ਸਾਜਿਆ, ਪਿਆਰ ਚ ਉਹ ਵਸਦਾ
ਪਿਆਰ ਪਾ ਲੈ ਯਾਰ ਮਨਾ ਲੈ, ਉਹ ਰਾਹ ਰੱਬ ਦਾ ਦੱਸਦਾ
ਹੋ ਦੀਵਾਨੀ ਪਾ ਪਿਆਰ ਗਾਨੀ, ਮਾਹੀ ਨੂੰ ਦਿਲੋਂ ਧਿਆ ਲੈ
ਗੁਰੂ ਸਾਧ ਉਸ ਜੱਗ ਸਾਜਿਆ, ਇਹ ਸੀ ਗੁਰੂ ਦੀ ਸੱਤਾ
ਗੁਰੂ ਰੱਬ ਰੱਬ ਗੁਰੂ ਹੈ, ਸਵਰਨ, ਜਾ ਟੇਕ ਗੁਰੂ ਨੂੰ ਮੱਥਾ
ਹੋ ਨਿਮਾਣਾ ਦਿਲੋਂ ਨਿਤਾਣਾ, ਗੁਰ ਚਰਨੀ ਚਿੱਤ ਲਾ ਲੈ
ਜੱਗ ਸਾਜ ਨਿਵਾਜ ਕੈ ਰੱਬ ਨੇ, ਵਿਚ ਪਾਇਆ ਗੁਰੂ ਵਚੋਲਾ
ਗੁਰੂ ਬਾਝੋਂ ਰੱਬ ਨ ਮੰਨਦਾ, ਮਜ਼ੂਬਾਂ ਪਾਇਆ ਝੂਠਾ ਰੌਲਾ
ਮੰਨ ਬੈਂਸ ਦੀ ਗੱਲ ਦੀਵਾਨੇ, ਗੁਰ ਗੁਰ ਹਰਿ ਹਰਿ ਗਾ ਲੈ
ਰੱਬ ਮਿਲਣ ਦਾ ਰਾਹ ਮੁਰਸ਼ਦ, ਜੱਗ ਧਰਮਾਂ ਪਿੱਛੇ ਜਾਵੈ
ਕੋਈ ਕਾਬੇ ਕੋਈ ਹਰਮੰਦਰ, ਕੋਈ ਗੰਗਾ ਜਾ ਜਾ ਨ੍ਹਾਵੈ
ਮਨ ਪਰਚੌਣ ਦੇ ਧੰਦੇ ਸਭ, ਬੈਂਸ, ਤੂੰ ਅਪਣਾ ਗੁਰੂ ਮਨਾ ਲੈ
ਰੱਬ ਮਨੌਣਾ ਔਖਾ ਨਹੀਂ, ਦੋ ਨਫਲ ਪੜ੍ਹੋ ਰੱਬ ਮੰਨ ਜਾਂਦਾ
ਪਰ ਗੁਰੂ ਮਨੌਣਾ ਔਖਾ ਏ, ਉਥੇ ਤਨ ਮਨ ਵਾਰਨਾ ਪੈਂਦਾ
ਹੋ ਨਿਮਾਣਾ ਜੇ ਉਹ ਪਾਉਣਾ, ਬੈਂਸ; ਇਸ਼ਕ ਚ ਯਾਰ ਮਨਾ ਲੈ

ਦੂਰ ਭੱਜਦਾ

ਚਾੜ੍ਹ ਦੁਨੀਆਂ ਦਾ ਰੰਗ, ਭੁੱਲ ਗਿਆ ਨਾਂ ਰੱਬ ਦਾ
ਉਹ ਤੇਰੇ ਵਿਚ ਵਸੇ, ਪਰ; ਤੂੰ ਦੂਰ ਦੂਰ ਭੱਜਦਾ

ਉਹ ਤੇਰੇ ਵਿਚ ਵਸੇ, ਤੈਨੂੰ ਰਾਹ ਮਿਲਣ ਦਾ ਦੱਸੇ
ਜੇ ਤੂੰ ਉਸ ਤੋਂ ਦੂਰ ਨੱਸੇਂ, ਉਹ ਤੈਨੂੰ ਰਾਹ ਕਿਉਂ ਦੱਸੇ
ਛੁਪ ਛੁਪ ਤੈਨੂੰ ਕਰੇ ਇਸ਼ਾਰੇ, ਤੈਨੂੰ ਪਤਾ ਨਹੀਂ ਲਗਦਾ
ਉਹ ਤੇਰੇ ਵਿਚ ਬੈਠਾ, ਤੈਥੋਂ ਪਿਆਰ ਪਿਆ ਮੰਗੇ
ਤੈਨੂੰ ਖਬਰ ਨ ਕਾਈ, ਫਸ ਕੇ ਦੁਨੀਆਂ ਦੇ ਧੰਦੇ
ਉਹ ਇਸ ਕਾਰਨ ਬੈਠਾ, ਤੈਥੋਂ ਪਿਆਰ ਲੱਭਦਾ
ਉਹ ਤੇਰੇ ਕੋਲ ਬੈਠਾ, ਤੈਨੂੰ ਪਿਆਰ ਦੇਈ ਜਾਵੇ
ਤੈਨੂੰ ਦੁਨੀਆਂ ਨੇ ਮੋਹਿਆ, ਤੈਨੂੰ ਚੇਤੇ ਨ ਆਵੇ
ਕਰ ਮਾਹੀ ਨੂੰ ਪਿਆਰ, ਇਹੋ ਰਾਹ ਰੱਬ ਦਾ
ਤੈਨੂੰ ਪਤਾ ਹੀ ਨ ਲੱਗੇ, ਮਾਹੀ ਕਿਥੇ ਵਸਦਾ
ਤੇਰੇ ਹੀਅੜੇ ਚ ਬੈਠਾ, ਕਰਤੂਤਾਂ ਵੇਖ ਹਸਦਾ
ਤੂੰ ਠੱਗੀਆਂ ਪਿਆ ਮਾਰੇਂ, ਠੱਗੀ ਕੰਮ ਠੱਗ ਦਾ
ਵੇਖ ਤੇਰਾ ਕਰਮ ਧਰਮ, ਉਹ ਕਰੇ ਨ ਵਸਾਹ
ਉਸ ਥਾਪ ਦਿੱਤਾ ਯਾਰ, ਸੋਈ ਜਾਣੇ ਉਹਦਾ ਰਾਹ
ਬਣ ਖੋਜੀ ਦੱਬ ਪੈੜ, ਜਾਹ ਉਹਦੇ ਪਿੱਛੇ ਭੱਜਦਾ
ਗੱਲ ਗੱਲ ਵਿਚ ਤੈਨੂੰ, ਕਰੇ ਨਿੱਤ ਉਹ ਇਸ਼ਾਰੇ
ਤੈਨੂੰ ਸਮਝ ਨਾ ਆਈ, ਮਿਲੇ ਸਾਹ ਵੀ ਉਧਾਰੇ
ਅੱਜ ਆਇਆ ਕੱਲ੍ਹ ਜਾਣਾ, ਕੀ ਭਰੋਸਾ ਠੱਗ ਦਾ
ਜਿਹਾ ਗੁਰੂ ਸੇਵੇਂ ਵਰ ਪਾਵੇਂ, ਘੱਟ ਵੱਧ ਨਹੀਂ ਕੋਈ
ਬੋਲ ਗੁਰੂ ਟੋਲ ਗੁਰੂ, ਗੁਰ ਗੁਰ ਕਰਤ ਗੁਰੇ ਗੁਰ ਹੋਈ
ਗੁਰੂ ਬਿਨ ਗਿਆਨ ਨ ਉਪਜੈ, ਜੋ ਬੀਜੇਂ ਸੋ ਉਗੱਦਾ
ਜਿਹਾ ਗੁਰ ਸੋਚੇਂ ਫਲ ਪਾਵੇਂ, ਵੱਧ ਘੱਟ ਨਹੀਂ ਮਾਸਾ
ਇਸ ਕਾਰਨ ਜੱਗ ਘੱਲਿਆ, ਵੇਖਣ ਨੂੰ ਜਗਤ ਤਮਾਸਾ
ਜੋ ਆਇਆ ਸੋ ਚੱਲਸੀ, ਸਾਰਾ ਜੱਗ ਭੱਜ ਭੱਜ ਹੰਭਦਾ
ਉਹ ਤੇਰੇ ਵਿਚ ਬੈਠਾ, ਕਰਦਾ ਪਿਆ ਇਸ਼ਾਰੇ
ਬੈਂਸ ਫਸਿਆ ਮਝਧਾਰ, ਮਿਲਣੇ ਨਹੀਂ ਕਿਨਾਰੇ
ਡੁੱਬੀ ਜਾਵੇ ਤੇਰੀ ਬੇੜੀ, ਤੂੰ ਹੰਭ ਗਿਆ ਭੱਜਦਾ
ਉਹ ਸਭ ਕੁਝ ਜਾਣੇ, ਜੋ ਕੁਝ ਵੀ ਤੂੰ ਕਰਦਾ
ਨਿੱਤ ਰਾਤੀਂ ਪਾੜ ਲਾਵੇਂ, ਲੁੱਟ ਲੁੱਟ ਬੋਝੇ ਭਰਦਾ
ਕੇਰਾਂ ਭੁੱਲ ਜਾਵੇ ਰਾਹ, ਬੈਂਸ ਮੁੜ ਨਹੀਂ ਲੱਭਦਾ
ਤੇਰੀ ਮਰਜ਼ੀ ਕਿਸੇ ਤੇ ਡੁੱਲ੍ਹ, ਪਰ ਰੱਬ ਨੂੰ ਨ ਭੁੱਲ
ਤੂੰ ਜਿੰਨਾਂ ਚੇਤੇ ਕਰੇਂ, ਉਨਾਂ ਪਾਉਂਦਾ ਉਹ ਮੁੱਲ

ਬੈਂਸ ਆਪ ਨੂੰ ਗੁਆ ਕੇ, ਰਾਹ ਲੱਭੇ ਰੱਬ ਦਾ
ਮਨ ਮਾਰ ਆਪ ਮਰ, ਭੈੜੇ ਜੱਗ ਤੋਂ ਨ ਡਰ
ਮਨੋਂ ਦੁਬਿਧਾ ਹਟਾ ਕੇਂ, ਜਾ ਵਸ ਮਾਹੀ ਘਰ
ਹੋ ਕੇ ਇਕ ਚਿੱਤ ਬੈਂਸ, ਸੁਹਣਾ ਯਾਰ ਲੱਭਦਾ
ਉਹਨੂੰ ਇੰਞ ਚੇਤੇ ਕਰ, ਆਵੇ ਮਨ ਵਿਚੋਂ ਬਾਹਰ
ਕਰ ਮਾਹੀ ਮਾਹੀ ਮਾਹੀ, ਮਾਹੀ ਹੋ ਜਾਵੇ ਜ਼ਾਹਰ
ਛੱਡ ਜੱਗ ਦਾ ਪਿਆਰ, ਪਾ ਲੈ ਪਿਆਰ ਰੱਬ ਦਾ
ਹੋ ਪਿਆਰ ਚ ਬਿਮਾਰ, ਪਾ ਯਾਰ ਸੰਗ ਪਿਆਰ
ਤੇਰਾ ਯਾਰ ਉਹਦਾ ਯਾਰ, ਬਣ ਜਾਵੇ ਤੇਰਾ ਯਾਰ
ਬੈਂਸ ਯਾਰ ਨੂੰ ਮਨਾ ਲੈ, ਰਾਹ ਦਿਸੇ ਯਾਰ ਰੱਬ ਦਾ

ਚੰਨ ਯਾਰ

ਦਿਲ ਦੇ ਕੇ ਪਿਆਰ ਪਾ ਕੇ, ਚੰਨ ਯਾਰ ਬਣ ਜਾਂਦਾ ਏ
ਸੁਹਣੇ ਯਾਰ ਨੂੰ ਮਨਾ ਕੇ, ਸੁਹਣਾ ਰੱਬ ਮੰਨ ਜਾਂਦਾ ਏ

ਜ਼ਾਹਰ ਹੋਣ ਤੋਂ ਪਹਿਲਾਂ, ਰੱਬ ਨੇ ਯਾਰ ਬਣਾਇਆ
ਸੱਖਣਾ ਯਾਰ ਬਣਾ ਕੇ, ਪਿਆਰ ਉਹਦੇ ਸੰਗ ਪਾਇਆ
ਸੌਂਹ ਪਿਆਰ ਦੀ ਦੇ ਕੇ, ਯਾਰ ਰਾਹ ਸਮਝਾਉਂਦਾ ਏ
ਮੁੜ ਜ਼ਾਹਰ ਹੋ ਕੇ ਰੱਬ, ਉਹਨੇ ਥਾਪਿਆ ਸਾਰਾ ਜੱਗ
ਹਰ ਜਾ ਹਰਿ ਮੌਜੂਦ ਸਖੀ, ਉਹ ਠੱਗਾਂ ਦਾ ਠੱਗ
ਉਹਨੂੰ ਸਾਰਾ ਜੱਗ ਖੋਜੇ, ਪਰ ਨਜ਼ਰ ਨਹੀਂ ਆਉਂਦਾ ਏ
ਉਹ ਤੈਨੂੰ ਵੇਖ ਕੇ ਹਸਦਾ, ਮਾਹੀ ਪਲਕਾਂ ਓਹਲੇ ਵਸਦਾ
ਸਾਰੇ ਜੱਗ ਦਾ ਭੇਤ ਜਾਣੇ, ਪਰ ਅਪਣਾ ਭੇਤ ਨ ਦੱਸਦਾ
ਕੋਈ ਇਹ ਕੋਈ ਉਹ ਆਖੇ, ਇੰਞ ਜੱਗ ਰੁਲ ਜਾਂਦਾ ਏ
ਕੋਈ ਹੱਜ ਨੂੰ ਕਾਬੇ ਜਾਵੇ, ਕੋਈ ਰਗੜੇ ਮੱਥੇ ਦੀਆਂ ਲੀਕਾਂ
ਕੋਈ ਹਰਮੰਦਰ ਕੋਈ ਹਰਿਦੁਆਰ, ਕਰਦਾ ਫਿਰੇ ਉਡੀਕਾਂ
ਮੇਰਾ ਮਾਹੀ ਮਨ ਚ ਵਸਦਾ ਏ, ਪਰ ਜੱਗ ਭੁੱਲ ਜਾਂਦਾ ਏ
ਸੱਜਣਾ; ਤੈਨੂੰ ਕੋਈ ਨ ਜਾਣੇ, ਤੂੰ ਕਿੱਥੇ ਪਿਆ ਵਸਦਾ
ਵਸਦਾ ਅੰਦਰ ਖੋਜਣ ਮੰਦਰ, ਵੇਖ ਵੇਖ ਉਹ ਹਸਦਾ
ਫਸ ਧਰਮਾਂ ਧਾਮਾਂ ਦੇ ਧੰਦੇ, ਤੇਰਾ ਰਾਹ ਭੁੱਲ ਜਾਂਦਾ ਏ
ਧਰਮਾਂ ਧਾਮਾਂ ਚ ਉਹ ਫਸਦਾ, ਜਿਹਦੇ ਮਨ ਚ ਭਰਮ

ਭਰਮ ਭਾਉ ਖੁਦੀ ਚ ਫਸ ਕੇ, ਲੋਕਾਂ ਬਣਾ ਲਏ ਧਰਮ
ਕਰਮ ਧਰਮ ਸਭ ਦੁਨੀਆਂਬਾਜ਼ੀ, ਰੱਬ ਚਿੱਤ ਚੋਂ ਬਿਆਉਂਦਾ ਏ
ਜੇ ਤੂੰ ਰੱਬ ਨੂੰ ਮਨਾਉਣਾ, ਪਹਿਲਾਂ ਯਾਰ ਬਣਾ ਲੈ
ਉਹਦੇ ਸੰਗ ਪਿਆਰ ਪਾ ਕੇ, ਸੁਹਣੇ ਯਾਰ ਨੂੰ ਮਨਾ ਲੈ
ਸੁਹਣੇ ਯਾਰ ਨੂੰ ਮਨਾ ਕੇ, ਸੁਹਣਾ ਰੱਬ ਮੰਨ ਜਾਂਦਾ ਏ

ਦੁਐਤ

ਦੋ ਆਂਖੋਂ ਕੀ ਦੁਐਤ ਨੇ, ਟੂਟੇ ਦਿਲ ਕੋ ਬਹਿਕਾ ਦੀਆ
ਸੋਚਨੇ ਕਾ ਵਕਤ ਹੀ ਨ ਮਿਲਾ, ਕਿ ਜ਼ਿੰਦਗੀ ਕਿਆ ਹੈ

ਭੇਜਾ ਥਾ ਤੂ ਨੇ ਜਹਾਂ ਮੇਂ, ਦੇਖਨੇ ਕੋ ਯਹਾਂ ਕਾ ਨਜ਼ਾਰਾ
ਦੋ ਆਂਖੋਂ ਕੀ ਬੇਖੁਦੀ ਮੇਂ, ਫਿਰ ਰਹਾ ਹੂੰ ਮਾਰਾ ਮਾਰਾ
ਪਤਾ ਹੀ ਨ ਚਲਾ, ਇਸ ਜਹਾਂ ਮੇਂ ਛੁਪਾ ਕਿਆ ਹੈ
ਅਪਨੀ ਮੁਹੱਬਤ ਕੇ ਲੀਏ, ਤੂ ਨੇ ਜਹਾਂ ਕੋ ਬਨਾਇਆ
ਹਰ ਜਾ ਤੂ ਹੈ ਹਰਜਾਈ, ਹਰ ਸ਼ੈ ਮੇਂ ਤੂ ਸਮਾਇਆ
ਫਸ ਗਏ ਜਹਾਂ ਮੇਂ ਯਹਾਂ, ਭੂਲ ਗਏ ਰਾਸਤਾ ਕਿਆ ਹੈ
ਮੁਝੇ ਖੁਦੀ ਮੇਂ ਫਸਾ ਕਰ, ਖੁਦ ਸੇ ਜੁਦਾ ਕਰ ਦੀਆ
ਮੇਰੀ ਮੈਂ ਨੇ ਮੁਝ ਕੋ, ਇਸ ਜਹਾਂ ਪੇ ਫਿਦਾ ਕਰ ਦੀਆ
ਬੈਂਸ ਕੋ ਅਹਿਸਾਸ ਹੀ ਨ ਹੂਆ, ਕਿ ਤੇਰੀ ਬੰਦਗੀ ਹੈ
ਮੁਝੇ ਦੋ ਆਂਖੇਂ ਦੇ ਕਰ, ਤੂ ਨੇ ਦੋ ਕੀ ਦੁਐਤ ਬਨਾਈ
ਏਕ ਕੀ ਏਕਾਂਤ ਮੇਂ, ਮੁਝੇ ਮਹਿਬੂਬ ਕੀ ਯਾਦ ਆਈ
ਦੁਐਤ ਮੇਂ ਕੋਈ ਨਹੀਂ ਪਾ ਸਕਾ, ਯਹ ਮਾਜਰਾ ਕਿਆ ਹੈ
ਜਬ ਮੈਂ ਥੀ ਤੋ ਤੂ ਨਹੀਂ ਥਾ, ਅਬ ਤੂ ਹੈ ਮੈਂ ਨਹੀਂ ਹੂੰ
ਗ਼ਲਤ ਅਲਫਾਜ਼ ਨ ਨਿਕਲੇਂ, ਤੂ ਬਤਾ ਤੁਝੇ ਕੈਸੇ ਪੁਕਾਰੂੰ
ਜਨਾਜ਼ਾ ਨਿਕਲੇ ਔਰ ਮੁਲਾਕਾਤ ਹੋ, ਬੈਂਸ ਕੀ ਦੁਆ ਹੈ

ਰੂਹ ਹਰਿ ਦਰਪਣ

ਰੂਹ ਏ ਤੇਰੇ ਮਨ ਵਿਚ ਵਸਦੀ, ਤੂੰ ਅੰਦਰ ਝਾਤੀ ਮਾਰ ਮਨਾ
ਰੂਹ ਪਰਸਣ ਹਰਿ ਦਰਪਣ, ਗੁਰ ਸੰਗਤ ਸੱਤਿ ਵਿਚਾਰ ਮਨਾ
ਰੂਹ ਬਣ ਰੱਬ ਮਨ ਚ ਵਸਦਾ, ਤੂੰ ਰੂਹ ਦਾ ਕਰ ਸਿੰਗਾਰ ਮਨਾ
ਖੋਜ ਰੱਬ ਨੂੰ ਅਪਣੇ ਮਨ ਵਿਚ, ਕਰ ਸੰਗਤ ਸੰਗ ਪਿਆਰ ਮਨਾ

ਆਪ ਮੁਹਾਰੇ ਰੂਹ ਨ ਸੁਣਦੀ, ਸੁਣਦੀ ਗੁਰ ਬਚਨ ਵਿਚਾਰ ਮਨਾ
ਸਤਿਗੁਰ ਦਾਤਾ ਪੁਰਖ ਵਿਧਾਤਾ, ਕਰ ਸਰਧਾ ਚਿੱਤ ਸਧਾਰ ਮਨਾ
ਸਤਿ ਹਰਿ ਗੁਰ ਭੇਦ ਨ ਭਾਉ, ਸਤਿਗੁਰ ਹਰਿ ਸਰਕਾਰ ਮਨਾ
ਨਾਮ ਜਪੈ ਮੋਹਿ ਨਾਮ ਜਪਾਵੈ, ਚਿੱਤ ਗੁਰ ਬਚਨ ਉਕਾਰ ਮਨਾ
ਗੁਰ ਆਖੈ ਸੋ ਕਰ ਵਖਾਵੈ, ਚਿੱਤ ਸਰਧਾ ਮਨ ਸਤਕਾਰ ਮਨਾ
ਗੁਰ ਸਤਕਾਰ ਹਰਿ ਵਿਚਾਰ, ਗੁਰ ਬਚਨ ਉਰ ਮੈ ਧਾਰ ਮਨਾ
ਗੁਰ ਕਾ ਬਚਨ ਸਤਿ ਕਰ ਮਾਨੈ, ਦਿਸੈ ਰਾਹ ਹਰਿਦੁਆਰ ਮਨਾ
ਹਰਿ ਹਰਿ ਕਰਤ ਹਰੇ ਹਰਿ ਹੋਈਐ, ਗੁਰ ਕਰਤਾ ਕਰਤਾਰ ਮਨਾ
ਗੁਰ ਭਾਵੈ ਤਾਂ ਸਬਦ ਸੁਣਾਵੈ, ਬਿਨ ਸਬਦੈ ਨਾ ਆਇ ਸਾਰ ਮਨਾ
ਸਬਦ ਧਿਆਇ ਹਰਿ ਹਰਿ ਗਾਇ, ਝੁਕ ਸਤਿਗੁਰ ਦਰਬਾਰ ਮਨਾ
ਜੋ ਸੁਣੈ ਸਤਿ ਸਤਿ ਕਰ ਜਾਣੈ, ਕਰ ਸਤਿਗੁਰ ਸੋ ਅਰਦਾਸ ਮਨਾ
ਸਤਿਗੁਰ ਬਾਝੋਂ ਰੱਬ ਨ ਮੰਨਦਾ, ਹਰਿ ਜਸ ਸਤਿਗੁਰ ਪਾਸ ਮਨਾ
ਰਸ ਆਵੈ ਹਰਿ ਹਰਿ ਧਿਆਵੈ, ਗੁਰ ਦੱਸੈ ਹਰਿ ਹਰਿ ਰਾਸ ਮਨਾ
ਸੁਣ ਮੇਰੇ ਪਾਪੀ ਪਾਖੰਡੀ ਮਨਾ, ਛਾਡ ਦੇਹ ਬਿਖਿਅਨ ਕੋ ਰੰਗ
ਨਾਮ ਧਿਅਇ ਸਤਿਗੁਰ ਸਰਣਾਇ, ਭਜੁ ਨਾਮਾ ਸੰਤਨ ਕੈ ਸੰਗ
ਸਬਦ ਕਮਾਵੈ ਹਰਿ ਰਸ ਆਵੈ, ਮਨ ਦਰਪਣ ਹੋਵੈ ਸਾਫ ਮਨਾ
ਸਾਫ ਦਰਪਣ ਦਿਸੈ ਹਰਿ ਮੂਰਤ, ਮਰ ਦੁਭਿਦਾ ਬੁਝੈ ਪਿਆਸ ਮਨਾ
ਕਰ ਗੁਰ ਸੇਵਾ ਹਰਿ ਪ੍ਰਭ ਦੇਵਾ, ਬੈਂਸ; ਬਣ ਦਾਸਨ ਕੋ ਦਾਸ ਮਨਾ
ਗੁਰ ਸਬਦ ਭਟਕਿਆ ਮਨ ਟਿਕਾਵੈ, ਹੋਇ ਸਤਿਗੁਰ ਖਾਕ ਮਨਾ
ਟਿਕਿਆ ਮਨ ਵਸ ਹੋਇ ਆਵੈ, ਸੁਣ ਗੁਰ ਬਚਨ ਬਿਲਾਸ ਮਨਾ
ਸੁਣ ਗੁਰ ਬਚਨ ਥਿਰ ਮਨ ਥੀਵੈ, ਸਤਿਗੁਰ ਕਰੈ ਸਾਬਾਸ ਮਨਾ
ਗੁਰ ਚਰਨ ਧੋਇ ਧੋਇ ਪੀਵੈ, ਗੁਰ ਅਪਿਓ ਪਿਆਵੈ ਆਪ ਮਨਾ
ਗੁਰ ਸੂਰਤ ਹਰਿ ਪ੍ਰਭ ਮੂਰਤ, ਬੈਂਸ; ਜਾਪੈ ਗੁਰ ਪ੍ਰਭ ਆਪ ਮਨਾ

ਬੇਦਰਦੀ

ਮੇਰੇ ਅੰਦਰ ਤੂੰ ਪਿਆ ਵਸਦਾ, ਮੈਨੂੰ ਜਰਾ ਨਹੀਂ ਤੂੰ ਦੱਸਦਾ
ਸਾਰਾ ਜੱਗ ਪਿਆ ਤੈਨੂੰ ਜਾਣੈ, ਮੈਨੂੰ ਪਤਾ ਸਤਾ ਨੀ ਦੱਸਦਾ
ਮੈਂ ਤੈਨੂੰ ਚੇਤੇ ਕਰਦੀ ਮਰ ਗਈ, ਰੋ ਰੋ ਹਾਰੀ ਸਜਦੇ ਕਰਦੀ
ਸਭ ਨੂੰ ਜਾਣੈ ਅਸਾਂ ਨਾ ਪਛਾਣੈ, ਕਿਹੋ ਜਿਹਾ ਏਂ ਤੂੰ ਬੇਦਰਦੀ

ਮੇਰੇ ਚਿੱਤ ਚ ਤੂੰ ਵਸ ਗਿਆ, ਛੱਡ ਬੈਠੀ ਸਗਲ ਸੰਸਾਰ ਚੰਨਾਂ

ਆ ਮਿਲ ਮੇਰੇ ਸੱਜਣ ਸੁਹੇਲੇ, ਮੇਰਾ ਤੇਰੇ ਸੰਗ ਪਿਆਰ ਚੰਨਾਂ
ਲਿਖਾਂ ਚਿੱਠੀਆਂ ਪਰਚਾ ਪਾਵਾਂ, ਲਿਖ ਕਬੂਤਰ ਦੇ ਗਲ ਪਾਵਾਂ
ਪਤਾ ਨਹੀਂ ਤੂੰ ਕਿੱਥੇ ਵਸਦਾ, ਕਿਵੇਂ ਦੱਸਾਂ ਕਬੂਤਰ ਸਿਰਨਾਵਾਂ
ਤੂੰ ਆਪੇ ਸੱਦ ਕਬੂਤਰ ਤਾਈਂ, ਉਸ ਚੋਖਾ ਪਾ ਆਹਾਰ ਚੰਨਾਂ
ਲੋਕੀ ਜਾਵਣ ਧਾਰਮਾਂ ਧਾਮਾਂ, ਘਰ ਬੈਠੀ ਮੈਂ ਨਾਮ ਧਿਆਵਾਂ
ਤੈਨੂੰ ਮਿਲਣ ਦਾ ਚਾ ਢੋਲਣਾ, ਕਿਉਂ ਨਹੀਂ ਦੱਸਦਾ ਸਿਰਨਾਵਾਂ
ਅੱਖਾਂ ਬੰਦ ਕਰ ਦਰ ਸੱਦ ਲੈ, ਨਿਭਾ ਅੱਜ ਕੌਲ ਕਰਾਰ ਚੰਨਾਂ
ਤੂੰ ਮੇਰਾ ਪ੍ਰੀਤਮ ਪਿਆਰਾ, ਸਭ ਤੋਂ ਸੁਹਣਾ ਸਭ ਤੋਂ ਨਿਆਰਾ
ਮੇਰੇ ਜਿਹੀਆਂ ਲੱਖਾਂ ਤੈਨੂੰ, ਅੱਜ ਮੇਰੀ ਸੁਣ ਲੈ ਓ ਦਿਲਦਾਰਾ
ਅਸਾਂ ਵੀ ਗਲ ਲਾ ਹੋਰਾਂ ਵਾਕਣ, ਜੋੜ ਦਿਲਾਂ ਦੀ ਤਾਰ ਚੰਨਾਂ
ਮਿੰਨਤਾਂ ਕਰਾਂ ਸਖੀਆਂ ਤਾਈਂ, ਕਿਤ ਬਿਧ ਮਾਹੀ ਕੂ ਉਰਝਾਹੀਂ
ਸੁਣ ਲਓ ਦਰਮੰਦਾਂ ਦੀ ਆਹੀਂ, ਮਨ ਤਨ ਦੇਸਾਂ ਜੇ ਸਮਝਾਹੀਂ
ਮਨ ਨੀਵਾਂ ਛੱਡ ਮਾਣ ਤਾਣ, ਪਾ ਨਿਮਾਣੇ ਸੰਗ ਪਿਆਰ ਚੰਨਾਂ
ਤੂੰ ਮੇਰਾ ਸਖਾ ਸਹੇਰੀ ਸਾਈਂ, ਕੇਵਲ ਤੁਮ ਸੰਗ ਪ੍ਰੀਤ ਬਣਾਈ
ਤੈਨੂੰ ਭਾਲਣ ਦਰ ਦਰ ਜਾਵਾਂ, ਕਿਉਂ ਤੂੰ ਛੁਪਿਆ ਬੈਠਾ ਮਾਹੀ
ਦਰਦਮੰਦਾਂ ਦੀ ਸੁਣਦਾ ਆਹੀ, ਨਿਭਾ ਹੁਣ ਕੌਲ ਕਰਾਰ ਚੰਨਾਂ
ਸੁਣ ਮੇਰੇ ਮਾਹੀ ਮੈਂ ਤੇਰੀ ਆਹੀ, ਫਿਰਦੀ ਭਾਲਾਂ ਜੰਗਲ ਬੇਲੇ
ਹਰ ਦਿਲ ਹਰ ਜਾਈ ਤੂੰ ਏਂ, ਪਸੂ ਪੰਛੀ ਜਨ ਸਭ ਸੱਪ ਬਘੇਲੇ
ਬੈਂਸ ਨਿਮਾਣੇ ਨੂੰ ਬਹਿਕਾ ਦੇ, ਤੈਨੂੰ ਕਰਦਾ ਜਾਵੇ ਪਿਆਰ ਚੰਨਾਂ
ਖੁਦੀ ਮਿਟਾ ਕੇ ਮਨ ਟਿਕਾਓ, ਭਟਕਿਆ ਹੋਇਆ ਮਨ ਸਮਝਾਓ
ਸਾਡਾ ਮਨ ਅਪਣੇ ਸੰਗ ਲਾ ਕੇ, ਰਸਕ ਰਸਕ ਅਮਿਓ ਪਿਆਓ
ਜੰਮਣ ਮਰਨ ਚਰਾਸੀ ਮੁੱਕੇ, ਕਰ ਬੈਂਸ ਦਾ ਬੇੜਾ ਪਾਰ ਚੰਨਾਂ

ਖੁਦਾ ਦੀ ਖੁਦਾਈ

ਫੂਕ ਮਾਰ ਹਵਾ ਚਲਾ ਕੇ, ਹਵਾ ਚੋਂ ਪਾਣੀ ਵੰਡੇ
ਪਾਣੀ ਚੋਂ ਜਿੰਦ ਜਾਨ ਬਣਾਈ, ਵਿਚੋਂ ਸਾਜੇ ਬੰਦੇ
ਸੂਰਜ ਚੰਦ ਤਾਰੇ ਸਾਜੇ, ਸਭ ਤੇਰੇ ਖੁਦਗਰਜ਼ ਧੰਦੇ
ਸੂਰਜ ਜੱਗ ਰੋਸ਼ਨ ਕਰਦਾ, ਚੰਦ ਸੀਤ ਚਾਨਣੀ ਵੰਡੇ

ਅਪਣੀ ਖੁਸ਼ੀ ਲਈ, ਸਾਰੀ ਦੁਨੀਆਂ ਬਣਾਈ ਤੂੰ
ਭਲਾ ਮੈਂ ਕੀ ਜਾਣਾ ਰੱਬਾ, ਤੇਰੀ ਖੁਦਾਈ ਨੂੰ

ਪਹਿਲਾਂ ਗੁਰੂ ਨੂੰ ਧਿਆ, ਤੂੰ ਖੁਦ ਨੂੰ ਬਣਾਇਆ
ਖੁਦ ਨੂੰ ਬਣਾ ਕੇ, ਫਿਰ ਜੱਗ ਨੂੰ ਸਜਾਇਆ
ਤਰ੍ਹਾਂ ਤਰ੍ਹਾਂ ਬੀਜ ਬੀਜ, ਦੁਨੀਆਂ ਸਜਾਈ ਤੂੰ
ਇਕ ਵਾਰ ਆਖ, ਸਾਰਾ ਜੱਗ ਸਾਜ ਦਿੱਤਾ
ਜੰਮਣ ਤੋਂ ਪਹਿਲਾਂ, ਖਾਣ ਪਾਣ ਨਾਲ ਦਿੱਤਾ
ਮੇਰਾ ਦਿਲ ਨਿੱਤ ਪੁੱਛੇ, ਕਿਵੇਂ ਪਾਉਣਾ ਮਾਹੀ ਨੂੰ
ਗੁਰੂ ਬਾਝੋਂ ਕਿਸੇ ਨ ਪਾਇਆ, ਵੇਖ ਲਿਓ ਅਜਮਾ ਕੇ
ਮੀਰ ਪੀਰ ਦੁਨੀਆਂ ਦੇ ਧੰਦੇ, ਕਰਦੇ ਝੂਠੇ ਦਾਵੇ
ਬੈਂਸ ਨਿੱਤ ਕਲਮਾਂ ਵਾਹੇ, ਲਾ ਕਾਗਜ਼ ਸਿਆਹੀ ਨੂੰ
ਮੇਰਾ ਦਿਲ ਘਬਰਾਈ ਜਾਵੇ, ਮੈਨੂੰ ਨੀਂਦ ਨਾ ਆਵੇ
ਤੈਨੂੰ ਚੇਤੇ ਕਰੀ ਜਾਵਾਂ, ਮੈਨੂੰ ਲੱਗ ਗਏ ਹਾਵੇ
ਤੈਨੂੰ ਕਿਵੇਂ ਮਿਲੇ ਬੈਂਸ, ਫਿਰੇ ਪਾਉਂਦਾ ਦੁਹਾਈ ਨੂੰ
ਤੈਨੂੰ ਭਾਲਾਂ ਚਾਰੇ ਵੰਨੇ, ਕੋਈ ਲੱਭਦਾ ਨ ਚਾਰਾ
ਕਿਵੇਂ ਯਾਰ ਨੂੰ ਮਨਾਵਾਂ, ਬੈਂਸ ਫਿਰੇ ਮਾਰਾ ਮਾਰਾ
ਬੈਂਸ ਕਰੇ ਤੈਨੂੰ ਚੇਤੇ, ਪਿਆਰ ਮੰਗਦਾ ਰਿਹਾਈ ਨੂੰ

ਦੁੱਧ ਚ ਦੁੱਧ

ਬਹੁ ਬਿਧ ਪੌਣ ਵਗੈ ਇਕ ਹੋਵੈ, ਦੁੱਧ ਵਿਚ ਦੁੱਧ ਮਿਲੈ ਦੁੱਧ ਹੋਵੈ
ਨੀਰ ਸ਼ੀਰ ਮਿਲ ਦੁੱਧ ਸਮੋਵੈ, ਅਪਣਾ ਆਪ ਖੋਇ ਮਨ ਸਾਫ ਹੋਵੈ
ਜਲ ਜਲਿ ਧੋਇ ਬਦਨ ਸੁੱਧ ਹੋਵੈ, ਮੈਲੇ ਕੱਪੜੇ ਲਾਇ ਸਾਬੁਣ ਧੋਵੈ
ਮਨ ਸੋਧਣ ਗਰੜ ਗੁਰ ਹੋਵੈ, ਮਨ ਕਸੁੱਧ ਕਰਮ ਧਰਮ ਨ ਧੋਵੈ
ਸਤਿਗੁਰ ਮਨ ਸੁੱਧ ਕਸਵੱਟੀ ਹੋਵੈ, ਦੁੱਧ ਵਲੋਵੈ ਵੱਥ ਆਇ ਖਲੋਵੈ
ਨੀਰ ਵਲੋਵੈ ਵੱਥ ਨ ਹੋਵੈ, ਭੁਯੰਗ ਮਲਿਆਗਰ ਵਿਸ ਨਹਿ ਭਲੋਵੈ
ਸੰਗਤ ਤੈਸੀ ਸੋਭਤ ਹੋਵੈ, ਮਲਿਆਗਰ ਨਿਕਟ ਰਿੰਡ ਵਾਸ ਵਸੋਵੈ
ਸਤਿਗੁਰ ਸਰਣ ਸਾਧ ਸੰਗ ਹੋਵੈ, ਹਰਿ ਮਨ ਮਾਹਿ ਆਇ ਵਸੋਵੈ
ਚੰਦਨ ਰੁੱਖ ਸੰਗ ਸੱਪ ਵਿਸ ਨਹ ਖੋਵੈ, ਪਾਹਣ ਨੀਰ ਨ ਗਿੱਲਾ ਹੋਵੈ
ਮਨਮੁਖ ਚਿੱਤ ਹਰਿ ਨਾਮ ਨ ਭੋਵੈ, ਸਤਿਗੁਰ ਚਰਨ ਸਾਧ ਜਨ ਧੋਵੈ
ਸਤਿਗੁਰ ਹਰਿ ਮਲਿਆਗਰ ਹੋਵੈ, ਸਤਿਗੁਰ ਸੇਵਕ ਵਾਸ ਪਰੋਵੈ
ਸਾਕਤ ਸਤਿਗੁਰ ਚਿੱਤ ਨ ਮੋਹਵੈ, ਸਤਿਗੁਰ ਸੇਵਣ ਗੁਰਮੁਖ ਹੋਵੈ
ਜਬ ਕੁਝ ਨ ਸਾ ਹਰਿ ਪ੍ਰਭ ਹੋਵੈ, ਬਾਝ ਗੁਰੂ ਪ੍ਰਭ ਪਰਗਟ ਨ ਹੋਵੈ

ਗੁਰ ਸੇਵੈ ਹਰਿ ਹਰਿ ਪ੍ਰਭ ਹੋਵੈ, ਸਤਿਗੁਰ ਹਰਿ ਪ੍ਰਭ ਸੰਗ ਖਲੋਵੈ
ਗੁਰ ਬਾਝੋਂ ਹਰਿ ਪਰਗਟ ਨ ਹੋਵੈ, ਮਨ ਤਨ ਸੌਂਪ ਖੁਦ ਜ਼ਾਹਰ ਹੋਵੈ
ਭਾਇ ਭਾਵਨੀ ਸੇਵਕ ਸਨਮੁਖ ਹੋਵੈ, ਸਨਮੁਖ ਹਰਿ ਹਰਿ ਚਿੱਤ ਪਰੋਵੈ
ਸਤਿਗੁਰ ਚਰਨ ਸਰਨ ਚਿੱਤ ਹੋਵੈ, ਨਾਮ ਧਿਆਇ ਬੈਂਸ ਹਰਿ ਹੋਵੈ
ਸਤਿਗੁਰ ਦਾਤਾ ਹਰਿ ਨਾਮਾ ਹੋਵੈ, ਸਤਿਗੁਰ ਸੰਗਤ ਦੁਬਿਧਾ ਮਨ ਖੋਵੈ
ਸਾਧ ਸੰਗਤ ਮਹਿ ਸਤਿਗੁਰ ਹੋਵੈ, ਨਾਮ ਜਪਤੁ ਹਰਿ ਮਾਹਿ ਸਮੋਵੈ
ਹਰਿ ਸਤਿਗੁਰ ਇਕੋ ਇਕ ਹੋਵੈ, ਸਤਿਗੁਰ ਸਰਨ ਚਰਣ ਮਨ ਧੋਵੈ
ਤੀਰਥ ਨ੍ਹਾਵੈ ਨਹਿ ਮਨ ਠਹਿਰੋਵੈ, ਜੇ ਕਰ ਚਿੱਤ ਵਸਾਹ ਨਾ ਹੋਵੈ
ਨ੍ਹਾਤੇ ਧੋਤੇ ਮਨ ਸਾਫ ਨ ਹੋਵੈ, ਤਹਿ ਡੱਡੂ ਕੱਛੂ ਨਿੱਤ ਵਾਸ ਵਸੋਵੈ
ਹਰਿ ਭਜੁ ਪਾਰ ਉਤਾਰਾ ਹੋਵੈ, ਸਤਿਗੁਰ ਹਰਿ ਪ੍ਰਭ ਦਿਸ ਦਿਸੋਵੈ
ਪਾਠ ਪੜ੍ਹੇ ਚਿੱਤ ਥਾਇ ਖਲੋਵੈ, ਇਤ ਵਿਧੈ ਚਿੱਤ ਹਰੇ ਹਰਿ ਹੋਵੈ
ਸਤਿਗੁਰ ਗੁਰ ਹਰਿ ਪ੍ਰਭ ਹੋਵੈ, ਸਤਿਗੁਰ ਪਾਸ ਗਿਆਨ ਬੁੱਧ ਹੋਵੈ
ਸਤਿਗੁਰ ਗਿਆਨ ਝਲਕਦਾ ਹੋਵੈ, ਇਤ ਵਿਧ ਸੇਵਕ ਚਾਨਣ ਹੋਵੈ
ਹੀਰੇ ਝਲਕ ਦਸੈ ਦਿਸ ਮੋਹਵੈ, ਹਠੀਲਾ ਪਾਹਣ ਹੀਰਾ ਹੋਇ ਖਲੋਵੈ
ਬੈਂਸ ਜੇ ਮਸਾਲ ਮਚਦੀ ਨ ਹੋਵੈ, ਬਾਝ ਚਾਨਣੀ ਨਹਿ ਚਾਨਣ ਹੋਵੈ
ਸਤਿਗੁਰ ਸੰਗਤ ਸੇਵਣ ਹੋਵੈ, ਫਿਰ ਹਰਿ ਹਰਿ ਰਿਦ ਮਾਹਿ ਬਲੋਵੈ
ਸਤਿਗੁਰ ਬਚਨ ਗੁਰ ਪਾਰਸ ਹੋਵੈ, ਹਰਿ ਹਰਿ ਕਰਤ ਹਰੇ ਹਰਿ ਹੋਵੈ

ਗੁਰ ਹਰਿ

ਗੁਰ ਪਵਿਤ ਹਰਿ ਪ੍ਰਭੂ, ਜਿਉਂ ਮਲਿਆਗਰ ਵਾਸ
ਹੀਰਾ ਜਿਉਂ ਚਾਨਣ ਕਰੈ, ਤਿਉਂ ਸਤਿਗੁਰ ਪਰਗਾਸ
ਹਰਿ ਸਤਿਗੁਰ ਜਨ ਨੇਹਾ, ਜਿਉਂ ਮਿਰਤਕ ਕੂ ਸਾਸ
ਨੀਰ ਸ਼ੀਰ ਸੰਗ ਜਾ ਮਿਲੈ, ਹੋਇ ਜਾਵੇ ਆਪ ਵਿਣਾਸ
ਅਪਣਾ ਰੰਗ ਬਦਲਾਇਸੀ, ਮਨ ਤੈਸੋ ਵਣਜ ਕਮਾਸ
ਹਰਿ ਹਰਿ ਤੇਰਾ ਨਾਮ ਹਰਿ, ਹਰ ਜੀ ਜੰਤ ਵਿਚ ਵਾਸ
ਹਰਿ ਹੀਰਾ ਗੁਰ ਚਾਨਣਾ, ਹਰਿ ਸਤਿਗੁਰ ਕਰੈ ਪਰਗਾਸ
ਬਿਨ ਗੁਰ ਭੇਦ ਨ ਪਾਇਓ, ਸਭ ਦੇਖਿ ਲਿਓ ਨਿਰਜਾਸ
ਸਤਿਗੁਰੂ ਹਰਿ ਧਿਆਇ ਕੈ, ਹਰਿ ਹੋਇ ਆਇ ਪ੍ਰਗਟਾਸ
ਹਰਿ ਤਬ ਜਗਤ ਬਣਾਇਆ, ਸਤਿਗੁਰ ਕੈ ਪਰਤਾਪ
ਹਰਿ ਅੰਦਰ ਛੁਪ ਗਿਆ, ਹਰਿ ਤਾਲਾ ਲਾਇਆ ਆਪ
ਅਵਰ ਕੋਇ ਨ ਖੋਲ੍ਹ ਸਕੈ, ਹਰਿ ਕੁੰਜੀ ਸਤਿਗੁਰ ਪਾਸ

ਗੁਰ ਸਤਿਗੁਰ ਹਰਿ ਪਰਜਾਤ, ਫਲ ਬਾਰਾਂ ਮਾਸ ਫਲਾਤ
ਗਊ ਕਾਮਧੇਨ ਵਸ ਸਤਿਗੁਰੈ, ਦੁੱਧ ਵਥ ਘਟੈ ਨਾ ਘਾਟ
ਗੁਰ ਪਾਰਸ ਹਰਿ ਕੁੰਦਨੈ, ਲੋਹ ਕੁੰਦਨ ਬਣ ਆਵੈ ਘਾਸ
ਮਛਲੀ ਨੀਰ ਨਹਿ ਛੋਡੀਐ, ਤੇਹ ਬਾਝ ਨੀਰ ਮਰ ਜਾਸੁ
ਕੁਰੰਗ ਨਾਦ ਇਤ ਬੇਧਿਆ,ਬਧਿਕ ਕਾਣੁ ਖਾ ਮਰ ਜਾਸ
ਸਾਰਸ ਸੰਗ ਨ ਛੋਡੀਐ, ਸੰਗ ਟੁੱਟ ਜਾਵੈ ਹੋਇ ਵਿਣਾਸ
ਚਕਵੀ ਨੀਂਦਰ ਨਹਿ ਪਵੈ, ਦਿਨੇਸ਼ ਨੇਹੁ ਤੜਪਾਵੈ ਤਾਸੁ
ਚਕੋਰ ਚੰਦ ਪਰਮ ਪ੍ਰੀਤ ਹੈ, ਭਰੈ ਉੜਾਨਾ ਸਾਰੀ ਰਾਤ
ਮਿਟਣ ਨਾ ਮੱਥੇ ਲਿੱਖੀਆਂ, ਹਰਿ ਲਿਖੈ ਸੁ ਕਰਮ ਕਮਾਤ
ਤੋਹਿ ਹਿਸਾਬ ਤੁਝ ਮੈਂ ਲਿਖੈ, ਸਭ ਦੇਖੈ ਛੁਪਿਆ ਆਪ
ਚਾਤ੍ਰਿਕ ਮੇਘ ਕੁਰਲਾਇੰਦਾ, ਮੀਂਹ ਆਵੈ ਘਰ ਵੜ ਜਾਸ
ਇਕ ਬੂੰਦ ਮੁੱਖ ਨਾਹਿ ਪਵੈ, ਮਿਲੈ ਸੋ ਕਿਰਤ ਕਮਾਤ
ਲਿਖਿਆ ਬੈਂਸ ਸੋ ਪਾਵਣਾ, ਪ੍ਰਭ ਲਿਖਿਆ ਸੱਚ ਭਾਖੁ
ਹਰਿ ਹਰਿ ਨਾਮ ਧਿਆਇ ਮਨ, ਸਤਿਗੁਰ ਕੈ ਪਰਤਾਪੁ
ਸਤਿਗੁਰ ਨੇਹ ਹਰਿ ਪਿਆਰ, ਸਤਿਗੁਰ ਮਹਿ ਹਰਿ ਵਾਸੁ
ਗੁਰ ਹਰਿ ਹਰਿ ਸਤਿਗੁਰੂ, ਚਿੱਤ ਸਤਿਗੁਰ ਸਬਦ ਬਸਾਸ

ਦੁਨੀਆਂ ਵੇਖਣ ਜਾ

ਏਸ ਲਈ ਤੈਨੂੰ ਜੱਗ ਘੱਲਿਆ, ਬੰਦਿਆ; ਦੁਨੀਆਂ ਵੇਖਣ ਜਾ
ਜੋ ਖੱਟੈਂ ਸਭ ਸੰਗ ਲੈ ਆਵੀਂ, ਮੈਨੂੰ ਸਭ ਕੁਝ ਆਣ ਵਖਾ

ਨਿੰਦਾ ਚਿੰਦਾ ਮਨ ਵਿਚ ਨਾ ਹੋੜ, ਤੈਨੂੰ ਦੱਸਣ ਦੀ ਨਹੀਂ ਲੋੜ
ਪਰਾਈ ਕਮਾਈ ਨਿੱਤ ਜਾਵੈਂ ਚੁਰਾਈ, ਦੱਸ ਕਿਵੇਂ ਸਕੈਂਗਾ ਮੋੜ
ਕਿਉਂਕਿ; ਰੱਬ ਤੇਰੇ ਵਿਚ ਵਸਦਾ, ਉਹ ਤੋਂ ਕੁਝ ਨ ਸਕੈਂ ਛੁਪਾ
ਜਗਤ ਕਿਰਤ ਦੀ ਛਾਣ ਬੀਣ ਲਈ, ਰੱਬ ਤੈਨੂੰ ਘੱਲਿਆ ਜੱਗ
ਸਿੱਖ ਨੇਕ ਪੜ੍ਹਾਈ ਕਰ ਨੇਕ ਕਮਾਈ, ਅੰਤ ਲੈਣਾ ਤੈਨੂੰ ਸੱਦ
ਚੌਥੀ ਮੰਜ਼ਿਲ ਚੜ੍ਹਨਾ ਬੜਾ ਔਖਾ, ਗੁਰੂ ਦੱਸੈ ਚੜ੍ਹਨ ਦਾ ਰਾਹ
ਪੜ੍ਹਨ ਕੜ੍ਹਨ ਦੇ ਦੋ ਰਾਹ, ਇਕ ਦੁਨਿਆਵੀ ਦੂਜਾ ਰੱਬ ਰਬਾਬੀ
ਪਾਧਾ ਜੱਗ ਦੀ ਪੜ੍ਹਤ ਪੜ੍ਹਾਵੈ, ਜੱਗ ਚਲਾਉਣ ਨੂੰ ਬਣੈ ਹਿਸਾਬੀ
ਜਿਹੀ ਸਿੱਖਿ ਤਿਹਾ ਕਰਮ ਕਮਾਵੈ, ਤਿਹੀ ਮਾਇਆ ਲਵੈ ਕਮਾ
ਜਿਹੀ ਸਮਝ ਤਿਹਾ ਸਮਝਾਵੈ, ਜਿਹੀ ਕਿਰਤ ਤਿਹਾ ਫਲ ਪਾਵੈ

ਖੁਦ ਕੂ ਸੂਝ ਬੂਝ ਨਾ ਕਾਈ, ਪਰ ਸਰੋਤਿਆਂ ਕੂ ਬਹੁ ਸਮਝਾਵੈ
ਇਹੋ ਦਸ਼ਾ ਸੰਤ ਕਥਾਕਾਰ ਦੀ, ਪਰ ਡਾਢੀ ਮਾਇਆ ਲੈਣ ਕਮਾ
ਗਿਆਨੀ ਮੁੱਲਾਂ ਪੜ੍ਹਨ ਸਟੀਕਾਂ, ਹੰਭ ਜਾਣ ਉਹ ਲਾ ਲਾ ਲੀਕਾਂ
ਕਥਾ ਕਹਾਣੀ ਗੁਰਦੁਆਰੇ ਰੀਤਾਂ, ਮਾਰਨ ਝੱਖ ਇਮਾਮ ਮਸੀਤਾਂ
ਇਕ ਕੰਨੋਂ ਸੁਣ ਦੂਜੇ ਚੋਂ ਕੱਢਣ, ਬੈਂਸ; ਤੇਰੇ ਪੱਲੇ ਸਕਣ ਨ ਪਾ
ਦੂਜੀ ਪੜ੍ਹਤ ਜੋ ਗੁਰੂ ਪੜ੍ਹਾਵੈ, ਰੱਬ ਮਿਲਣ ਦਾ ਰਾਹ ਸਿਖਾਵੈ
ਪਾਧਾ ਪੜ੍ਹਦਾ ਵੇਦ ਕਤੇਬਾਂ, ਪਰ ਇਹ ਪੜ੍ਹਤ ਸਿੱਖਿ ਨ ਪਾਵੈ
ਰੱਬ ਗੁਰੂ ਵਿਚ ਰੱਖ ਵਚੋਲਾ, ਖੁਦ ਉਹਦੇ ਵਿਚ ਗਿਆ ਸਮਾ
ਆਪ ਜਪੈ ਮੋਹਿ ਨਾਮ ਜਪਾਵੈ, ਜਾਗ ਇਸ਼ਕ ਦਾ ਚਿੱਤ ਕੂ ਲਾਵੈ
ਹੀਰੇ ਕੂ ਹੀਰਾ ਜਿਉਂ ਬੇਧੈ, ਤਿਉਂ ਸਤਿਗੁਰ ਚਿੱਤ ਨਾਮ ਵਸਾਵੈ
ਗੁਰੂ ਬਾਝੋਂ ਰੱਬ ਨੀ ਮਿਲਦਾ, ਬੈਂਸ; ਗੁਰ ਚਰਣੀ ਸੀਸ ਝੁਕਾ
ਗੁਰ ਸਤਿਗੁਰ ਹਰਿ ਕੇ ਯਾਰ, ਕਰ ਸਤਿਗੁਰ ਸੰਗ ਪਿਆਰ
ਹਰਿ ਧਿਆਇ ਗੁਰ ਸਰਣਾਇ, ਨਾਮ ਭਜਣ ਈ ਗੁਰੂ ਪਿਆਰ
ਗੁਰ ਗੁਰ ਹਰਿ ਹਰਿ ਜਪੁ ਬੈਂਸ, ਮਿਲ ਜਾਵੈ ਗੁਰ ਹਰਿ ਰਾਹ
ਗੁਰ ਹਰਿ ਇਕ ਕਰ ਜਾਣ, ਕਰਿ ਸਤਿਗੁਰ ਸੰਗ ਪਿਆਰ
ਜਿਨ ਸਤਿਗੁਰ ਹਰਿ ਸੇਵਿਆ, ਸੋਈ ਜਨ ਉਤਰਿਆ ਪਾਰ
ਜੋ ਖਟੈਂ ਸੋਈ ਫਲ ਪਾਵੈਂ, ਬੈਂਸ; ਨਾ ਹਵਾਈ ਕਿਲੇ ਬਣਾ

ਮਦੀਨੇ ਵੱਲ

ਕੰਮਲੀ ਵਾਲਿਆ ਦਿਲਦਾਰਾ, ਅੱਜ ਮਦੀਨੇ ਜਾਣ ਨੂੰ ਦਿਲ ਕਰਦਾ
ਲੱਗ ਆਵਾਂ ਪਿੱਛੇ ਮੈਂ ਹਾਜੀਆਂ ਦੇ, ਬਣ ਕੇ ਭਿਖਾਰੀ ਉਸ ਦਰ ਦਾ

ਮੈਂ ਪੁੱਛਾ ਜਾਂਦੇ ਹਾਜੀਆਂ ਨੂੰ, ਮੇਰਾ ਮਾਹੀ ਕਿੱਥੇ ਵਸਦਾ ਏ
ਦੁਨੀਆਂ ਨੂੰ ਨਿੱਤ ਬੁਲਾਉਂਦਾ ਏ, ਰਾਹ ਉਨ੍ਹਾਂ ਨੂੰ ਦੱਸਦਾ ਏ
ਮੈਨੂੰ ਸੱਦ ਲੈ ਨਾਲ ਫਕੀਰਾਂ ਦੇ, ਦਰ ਆਵਾਂ ਸਜਦੇ ਕਰਦਾ
ਨਿੱਤ ਹਾਜੀ ਮੈਨੂੰ ਆਖਦੇ ਨੇ, ਆ ਲੱਗ ਚੱਲ ਅੱਜ ਮਦੀਨੇ ਨੂੰ
ਅਸਾਂ ਚਿੱਤ ਜਾਣ ਦੀ ਧਾਰੀ ਏ, ਅੱਜ ਲੈ ਚੱਲੋ ਸੰਗ ਨਬੀਨੇ ਨੂੰ
ਸੂਝ ਨਹੀਂ ਕੋਈ ਬੂਝ ਨਹੀਂ, ਪਰ ਭਿਖਾਰੀ ਹਾਂ ਤੇਰੇ ਦਰ ਦਾ
ਮੋਮਨ ਨਿੱਤ ਆਖਣ ਮੈਨੂੰ, ਕਿ ਮਦੀਨੇ ਵਿਚ ਤੂੰ ਵਸਦਾ ਏਂ
ਪੈਰ ਘਿਸਾ ਸਭ ਮੁੜ ਆਉਂਦੇ, ਨਹੀਂ ਸਾਰ ਕਿਸੇ ਨੂੰ ਦੱਸਦਾ ਏਂ
ਤੂੰ ਮਿਲਦਾ ਹਿਜਰ ਦੇ ਮਾਰਿਆਂ ਨੂੰ, ਨਹੀਂ ਡੁੱਬਿਆ ਪਾਰ ਉਤਰਦਾ

ਤੂੰ ਜੱਗ ਤੋਂ ਛੁਪਿਆ ਰਹਿੰਦਾ ਏਂ, ਲੋਕੀਂ ਭਾਲਣ ਜਾਨ ਮਦੀਨੇ ਨੂੰ
ਜੋ ਮਨ ਤਨ ਦੀ ਬਾਜ਼ੀ ਹਾਰ ਜਾਵੇ, ਮੁੜ ਦੱਸੇਂ ਰਾਹ ਨਬੀਨੇ ਨੂੰ
ਮਰ ਕੇ ਹੀ ਜੱਨਤ ਮਿਲਦੀ ਏ, ਪਰ ਬੈਂਸ ਮਰਨ ਤੋਂ ਡਰਦਾ
ਪੜ੍ਹਨ ਨਮਾਜ਼ਾਂ ਤੀਰਥ ਨ੍ਹਾਉਣਾ, ਸਭ ਧਰਮਾਂ ਦੀਆਂ ਰੀਤਾਂ
ਕੋਈ ਸਜਦੇ ਕਰਦਾ ਪੱਥਰਾਂ ਨੂੰ, ਸਭ ਝੂਠੀਆਂ ਜਗਤ ਪ੍ਰੀਤਾਂ
ਤੂੰ ਜਿਹਦੇ ਚਿੱਤ ਚ ਵਸ ਜਾਵੇਂ, ਉਹ ਤੂੰ ਹੀ ਤੂੰ ਹੀ ਕਰਦਾ
ਪਾਠ ਪੜ੍ਹਣ ਕੋਈ ਪੜ੍ਹੈ ਕਤੇਬਾਂ, ਰੱਬ ਮਿਲਣ ਦੇ ਕਰਨ ਬਹਾਨੇ
ਜ਼ਖਮ ਇਸ਼ਕ ਦਾ ਇੰਞ ਚਮਕੇ, ਜਿਵੇਂ ਨਿਕਲੇ ਖੜਗ ਮਿਆਨੇ
ਜਿਉਂਦੇ ਮਰਨਾ ਸਿੱਖ ਯਾਰ ਤੋਂ, ਬਣ ਜਾ ਸਵਰਨ ਉਸ ਦਰ ਦਾ
ਰਾਮ ਨਾਮ ਹੈ ਰਾਸ ਸਨਮ ਦੀ, ਜੋ ਸੱਖਣੇ ਯਾਰ ਤੋਂ ਮਿਲਦੀ
ਪਿਆਰ ਯਾਰ ਦਾ ਚਿੱਤ ਵਸਾ, ਮੁੜ ਗੁੰਝਲ ਖੁਲ੍ਹੇ ਦਿਲ ਦੀ
ਬੈਂਸ; ਇਸ਼ਕ ਯਾਰ ਵਿਚ ਮਰਨਾ ਪੈਂਦਾ, ਜੋ ਮਰਦਾ ਸੋ ਤਰਦਾ

ਗੁਰ ਸਤਿਗੁਰ

ਗੁਰ ਸਤਿਗੁਰ ਉਹ ਸ਼ਕਤੀ ਏ, ਜੋ ਪਹਿਲਾਂ ਰੱਬ ਧਿਆਈ ਏ
ਗੁਰੂ ਧਿਆਇ ਆਪ ਸਜਾਇ, ਫਿਰ ਦੁਨੀਆਂ ਰੱਬ ਰਚਾਈ ਏ

ਗੁਰੂ ਧਿਆਇ ਹਰਿ ਹਰਿ ਗਾਇ, ਰੱਬ ਹੋਂਦ ਵਿਚ ਆਇਆ
ਜ਼ਾਹਰ ਹੋ ਰੱਬ ਚਾਨਣ ਕੀਤੋ, ਪਰ ਖੁਦ ਤਨਹਾਈ ਪਾਇਆ
ਰੱਬ ਮੁਰਸ਼ਦ ਪਿਆਰ ਦਾ ਭੁੱਖਾ, ਮਿਲਣ ਦੀ ਰੀਤ ਬਣਾਈ ਏ
ਸਭ ਤੋਂ ਪਲਿਹਾਂ ਰੱਬ ਆਪ ਥਾਪ, ਬੈਠਾ ਸੀ ਘੁੱਪ ਹਨੇਰੇ ਵਿਚ
ਬਾਵਨ ਜੁਗ ਹਨੇਰਾ ਸੀ, ਛੁਪ ਰਿਹਾ ਦੁਐਤ ਦੇ ਝੇੜੇ ਵਿਚ
ਗੁਰੂ ਧਿਆ ਆਪ ਪਰਗਟਾ, ਫਿਰ ਉਸ ਹਵਾ ਚਲਾਈ ਏ
ਗੁਰੂ ਧਿਆਇ ਚਾਨਣ ਹੋਇਆ, ਰੱਬ ਪਿਆਰ ਨੇ ਮੋਹਿਆ
ਇਕ ਇਕੱਲਾ ਦੋ ਗਿਆਰਾਂ, ਸੰਗ ਗੁਰੂ ਖੁਦ ਜ਼ਾਹਰ ਹੋਇਆ
ਬਾਵਨ ਜੁਗ ਬੈਠ ਇਕੱਲੇ, ਪਿਆਰ ਦੀ ਤਾਂਘ ਜਗਾਈ ਏ
ਗੁਰੂ ਅਰਾਧੇ ਸਤਿਗੁਰ ਸਾਧੇ, ਚਿੱਤ ਲਾ ਕਰ ਪੱਕੇ ਇਰਾਦੇ
ਗੁਰੂ ਗੁਰ ਗੁਰੂ ਗੁਰ ਕਰ, ਮੁੱਕ ਗਏ ਸਭ ਹਿਜਰ ਤਗਾਦੇ
ਸੇਵ ਕਮਾਏ ਚਿੱਤ ਚਰਨੀ ਲਾਇ, ਰਚਨਾ ਜੱਗ ਰਚਾਈ ਏ
ਹਵਾ ਤੋਂ ਫਿਰ ਬਣਿਆ ਪਾਣੀ, ਪਾਣੀ ਰਚੀ ਜਗਤ ਕਹਾਣੀ
ਪਾਣੀ ਮਿੱਟੀ ਵਿਚ ਮਿਲਾ, ਵਾਓ ਜਾਗ ਲਾ ਜਿੰਦ ਰਚੀ ਪ੍ਰਾਣੀ

ਖੰਡ ਖੰਡ ਕੀਤੋ ਬ੍ਰਹਮੰਡ, ਵਖਰੀ ਅਕਲ ਸ਼ਕਲ ਬਣਾਈ ਏ
ਜੱਗ ਰਚਾਇ ਗੁਰੂ ਸਜਾਇ, ਰੱਬ ਮਿਲਣ ਦਾ ਸਾਜ਼ ਬਣਾਇ
ਵਿਰਲੇ ਕੂ ਪ੍ਰਭ ਮੁੰਹ ਵਖਾਵੈ, ਸਤਿਗੁਰ ਵਿਚ ਵਚੋਲਾ ਪਾਇਆ
ਸਤਿਗੁਰ ਬਾਝੋਂ ਰੱਬ ਨ ਮੰਨੇਂ, ਰੱਬ ਸਾਂਝੀ ਸ਼ਰਤ ਬਣਾਈ ਏ
ਸਤਿਗੁਰ ਪੂਜ ਰੱਬ ਆਪ ਸਜਾਇ, ਸਤਿਗੁਰ ਅੰਦਰ ਰੱਬ ਸਮਾਇ
ਗੁਰ ਸਤਿਗੁਰ ਰੱਬ ਭੇਦ ਨ ਕਾਈ, ਗੁਰੂ ਵੇਖ ਰੱਬ ਦਰਸਣ ਪਾਇ
ਰੱਬ ਜਾਣ ਗੁਰੂ ਗੁਰ ਸੇਵੋ, ਰੱਬ ਸਤਿਗੁਰ ਮਾਹਿ ਸਮਾਈ ਏ
ਨਾਮ ਹਰੀ ਦਾ ਚਿੱਤ ਚ ਚਿੱਤੋ, ਰੱਬ ਧਿਆਵਣ ਗੁਰੂ ਤੇ ਸਿੱਖੋ
ਕਲ ਮਸਵਾਣੀ ਚਿੱਤ ਬਣਾਇ, ਨਾਮ ਗੁਰੂ ਦਾ ਚਿੱਤ ਚ ਲਿਖੋ
ਬੈਂਸ; ਗੁਰੂ ਮਨਾ ਹਰਿ ਜਸ ਗਾ, ਹਰਿ ਸਤਿਗੁ ਭੇਦ ਨ ਕਾਈ ਏ
ਗੁਰ ਹਰਿ ਪ੍ਰਭ ਭੇਦ ਨ ਜਾਣੋ, ਗੁਰੂ ਗੁਰ ਧਿਆਇ ਹਰਿ ਰੰਗ ਮਾਣੋ
ਗੁਰ ਸਰਣਾਇ ਰਾਮ ਧਿਆਇ, ਨਿੱਤ ਚਿੱਤ ਖੋਜ ਕੈ ਆਪ ਪਛਾਣੋ
ਸਤਿਗੁਰ ਦਾਤਾ ਪੁਰਖ ਵਿਧਾਤਾ, ਗੁਰ ਮਨ ਮਹਿ ਹਰਿ ਪ੍ਰਗਟਾਈ ਏ

ਹਰੀ ਨਾਮਾ

ਕਲਮ ਸਿਆਹੀ ਛੱਡ ਕੈ, ਲਿਖ ਹਰਿ ਨਾਮ ਮਨ ਮਾਹਿ
ਕਲਮ ਸਿਆਹੀ ਮਿਟ ਜਾਸੀ, ਹਰਿ ਨਾਮਾ ਨ ਮਿਟ ਪਾਇ

ਭਾਈ ਰੇ ਸੋ ਕਰਮ ਕਮਾ, ਜੋ ਚਿੱਤ ਚ ਉਕੱਰ ਪਾਇ
ਪੁੱਤਰ ਕਲੱਤਰ ਸਭ ਧੰਦ ਹੈ, ਅੰਤੈ ਸੰਗ ਨਹਿੰ ਜਾਇ
ਜਾਣ ਸਮੈਂ ਨਾਮ ਸੰਗ ਹੈ, ਖਟ ਕਰਮ ਪਿੱਛੈ ਰਹਿ ਜਾਇ
ਲਿਖਣਾ ਪੜ੍ਹਨਾ ਛੱਡ ਸਵਰਨ, ਲਿਖ ਚਿੱਤ ਮਹਿ ਲੇਖ
ਲੇਖ ਲਿਖ ਹਰਿ ਨਾਮ ਕਾ, ਹਰਿ ਨਾਮਾ ਸਦਾ ਵਿਸੇਖ
ਮਨ ਚੋਂ ਕਦੀ ਨ ਮਿਟ ਸਕੈ, ਸੋ ਅੰਤੈ ਹੋਇ ਸਹਾਇ
ਲਿਖਣੀ ਹੋਇ ਤੋ ਸੋਇ ਲਿਖ, ਜੋ ਮਨ ਕੂ ਸਮਝਾਇ
ਲਿਖਿਆ ਲੇਖ ਨ ਮਿਟ ਸੀ, ਜੇ ਲੱਖ ਵਾਰ ਮਿਟਾਇ
ਰੋਣ ਧੋਣ ਸਭ ਜਗਤ ਭਿਖਾਰੀ, ਸੰਗ ਨ ਕੋਇ ਨਿਭਾਇ
ਲਾਭ ਹਾਣ ਵਿਚ ਜੱਗ ਵਸੈ, ਊਚ ਨੀਚ ਜੱਗ ਰੀਤ
ਮਾਇਆ ਭਾਰ ਨ ਚੁੱਕ ਸਕੈ, ਇਹ ਸਭ ਝੂਠ ਪ੍ਰੀਤ
ਜੋ ਘਰ ਛੱਡ ਜਾਵਣਾ, ਤਿਸ ਸੰਗ ਬੈਂਸ ਲਿਪਟਾਇ
ਜੋ ਆਇਆ ਸੋ ਟੁਰ ਜਾਇ, ਕੋਈ ਟਿਕਣ ਨ ਪਾਇ

ਤਿਹ ਸੰਗ ਪ੍ਰੀਤ ਬਣਾ ਸਵਰਨ, ਨ ਆਇ ਨ ਜਾਇ
ਦੂ ਦੁਐਤ ਜਬ ਹਿਕ ਹੋਇ, ਬਹੁੜ ਜਨਮ ਨ ਧਾਇ
ਐਸੀ ਹਰਿ ਸਿਉਂ ਪ੍ਰੀਤ ਕਰ, ਜਿਉਂ ਜਲ ਦੁੱਧ ਸਮਾਇ
ਦੁੱਧ ਸੰਗ ਜਲ ਰਿੜਕੀਐ, ਫਿਰ ਭੀ ਨਿਖੜ ਨ ਪਾਇ
ਹਰਿ ਨਾਮਾ ਹਰਿ ਰੰਗ ਹੈ, ਚੜ੍ਹ ਜਾਇ ਫਿਟਕ ਨ ਪਾਇ
ਦੂ ਤੋਂ ਇਕ ਮਨ ਹੋ ਗਿਆ, ਮਨ ਹਰਿ ਨਾਮ ਧਿਆਇ
ਗੁਰੂ ਬਸੀਠ ਬਣ ਕਰੈ ਬਸੀਠਾ, ਹਰਿ ਭੀ ਠਾਕ ਨ ਪਾਇ
ਹਰਿ ਆਪ ਨਿਮਾਣਾ ਹੋਇ ਕੈ, ਹਰਿ ਜਨ ਸੰਗ ਸਮਾਇ

ਤਸੀਹੇ ਸਹਿੰਦਾ

ਮੇਰੇ ਅੰਦਰ ਛੁਪਿਆ ਰਹਿੰਦਾ, ਪਰ ਮੂਹੋਂ ਕੁਝ ਨੀ ਕਹਿੰਦਾ
ਲੱਗੀ ਤੋੜ ਨਿਭਾਉਂਦਾ ਨਹੀਂ, ਮੇਰਾ ਚਿੱਤ ਤਸੀਹੇ ਸਹਿੰਦਾ

ਮਨ ਦੇ ਅੰਦਰ ਤਾਲਾ ਮਾਰ, ਤੂੰ ਬੰਦ ਕੋਠੜੀ ਬੈਠਾ
ਬਾਹਰ ਕੋਠੀ ਘੁੱਪ ਹਨੇਰਾ, ਤੂੰ ਇਹ ਮੈਨੂੰ ਦੇ ਬੈਠਾ
ਮਨ ਟੋਲ ਤੇ ਚਿੱਤ ਵਰੋਲ, ਜੇ ਪੁੱਛਾਂ ਇਹ ਕਹਿੰਦਾ
ਹੀਰਾ ਤਦ ਹੀ ਬੇਧ ਸਕੈ, ਜੇ ਪੱਥਰ ਵਿਚ ਗੁਣ ਹੋਵੈ
ਹੀਰਾ ਚਾਨਣ ਪਾਰ ਕਰੈ, ਜੇ ਤਾਂਘ ਮਿਲਣ ਦੀ ਹੋਵੈ
ਚੁੰਬਕ ਲਾ ਚੁੰਬਕ ਬਣੈ, ਆਣੂ ਸਿੱਧਾ ਹੋਇ ਬਹਿੰਦਾ
ਲੋਹਾ ਪਾਰਸ ਪਰਸੀਐ, ਲੋਹਾ ਕੰਚਨ ਹੋਇ ਆਵੈ
ਜਾਗ ਲਾਇ ਪਰਮਾਣੂਆਂ, ਸੋਨੇ ਦੀ ਪੁੱਠ ਚੜ੍ਹਾਵੈ
ਪਾਰਸ ਪਰਸਣ ਪਰਸੀਐ, ਲੋਹਾ ਸਵਰਨ ਬਣ ਬਹਿੰਦਾ
ਚੰਦਨ ਰੁੱਖ ਉਚੱ ਬਣਸਪਤਿ, ਵਾਸ ਵਸੈ ਤਿਸ ਪਾਸ
ਰਿੰਡ ਪਲਾਹ ਮਹਿਕ ਚੱਖਦੇ, ਵਸ ਚੰਦਨ ਕੈ ਪਾਸ
ਜੈਸੀ ਸੰਗਤ ਤੇਸੀ ਸੋਭਤ, ਤਿਹ ਰੰਗ ਮਜੀਠ ਚੜ੍ਹੈਂਦਾ
ਮਲਿਆਗਰ ਤਨ ਵਾਸ ਹੋਐ, ਲਿਪਟੇ ਰਹਿਣ ਭੁਯੰਗ
ਚੰਦਨ ਵਾਸ ਨਹਿ ਛੋਹ ਸਕੈ, ਤਿਹ ਵਿਸ ਕਰੈ ਨ ਭੰਗ
ਐਸੀ ਸੋਭਤ ਪਾਇ ਕੈ, ਚਿੱਤ ਡੰਗ ਮਾਰਨ ਵੱਲ ਰਹਿੰਦਾ
ਸਿੰਬਲ ਰੁੱਖ ਸੁਹਾਵਣਾ, ਨਿੱਤ ਸੂਹਟ ਸੂਹਣ ਤਿਸ ਵੇਖ
ਫਲ ਫਿੱਕੇ ਫੁੱਲ ਬਕ ਬਕੇ, ਚਸ ਚਿੱਤ ਨਾ ਆਵੈ ਟੇਕ
ਜਿਸ ਸੰਗਤ ਮਨ ਨਹਿੰ ਰਹਸ, ਬੈਂਸ ਕਿਉਂ ਤਿੱਥੈ ਬਹਿੰਦਾ

ਗੁਰ ਸਤਿਗੁਰ ਗੁਰ ਪਾਰਜਾਤ, ਹਰਿ ਵਸੈ ਗੁਰ ਸੰਗ
ਸਤਿਗੁਰ ਬਚਨ ਬਿਲਾਸ ਸੁਣਿ, ਚੜ੍ਹ ਜਾਵੈ ਹਰਿ ਰੰਗ
ਗੁਰ ਬੋਹਿਥ ਗੁਰ ਖੇਵਟੂ, ਸੰਗ੍ਹ ਪਾਪੀ ਪਾਰ ਹੋਇ ਰਹਿੰਦਾ
ਗੁਰ ਪਾਰਸ ਗੁਰ ਗਉਹਰ, ਹਰਿ ਚਾਨਣ ਵਸੈ ਤਿਸ ਮਾਹਿ
ਹੋਇ ਨਿਮਾਣਾ ਬਚਨ ਕਮਾਣਾ, ਜਨ ਗੁਰ ਹੀ ਮਾਹਿ ਸਮਾਇ
ਹੀਰਨ ਹੀਰਾ ਬੇਧਿ ਬੈਂਸ, ਸੇਵਕ ਸਤਿਗੁਰ ਸੰਗ ਰਹਿੰਦਾ

ਅਦਲੀ ਦੀਵਾਨ

ਮੈਸ਼ਰ ਵਿਚ ਛੁਪ ਕੇ ਬੈਠੇ ਹੋ, ਲੱਭਦਾ ਕੋਈ ਨਿਸ਼ਾਨ ਨਹੀਂ
ਅਦਲ ਬਹੀ ਦੀਵਾਨ ਅਦਾਲਤ, ਦਰਜ ਕੋਈ ਇਲਜਾਮ ਨਹੀਂ
ਖੁਦ ਕੋ ਸਜਾ ਕਰ ਜਹਾਂ ਬਨਾ ਕਰ, ਖੁਸ਼ ਹੋ ਖੁਦੀ ਤਰੰਨਮ ਮੇਂ
ਦੇਖ ਰਹੇ ਹੋ ਜਹਾਂ ਕਾ ਨਜ਼ਾਰਾ, ਪਹੁੰਚਾ ਕਰ ਮੁਝੇ ਜਹੰਮਨ ਮੇਂ
ਕਿਉਂ ਦੀ ਹੈ ਐਸੀ ਸਖਤ ਸਜ਼ਾ, ਜਬ ਕੋਈ ਇਲਜਾਮ ਨਹੀਂ
ਪਹਿਲਾਂ ਖੁਦ ਨੂੰ ਸਾਜ ਨਿਵਾਜ ਕੇ, ਤੂ ਨੇ ਜਹਾਂ ਸਜਾਇਆ
ਇਸ ਜਹਾਂ ਕੋ ਜਹੰਨਮ ਬਨਾ ਕਰ, ਖੁਦ ਕੋ ਬੀਚ ਛੁਪਾਇਆ
ਮੁਝੇ ਸਜਾ ਕਰ ਖੁਦ ਕੋ ਛੁਪਾਨਾ, ਹੋਣਾ ਬਰੀ ਬਿਆਨ ਨਹੀਂ
ਦੀਦ ਦਾ ਮੈਨੂੰ ਚਾ ਅੜਿਆ, ਕਦੀ ਮੇਰੇ ਵਿਹੜੇ ਆ ਅੜਿਆ
ਕੋਠੇ ਚੜ੍ਹ ਚੜ੍ਹ ਰਾਹ ਤੱਕਾਂ, ਕਦੀ ਨ੍ਹੇਰ ਸਵੇਰੇ ਆ ਅੜਿਆ
ਮੈਂ ਤੇਲ ਬੂਹੇ ਤੇ ਚੋਆਂ ਨਿੱਤ, ਪਰ ਆਇਆ ਮਹਿਮਾਨ ਨਹੀਂ
ਛੁਪ ਕੇ ਨਜ਼ਾਰਾ ਵੇਖੇਂ ਪਿਆ, ਰਾਹ ਤੱਕਦੇ ਪੱਕ ਗਈ ਅੱਖ
ਤੇਰੇ ਪਿਆਰ ਵਿਚ ਢੋਲਣ ਮਾਹੀ, ਮੈਂ ਹੋ ਗਈ ਲੱਖ ਤੋਂ ਕੱਖ
ਆ ਢੋਲਾ ਤੇਰਾ ਰਾਹ ਤੱਕਾਂ, ਪਰ ਕੱਟੇ ਭਰ ਸਕਾਂ ਉੜਾਨ ਨਹੀਂ
ਤੇਰੇ ਪਿਆਰ ਚ ਹੋਈ ਦੀਵਾਨੀ, ਚੰਨਾਂ ਦੇ ਜਾ ਪਿਆਰ ਨਿਸ਼ਾਨੀ
ਤੇਰੇ ਪਿਆਰ ਚ ਕਮਲੀ ਹੋਈ, ਜੱਗ ਤੇ ਕੋਈ ਨ ਤੇਰਾ ਸਾਨੀ
ਜਿਸ ਰਾਹੋਂ ਤੂੰ ਆਵੇਂਗਾ, ਉਸ ਡਗਰ ਦਾ ਕੋਈ ਨਿਸ਼ਾਨ ਨਹੀਂ
ਅੱਲ੍ਹੜਪਣੇ ਚ ਲੱਗ ਗਈ ਸਾਡੀ, ਲੱਗਦੇ ਹੀ ਪੈ ਗਏ ਵਿਛੋੜੇ
ਦਿਲ ਦੀਆਂ ਸਧਰਾਂ ਦਿਲ ਚ ਡੁੱਬੀਆਂ, ਹੁਣ ਕੌਣ ਮੁਕੱਦਰ ਮੋੜੇ
ਪ੍ਰੀਤ ਯਾਰ ਦਿਲ ਘਾਯਲ ਕੀਤਾ, ਪੀੜ ਦੀ ਆਉਣੀ ਸ਼ਾਮ ਨਹੀਂ
ਆਵੇਂ ਤਾਂ ਸ਼ੁਕਰ ਮਨਾਵਾਂ ਮੈਂ, ਤੈਨੂੰ ਦਿਲ ਦਾ ਹਾਲ ਸੁਣਾਵਾਂ ਮੈਂ
ਦਰ ਤੇਲ ਚੋਆਂ ਤੇਰੇ ਆਵਣ ਤੇ, ਤੈਨੂੰ ਗਲ ਨਾਲ ਲਾਵਾਂ ਮੈਂ
ਜਾਨ ਬੈਂਸ ਦੀ ਨਿਕਲੀ ਜਾਵੇ, ਮੁੱਕਣੇ ਕਦੀ ਅਰਮਾਨ ਨਹੀਂ

ਨਰਕ ਸੁਰਗ

ਤੂੰ ਮੈਨੂੰ ਜੱਗ ਚ ਘੱਲਿਆ, ਵੇਖਣ ਨੂੰ ਇਹ ਨਰਕ
ਮੈਂ ਤੇਰੀ ਤੂੰ ਮੇਰਾ ਮਾਹੀ, ਦੱਸ ਖਾਂ ਕਿੱਥੇ ਵੇ ਫਰਕ
ਮੈਨੂੰ ਸਾਜ ਨਿਵਾਜ਼ ਕੇ, ਫਿਰ ਦਿੱਤੀਆਂ ਅੱਖੀਆਂ
ਭੋਲਾ ਮਨ ਬਹਿਲੌਣ ਲਈ, ਸੰਗ ਘੱਲੀਆਂ ਸਖੀਆਂ
ਨੈਣ ਮਿਲਾ ਕੇ ਨੈਣ ਚੁਰਾਏ, ਇਹ ਸਖੀਆਂ ਦੀ ਤਰਕ
ਜੇ ਤੂੰ ਏਂ ਮੇਰਾ ਢੋਲਣ ਮਾਹੀ, ਮੈਨੂੰ ਇਹ ਸਮਝਾ ਦੇ
ਇਸ ਚੋਂ ਭਲਾ ਤੈਨੂੰ ਕੀ ਮਿਲਦੈ, ਐਸਾ ਜੱਗ ਸਜਾ ਕੇ
ਛੁਪ ਛੁਪ ਨਜ਼ਾਰੇ ਵੇਖੇਂ ਪਿਆ, ਤੈਨੂੰ ਲੱਗੇ ਕਲੇਜੇ ਕਰਕ
ਸਾਰੀ ਦੁਨੀਆਂ ਤੇਰੀ ਏ, ਦੁਨੀਆਂ ਏ ਤੇਰੀ ਕਹਾਣੀ
ਅਪਣੀ ਕਹਾਣੀ ਦੱਸਣ ਲਈ, ਬਣਾ ਦਿੱਤੀ ਲਾਭ ਹਾਣੀ
ਲਾਭ ਹਾਣ ਤੋਂ ਜੱਗ ਚੱਲਦੈ, ਲਾਭ ਹਾਣ ਇਹ ਫਰਕ
ਅਪਣੀ ਖੁਸ਼ੀ ਲਈ ਜੱਗ ਸਾਜ, ਸਭ ਨੂੰ ਨਰਕ ਵਖਾਵੇਂ
ਕੋਈ ਮਹਿਲ ਮੁਨਾਰੇ ਬੈਠੈ, ਕੋਈ ਸੌਂਦਾ ਬਿਰਖਾਂ ਛਾਵੇਂ
ਤਰ੍ਹਾਂ ਤਰ੍ਹਾਂ ਦੇ ਰਾਹ ਬਣਾਏ, ਕਿਤੇ ਡੰਡੀ ਕਿਤੇ ਸੜਕ
ਖੋਹ ਖਿੱਚ ਕੇ ਵੰਡੀਆਂ ਪਾਵਣ, ਭੇਦ ਨਾ ਦੇਵਣ ਦਿਲ ਦਾ
ਇਹ ਤੇਰੀ ਨਮਾਜ਼ ਨਿਆਜ਼ੀ, ਕੀ ਤੈਨੂੰ ਇਹ ਚੋਂ ਮਿਲਦਾ
ਜਿੱਥੈ ਚਾਹਵੈਂ ਤਿੱਥੈ ਰੱਖੈਂ, ਕਿਸੈ ਸੁਰਗ ਕਿਸੈ ਨਰਕ
ਚਿੱਤ ਆਪਣੈ ਰੱਖ ਤਸੱਲੀ, ਨਰਕ ਸੁਰਗ ਸਭ ਫਰਜ਼ੀ
ਦਰ ਦਰ ਧੱਕੇ ਦਵੇਂ ਬੈਂਸ ਨੂੰ, ਨਰਕੋਂ ਦੁਨੀਆਂ ਡਰਦੀ
ਪਿਆਰ ਚ ਤੂੰ ਖੁਦ ਵਸਦਾ, ਜੱਗ ਪਿਆਰ ਦੀ ਝਲਕ
ਬੈਂਸ ਤੇਰਾ ਮੁਰੀਦ ਬਾਬੁਲਾ, ਜੱਗ ਚੱਲ਼ਦਾ ਤੇਰੀ ਮਰਜ਼ੀ
ਕੱਪੜਾ ਉਣਨਾ ਕੰਮ ਬੈਂਸ ਦਾ, ਸਿਉਣ ਪਾਉਣ ਦਾ ਦਰਜੀ
ਤੂੰ ਅਪਣਾ ਫਰਜ਼ ਨਿਭਾਈ ਜਾ, ਸੁਰਗ ਨਰਕ ਨਹੀਂ ਫਰਕ
ਤੂੰ ਮੇਰੇ ਵਿਚ ਮੈਂ ਤੇਰੇ ਵਿਚ, ਤੂੰ ਮੈਥੋਂ ਛੁਪਿਆ ਰਹਿੰਦਾ
ਮੇਰਾ ਸਭ ਕੁਝ ਵੇਖੇਂ ਪਿਆ, ਮੂਹੋਂ ਕੁਝ ਨਹੀਂ ਕਹਿੰਦਾ
ਮੇਰਾ ਕਰਮ ਮੇਰੇ ਸੰਗ ਘੱਲੇਂ, ਨਰਕ ਸੁਰਗ ਦਾ ਫਰਕ
ਮੈਨੂੰ ਖਾਲੀ ਜੱਗ ਚ ਘੱਲਿਆ, ਇਥੇ ਕੁਝ ਨਹੀਂ ਮੇਰਾ
ਹਰ ਜਾ ਹਰਿ ਹਰ ਜਾਈ ਤੂੰ ਏਂ, ਮੈਂ ਇਕ ਬੰਦਾ ਤੇਰਾ
ਤੂੰ ਤੂੰ ਬੈਂਸ ਨਿੱਤ ਭਜਦਾ, ਮਿਟ ਜਾਏ ਦਿਲਾਂ ਦਾ ਫਰਕ

ਤੇਰੇ ਦਰ ਆਏ

ਮੇਰੇ ਸੱਜਣ ਸਲੋਨੇ ਸਨਮ, ਪ੍ਰੀਤ ਤੇਰੀ ਚਾਲ ਵੇ
ਅਸਾਂ ਤੇਰੇ ਦਰ ਆਏ, ਜੋੜ ਪਲਕਾਂ ਦੇ ਨਾਲ ਵੇ

ਸਾਨੂੰ ਘੱਲਿਆ ਸੀ ਜੱਗ, ਤੂੰ ਬਣਾ ਕੇ ਪ੍ਰਾਹੁਣਾ
ਇਹ ਸੋਚਿਆ ਸੀ ਚਿੱਤ, ਅਸਾਂ ਮੁੜ ਨਹੀਂ ਆਉਣਾ
ਅਸਾਂ ਪਾ ਬੈਠੇ ਛਾਉਣੀ, ਪਾਈ ਜੱਗ ਚ ਧਮਾਲ ਵੇ
ਤੂੰ ਘੱਲਿਆ ਸੀ ਇੰਵ, ਵੇਖ ਜੱਗ ਦਾ ਨਜ਼ਾਰਾ
ਤੇਰੇ ਜੱਗ ਵਿਚ ਆ ਕੇ, ਬੈਂਸ ਫਿਰੇ ਮਾਰਾ ਮਾਰਾ
ਕੁਝ ਸੰਗ ਨਹੀਂ ਜਾਣਾ, ਖੋਜਾਂ ਹੀਰੇ ਮੋਤੀ ਲਾਲ ਵੇ
ਸਾਡੀ ਬਚਪਨ ਬੀਤੀ, ਖੇਡ੍ਹ ਸਾਥੀਆਂ ਦੇ ਸੰਗ
ਮੁੜ ਤਰਣਾਪੋ ਆਇਆ, ਚਾੜ੍ਹ ਹੁਸਨ ਦਾ ਰੰਗ
ਖੁਦੀ ਆਈ ਖੁਦਾ ਗਿਆ, ਹੋਇਆ ਮੰਦਾ ਹਾਲ ਵੇ
ਹੁਣ ਆ ਗਿਆ ਬੁੜ੍ਹਾਪਾ, ਹੋਏ ਵਾਲ ਦੁਧਵਾਨੀ
ਭੁਲ ਬਚਪਨ ਗਿਆ, ਸਾਨੂੰ ਭੁੱਲ ਗਈ ਜੁਆਨੀ
ਆਇਆ ਜਾਣ ਦਾ ਸਮਾਂ, ਜਾਵੇ ਕੁਝ ਵੀ ਨ ਨਾਲ ਵੇ
ਜੋ ਨਾਲ ਤੂੰ ਲੈ ਜਾਣਾ, ਬੈਂਸ ਓਸ ਨੂੰ ਕਮਾ ਲੈ
ਭਜ ਰਾਮ ਨਾਮ ਜਾਪ, ਦਿਲੋਂ ਰੱਬ ਨੂੰ ਧਿਆ ਲੈ
ਰਾਮ ਨਾਮ ਤੇਰੇ ਸੰਗ, ਕੋਈ ਪੁੱਛੇ ਨ ਸੁਆਲ ਵੇ
ਸਵਰਨ; ਝੱਬ ਟੁਰ ਚੱਲ, ਦਰ ਸੱਜਣਾ ਦਾ ਮੱਲ
ਭਜ ਰਾਮ ਰਾਮ ਰਾਮ, ਇਹੋ ਪਾਰ ਉਤਾਰਾ ਹੱਲ
ਬੈਂਸ; ਮਤੇ ਭੁੱਲ ਜਾਵੇਂ, ਉਹ ਵਸੇ ਤੇਰੇ ਨਾਲ ਵੇ

ਆਵੈ ਨ ਜਾਇ

ਚਿੱਤ ਮਹਿ ਹਰਿ ਗਾਇ ਜਾ, ਜਿਉਂ ਗਾਵੈ ਹਰਿ ਵਾਇ
ਨਜ਼ਰ ਕਿਨੈ ਨਹਿੰ ਆਵਈ, ਕਿਤ ਆਵੈ ਕਿਤ ਜਾਇ
ਵਾਂਗ ਵਾਇ ਹਰਿ ਨਾਮ ਗਾ, ਕੋਇ ਵੇਖ ਸੁਣਨ ਨ ਪਾਇ
ਬਾਝ ਬੋਲਿਆਂ ਹਰਿ ਸੁਣੈ, ਤਿਸ ਜੇਵਡ ਕੋਇ ਨਾਇ
ਤੂੰ ਗਾ ਮੇਰੇ ਮਨ ਗਾ, ਮਨ ਹਰਿ ਹਰਿ ਨਾਮ ਧਿਆ
ਧਿਆਇਆਂ ਮਨ ਸਹਿਜ ਹੋਇ, ਸੋ ਹਰਿ ਨਾਮ ਧਿਆ

ਹਰਿ ਹਰਿ ਨਾਮ ਅਗੰਮ ਹੈ, ਧਿਆਇਆਂ ਸੁਖ ਹੋਇ
ਜਿਸ ਕਾਰਨ ਜਨ ਜੱਗ ਭਵੈ, ਸੋ ਸੁਖ ਘਰ ਮਹਿ ਹੋਇ
ਮਨ ਹਰਿ ਨਾਮਾ ਮਨਿ ਵਸੈ, ਗਾਈਐ ਹੋਇ ਨਿਸੰਗ
ਹਰਿ ਹਰਿ ਨਾਮ ਧਿਆਇ ਜਾ, ਹਰਿ ਕਾਟੈ ਜਮ ਫੰਧ
ਜਿਸ ਕਾਰਨ ਜੱਗ ਆਇਆ, ਸੋ ਨਾਮ ਨ ਮਨੋ ਭੁਲਾ
ਜਿਸ ਕਾਰਨ ਹਰਿ ਘੱਲਿਆ, ਹਰਿ ਨਾਮਾ ਨਿੱਤ ਗਾ
ਗਾਇ ਜਾ ਨਿੱਤ ਜੀਅੜੇ, ਰੱਖ ਹਰਿ ਨਾਮ ਕੀ ਟੇਕ
ਹਰਿ ਨਾਮਾ ਮਨ ਵਸ ਜਾਇ, ਸੋ ਹਰਿ ਨਾਮ ਵਿਸੇਖ
ਹਰਿ ਨਾਮਾ ਹਰਿ ਰੰਗ ਹੈ, ਹਰਿ ਰੰਗ ਮਜੀਠ ਚੜ੍ਹਾਇ
ਸੰਤਨ ਸੰਗ ਗੋਸਟ ਕਰ, ਹਰਿ ਹਰਿ ਨਾਮ ਧਿਆਇ
ਜਿਸ ਕਾਰਨ ਜੱਗ ਤੀਰਥ ਭਵੈ, ਕੰਦ ਮੂਲ ਚੁਣ ਖਾਇ
ਸੋ ਹਰਿ ਘਰ ਮਹਿ ਵਸੈ, ਜਨ ਹਰਿ ਨਾਮ ਧਿਆਇ
ਜੋਗੀ ਜੰਗਮ ਭੈਰਵਾ, ਘੁੰਗਰੂ ਪਾ ਪਾ ਤਾਲ ਵਜਾਇ
ਅੰਨ ਧਨ ਕਾਰਨ ਬੈਂਸ ਜੀ, ਦਰ ਦਰ ਧੱਕੇ ਖਾਇ
ਜਿਸ ਤੂੰ ਸਾਜ ਸੰਗਾਰਿਆ, ਸੋ ਪ੍ਰਭ ਕਰਦਾ ਸਾਰ
ਦਰ ਦਰ ਮੰਗਣ ਲੋੜ ਨਹਿੰ, ਨ ਕਰ ਚਿੱਤ ਖੁਆਰ
ਉਸ ਸਾਈਂ ਕੂ ਚਿੱਤ ਰੱਖ, ਜੋ ਰੱਖਦਾ ਸਭ ਦੀ ਸਾਰ
ਹਰਿ ਜੂ ਹਰ ਜੀ ਮਹਿ ਵਸੈ, ਏਕ ਪੁਰਖ ਦੋਇ ਨਾਰ
ਗੁਰ ਸਾਗਰ ਗੁਰ ਬੋਹਿਥਾ, ਗੁਰ ਪਾਰ ਉਤਾਰਨ ਹਾਰ
ਜਿਨ ਸਤਿਗੁਰ ਹਰਿ ਜਾਣਿਆਂ, ਸੋਈ ਉਤਰਿਆ ਪਾਰ
ਰੂਹ ਰੱਬ ਸੰਗ ਮੇਲ ਇੰਵ, ਜਿਉਂ ਜਨਨੀ ਜਨਨ ਭਤਾਰ
ਪਰਮ ਪ੍ਰੀਤ ਕੀ ਰੀਤ ਤਿਹ, ਜਨ ਜਨਨੀ ਉਰਹਾਰ
ਮਨ ਲੋਚੈ ਪ੍ਰੀਯ ਪ੍ਰੀਤ ਸੋ, ਮਨ ਕਰੈ ਭਰਥਾ ਇੰਤਜ਼ਾਰ
ਮਨ ਨੀਵਾਂ ਹੋਇ ਜਾਇ ਇੰਵ, ਮਨ ਮਹਿ ਵਸੈ ਭਤਾਰ
ਹਰਿ ਭਰਥਾ ਜੀ ਸਭ ਕਾ, ਮਨ ਮਹਿ ਵਸੈ ਨਿਰੰਕਾਰ

ਧਰਤ ਸੁਹਾਵੀ

ਇਹ ਸਰੀਰ ਧਰਤ ਸੁਹਾਵਲੀ, ਵਿਚ ਜੋ ਬੀਜੋਂ ਸੋ ਜੰਮੋਂ
ਜੋ ਕੁਝ ਖੱਟ ਕਮਾਵਣਾ, ਸੋਈ ਖਾਣ ਪੀਣ ਲੜ ਬੰਨ੍ਹੋਂ

ਸੋ ਖੱਟੋਂ ਜੋ ਲਿਖਿਆ ਆਵੇ, ਸੱਚੇ ਰੱਬ ਨੂੰ ਇਹੋ ਭਾਵੇ

ਐਵੇਂ ਹਵਾਈ ਕਿਲੇ ਬਣਾਵੇਂ, ਵਰਤੈ ਜੋ ਰੱਬ ਨੂੰ ਭਾਵੇ
ਮੈਂ ਖੱਟਿਆ ਮੈਂ ਬਣਾਇਆ, ਇਹ ਆਖਣ ਵਾਲੇ ਅੰਨ੍ਹੇ
ਜੋ ਖੱਟੇਂ ਸੋ ਲਿਖਿਆ ਜਾਵੇ, ਅਗਲੇ ਜਨਮ ਸਾ ਸੰਗ ਜਾਵੇ
ਇਸ ਨੂੰ ਕਿਸਮਤ ਆਖੀਦੈ, ਕੀਤਾ ਕਰਮ ਰਾਸ ਬਣ ਆਵੇ
ਪਿਛਲੇ ਕਰਮ ਭੁੱਲ ਜਾਈਦੈ, ਨਵੇਂ ਜਨਮ ਦੇ ਨਵੇਂ ਸਹੰਮੇਂ
ਅੱਜ ਕਮਾਇਆ ਕੱਲ੍ਹ ਪਾਇਆ, ਇਹੋ ਏ ਸਾਡਾ ਸਰਮਾਇਆ
ਜਿਹਾ ਕਮਾਵੇਂ ਤੇਹਾ ਫਲ ਪਾਵੇਂ, ਘੱਟ ਵੱਧ ਕਿਸੇ ਨ ਪਾਇਆ
ਕੀਤੇ ਕਰਮ ਦਾ ਫਲ ਸਭ ਮਿਲਦਾ, ਸੋ ਮਾਇਆ ਲੜ ਬੰਨ੍ਹੇਂ
ਬੀਜੈਂ ਕਿੱਕਰ ਭਾਲੇਂ ਅੰਬ, ਅਜਿਹਾ ਕਰਮ ਨ ਚੱਲੇ
ਜੋ ਬੀਜੇਂ ਸੋ ਵੱਢੇਂ ਖਾਵੇਂ, ਸੁਖ ਦੁਖ ਸਰੀਰ ਇੰਞ ਝੱਲੇ
ਰਸ ਚੂਸਣ ਦਾ ਚਾਓ ਜੇ ਤੈਨੂੰ, ਸਵਰਨ; ਬੀਜ ਲੈ ਗੰਨੇਂ
ਰੱਬ ਜੱਗ ਚ ਤੈਨੂੰ ਘੱਲਿਆ, ਉਹਦਾ ਨਾਮ ਕਮਾ ਝੱਲਿਆ
ਰਾਮ ਨਾਮ ਨਿੱਤ ਚੇਤੇ ਕਰ, ਰਾਮ ਰਾਮ ਕਰੀ ਜਾ ਬੱਲਿਆ
ਇਹੋ ਭਗਤੀ ਇਹੋ ਪੂਜਾ, ਹੋਰ ਕਰਮ ਧਰਮ ਲਾ ਬੰਨੇਂ
ਤੀਰਥ ਬਰਤ ਕੰਮ ਨ ਆਵੇ, ਕੀਤਾ ਕਰਮ ਸਾਥ ਸੰਗ ਜਾਵੇ
ਕੀਤੇ ਕਰਮ ਦਾ ਲੇਖਾ ਮਿਲਸੀ, ਅਰਚਾ ਪੂਜਾ ਕੰਮ ਨ ਆਵੇ
ਚੇਤੇ ਰੱਖ ਬੈਂਸ ਦੀ ਆਖੀ, ਛੱਡ ਭੇਸ ਬਣਾਉਣ ਨਿਕੰਮੇਂ

ਹਰਿ ਕੀ ਬਾੜੀ

ਇਹ ਜੱਗ ਹਰਿ ਸੱਚੇ ਕੀ ਬਾੜੀ, ਫਲ ਫੁੱਲ ਆਪ ਉਗਾਵੈ
ਹਰ ਜਾ ਹਰਿ ਜੀ ਸਾਜ ਸਜਾਵੈ, ਹਰਿ ਆਪੇ ਪਾਣੀ ਲਾਵੈ

ਜਬ ਪ੍ਰਭ ਇਹ ਜਗਤ ਉਪਾਇਆ, ਇਕ ਕਵਾਉ ਅਲਾਵੈ
ਰੰਗ ਬਰੰਗੇ ਫੁੱਲ ਬੂਟੇ ਉਗਣ, ਹਰਿ ਹਰ ਕੂ ਸਾਜ ਸਜਾਵੈ
ਸਭ ਕੂ ਖਾਵਣ ਪਾਵਣ ਦੇਵੈ, ਹਰ ਜੀ ਹਰਿ ਆਪ ਸਮਾਵੈ
ਇਕ ਵੱਧ ਦੂਜਾ ਘੱਟ ਪਾਵੈ, ਮਿਲੈ ਸੋ ਜੋ ਕਿਰਤ ਕਮਾਵੈ
ਇਹ ਵਰ ਹਰਿ ਜੀਅਨ ਕੂ ਬਖਸਿਆ, ਜੋ ਖੱਟੈ ਸੋ ਖਾਵੈ
ਕਰਮ ਧਰਮ ਮਨ ਦੀ ਬਿਰਥਾ, ਜਿਉਂ ਮਨ ਸੋਚ ਸੋਚਾਵੈ
ਕਿਸਮਤ ਜੋ ਕਰਮ ਕਮਾਵੈ, ਸੋਈ ਫਲ ਚ ਮਿਲੈ ਮਿਲਾਵੈ
ਮਿਲੈ ਜੋ ਕਰਮ ਕਮਾਇਆ, ਪੂਰਾ ਹਰਿ ਪ੍ਰਭ ਤੋਲ ਤੁਲਾਵੈ
ਪੱਕੇ ਵੱਟੇ ਪ੍ਰਭ ਪੂਰਾ ਤੋਲੈ, ਘੱਟ ਵੱਧ ਕਦੀ ਹੋਇ ਨ ਪਾਵੈ

ਉਚ ਨੀਚ ਏ ਮਨ ਦਾ ਸੋਚਣ, ਜਨ ਆਪਣਾ ਲਾਭ ਲੁਭਾਵੈ
ਹਰਿ ਦਰ ਸਭ ਇਕ ਬਰਾਬਰ, ਉਚ ਨੀਚ ਪ੍ਰਭ ਨ ਭਾਵੈ
ਹਰਿ ਸਾਜੈ ਹਰਿ ਸਾਜ ਨਿਵਾਜੈ, ਵਿਤਕਰਾ ਜ਼ਰਾ ਨ ਪਾਵੈ
ਹਰ ਜੀ ਸੰਗ ਪਿਆਰ ਬਣਾਵੈ, ਵਿਚ ਹਰਿ ਆਪ ਸਮਾਵੈ
ਕੋ ਭਲਾ ਕੋ ਬੁਰਾ ਨ ਸਾਜੈ, ਬੁਰਾ ਭਲਾ ਜਨ ਆਪ ਬਣਾਵੈ
ਹਰ ਜਾ ਹਰਿ ਸੱਚੇ ਕੀ ਬਾੜੀ, ਘੱਟ ਪਾਣੀ ਕਿਤੈ ਨ ਲਾਵੈ
ਹੋਇ ਨਿਮਾਣਾ ਬਣ ਬਨਮਾਲੀ, ਫੜ ਮੱਛਕ ਰੌਣੀ ਲਾਵੈ
ਇਤ ਉਤ ਨ ਸੋਚ ਸਵਰਨ, ਮਾਲੀ ਨਿਜ ਫਰਜ਼ ਨਿਭਾਵੈ
ਫਲ ਦੇਣਾ ਹੱਥ ਕਾਦਰ ਬੈਂਸ, ਵੰਡੇ ਜਿਵੈਂ ਮੇਰੇ ਹਰਿ ਭਾਵੈ

ਨਮੋਂ ਨਮਸਕਾਰ

ਨਮੋ ਨਮੋ ਮੇਰੇ ਯਾਰ, ਮੇਰੀ ਪਿਆਰ ਭਰੀ ਨਮਸਕਾਰ
ਮੇਰਾ ਯਾਰ ਮੇਰੀ ਸਰਕਾਰ, ਤਿਨ ਸੰਗ ਮੇਰਾ ਪਿਆਰ

ਮਾਹੀ ਮੇਰੇ ਚਿੱਤ ਵਸੇ, ਨਿੱਤ ਚੇਤੇ ਆਵੇ ਅੱਚਣ ਚੇਤ
ਪਾ ਪਿਆਰ ਕਰਾਂ ਨਮਸਕਾਰ, ਮੈਂ ਨੇਤ ਨੇਤ ਨੇਤ
ਉਹਨੂੰ ਚੇਤੇ ਕਰੀ ਜਾਵਾਂ, ਜੇ ਮਾਹੀ ਸੁਣ ਲਵੇ ਮੇਰੀ
ਚੇਤੇ ਕਰ ਕਰ ਮਾਹੀ ਨੂੰ, ਪਿਆਰ ਦੀ ਵਗੈ ਹਨੇਰੀ
ਮਾਹੀ ਮੇਰਾ ਜਜਮਾਨ, ਮੈਂ ਬਣੀ ਉਹਦੀ ਮਹਿਮਾਨ
ਬਣਾ ਯਾਰ ਕਰ ਪਿਆਰ, ਇਹੋ ਉਹਦਾ ਇਮਤਹਾਨ
ਕਰ ਮਾਹੀ ਸੰਗ ਪਿਆਰ, ਉਹ ਪਿਆਰ ਦਾ ਬਿਮਾਰ
ਤੂੰ ਇਕ ਕਦਮ ਚੱਲੇਂ, ਉਹ ਚੱਲ ਆਵੇ ਲੱਖ ਬਾਰ
ਪਿਆਰ ਵਿਚ ਜੱਗ ਸਾਜ, ਉਹ ਪਿਆਰ ਵਿਚ ਰਾਜ਼ੀ
ਉਹਤੇ ਜਾਨ ਵਾਰ ਬੀਬਾ, ਬਣ ਪਿਆਰ ਵਿਚ ਗਾਜ਼ੀ
ਉਹਨੂੰ ਚੇਤੇ ਕਰ ਨਿੱਤ, ਉਹ ਬਣ ਜਾਵੇ ਤੇਰਾ ਮਿੱਤ
ਉਹਦੇ ਪਿਆਰ ਵਿਚ ਗਾ, ਪਿਆਰ ਚ ਲਿਖ ਕਵਿੱਤ
ਬੈਂਸ; ਉਹਨੇ ਤੈਨੂੰ ਸਾਜਿਆ, ਕਰ ਚੇਤੇ ਬਿਨਾ ਪਛਾਣੇ
ਤੂੰ ਦਿਲ ਤੋਂ ਚੇਤੇ ਕਰ, ਉਹ ਸਭ ਦਿਲ ਦੀਆਂ ਜਾਣੇ
ਉਹ ਤੇਰੀ ਸਾਰ ਜਾਣਦਾ, ਦਿਲ ਹੋਵੇ ਦਿਲਾਂ ਦਾ ਰਾਹੀ
ਉਹਦਾ ਨਾਮ ਲਿਖ ਚਿੱਤ ਚ, ਬਿਨਾਂ ਕਲਮ ਸਿਆਹੀ
ਉਹਨੇ ਸਾਜ ਦਿੱਤਾ ਜੱਗ, ਤਾਹੀਂਓ ਆਖੀਦੈ ਉਹ ਰੱਬ

ਉਹ ਜੱਗ ਵਿਚ ਵਸੇ, ਮੈਨੂੰ ਜੱਗ ਦਿਸੇ ਮੇਰਾ ਰੱਬ
ਭਲਾ ਭੇਦ ਭਾਵ ਫਿਰ ਕਾਹਦਾ, ਜੋ ਦਿਸੇ ਉਹਦਾ ਰੂਪ
ਗੁਰੂ ਰੱਬ ਰੱਬ ਗੁਰੂ, ਜੱਗ ਵਿਚ ਗੁਰੂ ਰੱਬ ਦਾ ਸਰੂਪ
ਉਹ ਸਭਨਾ ਦਾ ਮਾਈ ਬਾਪ, ਸਭ ਉਹਦਾ ਪਰਤਾਪ
ਕਰ ਦਿਲੋਂ ਉਹਨੂੰ ਚੇਤੇ, ਬੈਂਸ; ਆ ਕੇ ਮਿਲੇਗਾ ਆਪ

ਮਰਨਾ

ਮਰਨਾ ਆਖਰੀ ਮੰਜ਼ਿਲ ਏ, ਮਰ ਕੇ ਜ਼ਿੰਦਤੀ ਹੋਵੇ ਪੂਰੀ
ਜੇ ਮਾਹੀ ਚਿੱਤ ਨ ਵਸਿਆ, ਰਹ ਜਾਣੀ ਏ ਜਿੰਦ ਅਧੂਰੀ
ਜਨਮ ਲਿਆ ਸੂ ਯਾਰ ਮਿਲਣ ਨੂੰ, ਕੀ ਹੋ ਗਈ ਮਜ਼ਬੂਰੀ
ਪਿਅਰ ਪਾ ਕੇ ਯਾਰ ਮਨਾ ਲੈ, ਕੋਈ ਰਹੇ ਕੱਚ ਨਾ ਦੂਰੀ

ਤੇਰਾ ਮੇਰਾ ਅਜਲ ਦਾ ਨਾਤਾ, ਖੁਲ੍ਹਾ ਰੱਖ ਅਪਣਾ ਦਰਵਾਜ਼ਾ
ਅੰਤ ਸਮੇਂ ਖੁਦ ਮੋਢਾ ਲਾਵੀਂ, ਜਦੋਂ ਨਿਕਲੇ ਮੇਰਾ ਜਨਾਜ਼ਾ

ਖੁਦ ਬਾਰਾਤੀ ਬਣ ਕੇ ਆਵੀਂ, ਨਾਲੇ ਨੱਚੀਂ ਨਾਲੇ ਗਾਵੀਂ
ਨਾਦੀ ਬੇਦੀ ਸੰਗ ਲਿਆਵੀਂ, ਉਨ੍ਹਾਂ ਨੂੰ ਵੀ ਸੰਗ ਨਚਾਵੀਂ
ਭੰਗੜਾ ਪਾਵੀਂ ਧੂਮ ਮਚਾਵੀਂ, ਚੰਨਾਂ; ਕਰੀਂ ਨ ਜ਼ਰਾ ਤਕਾਜ਼ਾ
ਮੇਰੀ ਅਰਥੀ ਨੂੰ ਹੱਥ ਲਾਵੀਂ, ਮੋਇਆ ਤੱਕ ਡਰ ਨ ਜਾਵੀਂ
ਬਣ ਬਾਰਾਤ ਬੈਂਸ ਦੀ ਚੱਲੋ, ਇਹੋ ਸਭਨਾ ਨੂੰ ਸਮਝਾਵੀਂ
ਮਰ ਕੇ ਜੱਨਤ ਮਿਲਦੀ ਏ, ਜ਼ਰਾ ਨਹੀਂ ਬੈਂਸ ਤਕਾਜ਼ਾ
ਵੇਖ ਜੰਵ ਦੇ ਰੰਗ ਤਮਾਸ਼ੇ, ਮੈਂ ਵੀ ਅਰਥੀ ਤੋਂ ਉਠ ਜਾਵਾਂ
ਚਿੱਤ ਮੇਰੇ ਚੋਂ ਖੌਫ ਨੱਸ ਜਾਵੇ, ਮੈਂ ਵੀ ਵਿਚੇ ਧੂਮ ਮਚਾਵਾਂ
ਅੰਤ ਸਮੇਂ ਮੇਲ ਹੋ ਜਾਸੀ, ਪਿਆਰ ਦੀ ਇਹ ਮਰਯਾਦਾ
ਤੈਨੂੰ ਮਿਲਣ ਯਾਰ ਦਰ ਆਵਾਂ, ਤੂੰ ਖੁਦ ਆ ਕੁੰਡਾ ਖੋਲ੍ਹੇਂ
ਮੈਂ ਤੱਕਾਂ ਤੇਰੀ ਸੂਰਤ ਸੀਰਤ, ਤੂੰ ਬੁੱਕ ਹੁਸਨ ਦੇ ਡੋਲ੍ਹੇਂ
ਨੈਣ ਮਿਲਾਵੇਂ ਤੇ ਸ਼ਰਮਾਵੇਂ, ਜਦੋਂ ਹੋਵੇ ਯਾਰ ਮਲ੍ਹਾਜਾ
ਤੂੰ ਮੇਰੇ ਸੰਗ ਮੈਂ ਤੇਰੇ ਸੰਗ, ਆਪਾਂ ਸਾਂਝੀ ਪ੍ਰੀਤ ਬਣਾਈ
ਨ ਤੂੰ ਜਾਪੇਂ ਨ ਮੈਂ ਹੋਵਾਂ, ਕੀ ਇਹ ਲੁਕਣ ਮੀਟੀ ਪਾਈ
ਸਾਥੋਂ ਰੁੱਸ ਦੂਰ ਨ ਜਾਵੀਂ, ਵੇਖੀਂ ਵਿੱਥ ਨ ਪਵੇ ਜ਼ਿਆਦਾ
ਮੋਏ ਕਦੀ ਨਹੀਂ ਮੁੜਦੇ, ਪਰ ਚਿੱਤ ਵਿਛੋੜਾ ਸੱਜਣਾ ਦਾ

ਮੋਇਆਂ ਨੂੰ ਮੁੜ ਮਾਰ ਬੈਂਸ, ਮੁੱਕੇ ਨ ਰੋਣਾ ਸੱਜਣਾ ਦਾ
ਮੇਰੀ ਜਿੰਦ ਨਿਕਲੇ ਤੂੰ ਤੜਫੇਂ, ਦੁਖ ਹੋਵੇ ਤੈਨੂੰ ਡਾਢਾ
ਡੋਲੀ ਚੜ੍ਹਦੀ ਨੂੰ ਹੱਥ ਲਾਵੀ, ਚੰਨਾਂ; ਸਾਡੀ ਪੱਕੀ ਯਾਰੀ
ਸਾਰੀ ਕੁਦਰਤ ਵਿਚ ਤੂੰ ਵਸਦਾ, ਮੈਨੂੰ ਲਗੇ ਪਿਆਰੀ
ਲੈ ਜਾ ਬਬਾਨ ਚ ਬਿਠਾ ਕੇ, ਕੱਢ ਬੈਂਸ ਦਾ ਜਨਾਜ਼ਾ

ਖੁਦੀ

ਖੁਦ ਕੋ ਸਜਾਨੇ ਸੇ ਪਹਿਲੇ, ਖੁਦਾ ਨੇ ਖੁਦੀ ਬਨਾਈ
ਖੁਦੀ ਬਨਾ ਕਰ, ਫਿਰ ਉਸਨੇ ਖੁਦਾਈ ਸਜਾਈ
ਖੁਦੀ ਨ ਹੋ ਜਹਾਂ ਨ ਹੋ, ਹਮ ਤੁਮ ਮਹਿਮਾਨ ਨ ਹੋਂ
ਖੁਦੀ ਹੈ ਜਹਾਂ ਹੈ, ਮਗਰ ਖੁਦਾ ਕੀ ਪਹਿਚਾਨ ਨ ਹੋ
ਖੁਦ ਕੋ ਖੁਦੀ ਮੇਂ ਛੁਪਾ ਕਰ, ਖੁਦੀ ਮੇਂ ਜਹਾਂ ਸਜਾਇਆ
ਖੁਦ ਖੁਦਾ ਬਨ ਕਰ, ਖੁਦੀ ਕਾ ਪਰਦਾ ਬਨਾਇਆ
ਖੁਦੀ ਨ ਹੋ ਖੁਦਾ ਨ ਹੋ, ਖੁਦੀ ਬਗ਼ੈਰ ਖੁਦਾ ਹਮ ਸੇ ਜੁਦਾ ਨ ਹੋ

ਹਮ ਖੁਦਾ ਸੇ ਮਿਲ ਨਹੀਂ ਸਕਤੇ, ਕਿਉਂਕਿ
ਉਸ ਮੇਂ ਔਰ ਮੁਝ ਮੇਂ, ਖੁਦੀ ਕਾ ਪਰਦਾ ਹੈ

ਖੁਦਾ ਕੋ ਖੁਦੀ ਚਾਹੀਏ, ਔਰ ਜਹਾਂ ਸੇ ਪਰਦਾ ਚਾਹੀਏ
ਮੁਝੇ ਦੌਲਤ ਚਾਹੀਏ, ਔਰ ਉਸ ਕੀ ਚਰਚਾ ਚਾਹੀਏ
ਰਾਜ਼ ਏਕ ਹੀ ਹੈ, ਮਗਰ ਮੁਝ ਪੇ ਉਸ ਕਾ ਕਰਜ਼ਾ ਹੈ
ਖੁਦ ਖੁਦੀ ਬਨਾ ਕਰ, ਖੁਦਾ ਖੁਦ ਖੁਦਾ ਹੋ ਗਿਆ
ਖੁਦੀ ਸੇ ਖੁਦਾਈ ਸਜਾ ਕਰ, ਖੁਦ ਜੁਦਾ ਹੋ ਗਿਆ
ਛੁਪ ਗਿਆ ਖੁਦਾਈ ਮੇਂ ਖੁਦ, ਜੋ ਜੀਤਾ ਸੋ ਮਰਦਾ ਹੈ
ਸਿਰਫ ਖੁਦਾ ਕੋ ਹੀ, ਖੁਦੀ ਕਾ ਅਧਿਕਾਰ ਹੈ
ਮਗਰ ਸਾਰੀ ਕਾਏਨਾਤ, ਉਸੀ ਕੀ ਬੀਮਾਰ ਹੈ
ਕੇਵਲ ਖੁਦਾ ਕੇ ਪਾਸ ਹੀ, ਖੁਦੀ ਕਾ ਦਰਜਾ ਹੈ
ਹਮ ਮੇਂ ਖੁਦੀ ਆ ਗਈ, ਤੋ ਉਸ ਕੇ ਕਾਬਿਲ ਨਹੀਂ
ਖੁਦੀ ਮਨ ਬਹਿਕਾਤੀ ਹੈ, ਉਸੇ ਪਾਨਾ ਵਾਜਿਬ ਨਹੀਂ
ਖੁਦੀ ਹੈ ਖੁਦਾ ਕੀ ਖੁਦਾਈ, ਜਿਸ ਸੇ ਜਹਾਂ ਡਰਦਾ ਹੈ
ਅਗਰ ਉਸੇ ਪਾਨਾ ਹੈ, ਤੋ ਖੁਦੀ ਕੋ ਮਿਟਾ ਲੇ

ਬੈਂਸ ਖੁਦੀ ਕੀ ਚਰਚਾ, ਅਪਨੇ ਮਨ ਸੇ ਹਟਾ ਲੇ
ਖੁਦੀ ਮਿਟੀ ਖੁਦਾ ਮਿਲਾ, ਯਹੀ ਤੋ ਪਰਦਾ ਹੈ

ਰੋਣਾ

ਰੋਣ ਲਈ ਤੈਨੂੰ ਜੱਗ ਘੱਲਿਆ, ਵੇਖ ਨਜ਼ਾਰੇ ਰੋਂਦਾ ਜਾ
ਕਰਮ ਧਰਮ ਚੋਂ ਨਹੀਂ ਲੱਭਣਾ, ਰੋ ਰੋ ਯਾਰ ਮਨਾਉਂਦਾ ਜਾ

ਜਨਮ ਲੈਣ ਤੇ ਬੱਚਾ ਰੋਵੇ, ਮਰਨ ਤੇ ਰੋਵੇ ਜੱਗ
ਛੁਪ ਛੁਪ ਨਜ਼ਾਰਾ ਵੇਖੇਂ ਪਿਆ, ਤੂੰ ਠੱਗਾਂ ਦਾ ਠੱਗ
ਬੈਂਸ ਨਿਮਾਣੇ ਸਮਝ ਨ ਕਾਈ, ਆ ਕੇ ਤੂੰ ਸਮਝਾ
ਬਿਜਲੀ ਲਿਸ਼ਕੇ ਜੱਗ ਡਰਾਵੇ, ਜੱਗ ਰੋਵੇ ਤੂੰ ਖੁਸ਼ ਹੋਵੇਂ
ਕਾਲੀ ਘਟਾ ਚੜ੍ਹ ਸ਼ਹਿਬਰ ਲਾਵੇ, ਮੀਂਹ ਵਰਸੈ ਤੂੰ ਰੋਵੇਂ
ਰੋਣ ਨੂੰ ਜਦੋਂ ਤੇਰਾ ਚਿੱਤ ਕਰਦੈ, ਘੱਲ ਛੱਡੈਂ ਕਾਲੀ ਘਟਾ
ਬੱਦਲ ਗਰਜੇ ਬਿਜਲੀ ਚਮਕੇ, ਚੋਰ ਮੋਰ ਖੁਸ਼ੀ ਮਨਾਵਣ
ਸਾਵਣ ਆਵੇ ਸ਼ਹਿਬਰ ਲਾਵੇ, ਚਾਤ੍ਰਿਕ ਘੁਰਨੇ ਵੜ ਜਾਵਣ
ਪਾਣੀ ਚੱਲ ਪਹਾੜੋਂ ਆਵੇ, ਚੱਲ ਸਾਗਰ ਦਵੇਂ ਮਿਲਾ
ਬਹਾਨੇ ਲਾ ਲਾ ਜੱਗ ਡਰਾਵੇਂ, ਛੁਪ ਛੁਪ ਤੂੰ ਖੁਦ ਰੋਵੇਂ
ਬੈਂਸ ਪੁੱਛੇ ਕੀ ਚਿੱਤ ਚ ਤੇਰੇ, ਇਹ ਧੋਣੇ ਕਿਹਨੂੰ ਧੋਵੇਂ
ਨਾ ਬੈਂਸ ਡਰਾ ਨਾ ਖੁਦ ਰੋ, ਜੱਗ ਦਾ ਰੋਣਾ ਬੰਦ ਕਰਾ
ਮੀਂਹ ਬਰਸੇ ਬੱਦਲ ਗਰਜੇ, ਹੰਝੂਆਂ ਦੀ ਬਰਸਾਤ ਲੱਗੇ
ਤੂੰ ਰੋਵੇਂ ਜੱਗ ਵੇਖੇ, ਸਭ ਨਦੀਆਂ ਨਾਲੇ ਭਰ ਜਾਣ ਵਗੇ
ਏਥੇ ਹੀ ਗੱਲ ਮੁੱਕਦੀ ਨਹੀਂ, ਸਭ ਸਰ ਧਰ ਦਵੇ ਉਛਲਾ
ਤੂੰ ਬੈਂਸ ਦਾ ਢੋਲਣ ਮਾਹੀ, ਤੈਨੂੰ ਚੇਤੇ ਕਰੇ ਦਿਨ ਰਾਤ
ਜਦੋਂ ਤੂੰ ਸਾਹਮਣੇ ਨਾ ਹੋਵੇਂ, ਲੱਗੇ ਸਾਵਣ ਦੀ ਬਰਸਾਤ
ਜੇ ਬੈਂਸ ਨਹੀਂ ਯਾਰ ਮਿਲਾਉਣਾ, ਤੂੰ ਖੁਦ ਯਾਰ ਬਣ ਆ

ਲੈਣ ਦੇ ਨਜ਼ਾਰਾ

ਦੋ ਪਲ ਸਾਡੇ ਕੋਲ ਬਹਿ ਜਾ, ਅਸਾਂ ਲੈਣਾ ਮੁੱਖੜੇ ਦਾ ਲਹਿਜਾ
ਹੋਰ ਅਸਾਂ ਕੁਝ ਨਹੀਂ ਕਹਿਣਾ, ਲੈਣ ਦੇ ਨਜ਼ਾਰਾ ਪਲਕਾਂ ਦਾ
ਮੇਰੀ ਅੱਖੀਆਂ ਤੇਰੇ ਸੰਗ ਲੜੀਆਂ, ਜੀ ਕਰੇ ਤੱਕਣ ਨੂੰ ਪਲਕਾਂ
ਤੇਰੇ ਸੱਖਣੇ ਸਲੋਣੇ ਨੈਣਾਂ ਚੋਂ, ਮੈਨੂੰ ਪੈਣ ਪਿਆਰ ਦੀਆਂ ਝਲਕਾਂ

ਲਾਉਣ ਸਾਵਣ ਦੀਆਂ ਝੜੀਆਂ, ਪਤਾ ਨਹੀਂ ਕਿੰਨਾਂ ਚਿਰ ਬਹਿਣਾ
ਜੀ ਕਰਦਾ ਏ ਤੈਨੂੰ ਵੇਖੀ ਜਾਵਾਂ, ਇੱਕ ਹੋ ਜਾਣ ਧੁੱਪ ਤੇ ਛਾਵਾਂ
ਆ ਕੇ ਸਾਹਮਣੇ ਬਹਿ ਸਾਡੇ, ਚੰਨਾਂ ਮੁੱਕ ਜਾਣ ਸਾਡੀਆਂ ਹ੍ਵਾਵਾਂ
ਪਿਆਰ ਵਾਲਾ ਛਤਰ ਤਾਣ ਦੇ, ਅਸਾਂ ਤੇਰੇ ਸਾਏ ਵਿਚ ਰਹਿਣਾ
ਮੈਨੂੰ ਬਾਰ ਬਾਰ ਰਮਜ਼ਾਂ ਦੱਸਦਾ ਏਂ, ਤੂੰ ਮੇਰੇ ਚਿੱਤ ਚ ਵਸਦਾ ਏਂ
ਜਦੋਂ ਮੈਂ ਰੋਵਾਂ ਤੂੰ ਰੋਂਦਾ ਏਂ, ਜਦੋਂ ਮੈਂ ਹੱਸਾਂ ਤੂੰ ਵੀ ਹਸਦਾ ਏਂ
ਮੈਨੂੰ ਹਰਦਮ ਯਾਦ ਸਤੌਂਦੀ ਏ, ਪਾ ਕੇ ਪਿਆਰ ਦਾ ਗਹਿਣਾ
ਭਾਵੇਂ ਧੁੱਪ ਏ ਭਾਵੇਂ ਛਾਂ ਏ, ਮੇਰੇ ਲਬਾਂ ਤੇ ਯਾਰ ਦਾ ਨਾਂ ਏ
ਹਰ ਜਾ ਹਰ ਜਾਈ ਹਰਿ ਤੂੰ ਏਂ, ਹਰ ਜਾ ਹਰਿ ਤੇਰੀ ਛਾਂ ਏ
ਹਰ ਜਾ ਮੈਨੂੰ ਤੂੰ ਦਿਸਦਾ, ਤੇਰੇ ਪਿਆਰ ਦੀ ਛਾਵੇਂ ਬਹਿਣਾ
ਰਾਤਾਂ ਬੀਤਣ ਗਿਣ ਗਿਣ ਤਾਰੇ, ਦਿਨ ਬੀਤਣ ਪਿਆਰ ਸਹਾਰੇ
ਇਕ ਵਾਰ ਆ ਕੇ ਮੁੱਖ ਵਖਾ ਜਾ, ਤੈਨੂੰ ਤੇਰਾ ਪਿਆਰ ਪੁਕਾਰੇ
ਦਿਨਸ ਰਾਤ ਸਭ ਤੂੰ ਹੀ ਤੂੰ ਏਂ, ਅਸਾਂ ਹੋਰ ਕੁਝ ਨਹੀਂ ਕਹਿਣਾ
ਘੁੰਗਟ ਚੱਕ ਲੈ ਓ ਸੱਜਣਾ, ਹੁਣ ਕਾਹ ਦੀਆਂ ਸ਼ਰਮਾਂ ਰਹਿ ਗਈਆਂ
ਤੂੰ ਵੀ ਮੁੜ ਪਛਤਾਵੇਂਗਾ, ਜਦੋਂ ਹੂਕਾਂ ਜਿਗਰ ਦੀਆਂ ਬਹਿ ਗਈਆਂ
ਮਿਨਤਾਂ ਕਰਦੀ ਹਾਰ ਗਈ, ਬੈਂਸ ਦੱਸ ਹੋਰ ਕਿੰਨਾਂ ਦੁਖ ਸਹਿਣਾ
ਆ ਕੇ ਸਾਹਣੇ ਬਹਿ ਸਾਡੇ, ਕੁਝ ਅਪਣੀ ਦੱਸ ਕੁਝ ਸਾਡੀ ਸੁਣ
ਤੱਕ ਮੁਖੜਾ ਬੇਹੋਸ਼ ਹੋਵਾਂ, ਪੀਵਾਂ ਜਾਮ ਪਿਆਲਾ ਤੇਰਾ ਨਾਂ ਸੁਣ
ਮਾਹੀਂ ਤੂੰ ਮੇਰਾ ਹਾਰ ਗਲੇ ਦਾ, ਹੁਣ ਅਸਾਂ ਵੱਖ ਨਹੀਂ ਰਹਿਣਾ

ਕੱਖ ਨਹੀਂ ਰਹਿਣਾ

ਨਿੱਤ ਕਰਦਾ ਮੇਰੀ ਮੇਰੀ, ਜੱਗ ਚਾਰ ਦਿਨਾਂ ਦੀ ਫੇਰੀ
ਇਹ ਦੁਨੀਆਂ ਸਹਰ ਮੇਲਾ ਏ, ਹੋ ਜਾਣਾ ਅੰਤ ਨੂੰ ਢੇਰੀ
ਘੁੰਗਰੂ ਪਾ ਛਣ ਛਣ ਛਣਕਾ, ਭਾਵੇਂ ਪਾ ਭੈਰੋਂ ਦੀ ਫੇਰੀ
ਝੂਠਾ ਜਗਤ ਤਮਾਸ਼ਾ ਸਭ, ਕਿਸੇ ਸਾਰ ਨ ਲੈਣੀ ਤੇਰੀ

ਲੁੱਟ ਕਸੁੱਟ ਕੇ ਬੋਝੇ ਭਰਦੈਂ, ਤੂੰ ਦੁਨੀਆਂ ਤੋਂ ਵੱਖ ਨਹੀਂ
ਜਦੋਂ ਮਾਰੀ ਭੌਰ ਉਡਾਰੀ, ਮੁੜ ਪੱਲੇ ਰਹਿਣਾ ਕੱਖ ਨਹੀਂ

ਓ ਮੇਰੇ ਯਾਰ ਤੂੰ ਮੇਰਾ ਪਿਆਰ, ਤੂੰ ਮੇਰਾ ਯਾਰ ਮੈਂ ਤੇਰਾ ਯਾਰ
ਅੱਲ੍ਹੜਪਣੇ ਚ ਲੱਗ ਗਈ ਸਾਡੀ, ਐਵੇਂ ਹੋ ਗਏ ਕੌਲ ਕਰਾਰ

ਬੇਸਮਝੇ ਪੈ ਗਿਆ ਪਿਆਰ, ਇਸ ਚ ਮੇਰਾ ਕੋਈ ਵਸ ਨਹੀਂ
ਦੁਨੀਆਂ ਸਹਿਰ ਮੇਲਾ ਏ, ਚਾਰ ਦਿਨਾਂ ਦਾ ਜਗਤ ਝਮੇਲਾ ਏ
ਅੱਜ ਆਇਆ ਕੱਲ੍ਹ ਟੁਰ ਜਾਣਾ, ਜੱਗ ਦਾ ਰਾਹ ਅਲਬੇਲਾ ਏ
ਤੈਨੂੰ ਲੁੱਟਿਆ ਮਾਇਆ ਮਾਈ ਨੇ, ਰਹਿੰਦੀ ਕਿਸੇ ਦੇ ਹੱਥ ਨਹੀਂ
ਤੇਰੇ ਬਾਝੋਂ ਜੀ ਨਹੀਂ ਲਗਦਾ, ਸੁਬਹ ਸ਼ਾਮ ਕਰਾਂ ਮੈਂ ਸਜਦਾ
ਤੂੰ ਹੀ ਤੂੰ ਮੇਰਾ ਜੀ ਪੁਕਾਰੇ, ਤੂੰ ਤੂੰ ਕਰਦੇ ਜੀ ਨਹੀਂ ਰੱਜਦਾ
ਤੂੰ ਮੇਰੇ ਵਿਚ ਮੈਂ ਤੇਰੇ ਵਿਚ, ਅਸਾਂ ਇਕ ਦੂਜੇ ਤੋਂ ਵੱਖ ਨਹੀਂ
ਕਿਹਨੂੰ ਕੂਕ ਸੁਣਾਵਾਂ ਮੈਂ, ਬਿਨ ਆਖੇ ਜੀ ਭਰ ਆਉਂਦਾ ਏ
ਹੋਰ ਕੋਈ ਮੇਰੀ ਸੁਣਦਾ ਨਹੀਂ, ਬੈਂਸ ਤੈਨੂੰ ਆਖ ਸੁਣਾਉਂਦਾ ਏ
ਆ ਢੋਲਣਾ ਅਸਾ ਦੁਖ ਫੋਲਣਾ, ਕਿਸੇ ਨਾਲ ਮਿਲਦੀ ਅੱਖ ਨਹੀਂ
ਆ ਢੋਲਾ ਮਿਲ ਕੱਠੇ ਬਹੀਏ, ਦੁਖ ਸੁਖ ਇਕ ਦੂਜੇ ਨੂੰ ਕਹੀਏ
ਮੇਰੀ ਸੁਣ ਕੁਝ ਅਪਣੀ ਕਹਿ, ਚੁੱਪ ਚਾਪ ਨਜ਼ਾਰਾ ਲੈਂਦੇ ਰਹੀਏ
ਆ ਜਾ ਦਿਲ ਬਹਿਲਾ ਸਾਡਾ, ਤੇਰੇ ਬਾਝੋਂ ਆਉਂਦਾ ਰਸ ਨਹੀਂ
ਬੈਂਸ ਤੇਰੇ ਸੋਹਲੇ ਗਾਉਂਦਾ ਏ, ਤੂੰ ਹੀ ਤੂੰ ਦਿਲੋਂ ਧਿਆਉਂਦਾ ਏ
ਹੋਰ ਕਿਸੇ ਤੇ ਜੀ ਨਹੀਂ ਰੁਕਦਾ, ਕੋਈ ਆਉਂਦਾ ਕੋਈ ਜਾਂਦਾ ਏ
ਨੱਚ ਯਾਰ ਮਨਾਉਣ ਨੂੰ ਜੀ ਕਰਦੈ, ਸੁਰ ਬਾਝੋਂ ਹੁੰਦਾ ਨੱਚ ਨਹੀਂ
ਤੂੰ ਜੋ ਕੁਝ ਦਿੱਤਾ ਤੇਰੀ ਬਾਜ਼ੀ, ਸਾਡਾ ਚਿੱਤ ਇਸੇ ਵਿਚ ਰਾਜ਼ੀ
ਚਿੱਤ ਹੋਰ ਕਿਸੇ ਤੋਂ ਕੁਝ ਨ ਮੰਗਦਾ, ਬੈਂਸ ਬਣ ਬੈਠਾ ਏ ਗਾਜ਼ੀ
ਤੂੰ ਸਾਕੀ ਬੈਂਸ ਰਿੰਦ ਮੈਖ਼ਾਨੇ, ਹੋਰ ਸੰਗ ਮਿਲਦੀ ਅੱਖ ਨਹੀਂ

ਪੈਰੀਂ ਹੱਥ ਲਾ

ਰੱਬ ਆਖਿਆਂ ਰੱਬ ਨ ਮੰਨੇਂ, ਮੰਨੇ ਯਾਰ ਧੂੜ ਮੁਖ ਲਾ ਕੇ
ਸਜਦੇ ਕਰ ਪੈਰ ਹੱਥ ਲਾ ਕੇ, ਦਿਲ ਦੇ ਕੇ ਯਾਰ ਮਨਾ ਕੇ

ਮੇਰਾ ਰੱਬ ਯਾਰ ਵਿਚ ਵਸਦਾ, ਪਰ ਮੈਨੂੰ ਕੁਝ ਨ ਦੱਸਦਾ
ਮੈਂ ਜਾ ਪੂਜਾਂ ਗੁਰੁਦੁਆਰਾ, ਉਹ ਵੇਖ ਵੇਖ ਕੇ ਹਸਦਾ
ਆ ਸੁਫਨੇ ਚ ਬੈਂਸ ਨੂੰ ਆਖੇ, ਬਹਿ ਮਾਹੀ ਦਰ ਜਾ ਕੇ
ਉਹੋ ਯਾਰ ਮੇਰਾ ਉਹੋ ਰੱਬ, ਇਹ ਜਾਣਦਾ ਨਹੀਂ ਜੱਗ
ਸਭ ਤੀਰਥਾਂ ਨੂੰ ਜਾਣ, ਇਕ ਦੂਜੇ ਪਿੱਛੇ ਭੱਜ ਭੱਜ
ਸਰੀਰ ਧੋਵਣ ਪਰ ਮਨ ਮੈਲਾ, ਮਨ ਧੋਵੇ ਸਮਝਾ ਕੇ
ਕਰਮ ਧਰਮ ਏ ਦੁਨੀਆਂ ਬਾਜ਼ੀ, ਸਾਰਾ ਜੱਗ ਇਸੇ ਵਿਚ ਰਾਜ਼ੀ
ਮਸਾਲੇ ਲਾ ਅੱਲ੍ਹੜਾਂ ਭੜਕਾਵਣ, ਪੂਜਣ ਹਰਮੰਦਰ ਕੋਈ ਹਾਜੀ

ਭੇਸ ਬਣਾ ਕੇ ਦੁਨੀਆਂ ਫਿਰਦੀ, ਚੋਰਾਂ ਨੂੰ ਸਾਧ ਬਣਾ ਕੇ
ਸ਼ਬਦ ਸੁਣਨ ਗੁਰਦੁਆਰੇ ਜਾਵੇਂ, ਪਰ ਜ਼ਰਾ ਮਨ ਨ ਲਾਵੇਂ
ਇਕ ਕੰਨ ਪਾ ਦੂਜੇ ਚੋਂ ਕੱਢੇਂ, ਪੱਲਾ ਝਾੜ ਘਰ ਮੁੜ ਆਵੇਂ
ਗਿਆ ਸਾਂ ਸਿਖਿ ਸਿਖਣ, ਮੁੜਿਆ ਪਿਛਲਾ ਕਰਮ ਮਿਟਾ ਕੇ
ਤੂੰ ਅੱਖਾਂ ਮੀਟ ਕੇ ਸੌਂ ਗਿਆ, ਇਹ ਦੁਨੀਆਂਦਾਰੀ ਸੁਫਨਾ ਏ
ਰਾਜ ਤਾਜ ਸਭ ਖੋਹ ਲਿਆ, ਤੂੰ ਅੰਤ ਮੜ੍ਹੀ ਜਾ ਢੁੱਕਣਾ ਏ
ਭਾੜੀ ਨੂੰ ਭਾੜਾ ਹੀ ਮਿਲਿਆ, ਥੱਕ ਟੁੱਟਿਆ ਭਾਰ ਉਠਾ ਕੇ
ਪਾਠ ਪੜ੍ਹ ਭਾਵੇਂ ਪੜ੍ਹ ਨਮਾਜ਼ਾਂ, ਕੋਠੇ ਚੜ੍ਹ ਚੜ੍ਹ ਮਾਰ ਵਾਜਾਂ
ਕੰਨ ਫੂਕ ਵੀ ਉਹਨੂੰ ਸੁਣਦੀ, ਐਵੇਂ ਲਾਵੇਂ ਮਝ੍ਹਬ ਨੂੰ ਲਾਜਾਂ
ਛੱਡ ਪਰੇ ਬਸਾ ਚਿੱਤ ਗੁਰਦੇਵ, ਢਹਿ ਮੁਰਸ਼ਦ ਦਰ ਜਾ ਕੇ
ਜੇ ਤੂੰ ਰੱਬ ਨੂੰ ਮਨਾਉਣਾ, ਪਹਿਲਾਂ ਪੈਣਾ ਯਾਰ ਬਣਾਉਣਾ
ਯਾਰ ਦਰ ਜਾ ਕੇ ਸੀਸ ਝੁਕਾ, ਫਿਰ ਉਹਨੇ ਮਨ ਸਮਝੌਣਾ
ਬਿਨਾ ਜਾਗ ਦੇ ਦੁੱਧ ਨਹੀਂ ਜਮਦਾ, ਜਮਦਾ ਜਾਗ ਲਗਾ ਕੇ
ਬੈਂਸ; ਇੰਵ ਰੱਬ ਨੂੰ ਮਨਾ, ਜਿਵੇਂ ਰੁੱਸੇ ਯਾਰ ਨੂੰ ਮਨਾਈਦਾ
ਦਿਲ ਲੈ ਮਾਹੀ ਦਰ ਜਾਹ, ਮੁਰਾਦਾਂ ਲੈ ਕੇ ਨੀ ਜਾਈਦਾ
ਤੇਰੀ ਕਰਤੂਤੋਂ ਰੁੱਸਾਂ ਬੈਠਾ, ਢਹਿ ਦਰ ਮਾਹੀ ਦੇ ਜਾ ਕੇ
ਮੇਰਾ ਰੁੱਸ ਗਿਆ ਯਾਰ, ਹੁਣ ਕੋਈ ਚੱਲਦਾ ਨੀ ਚਾਰਾ
ਕਿਵੇਂ ਰੁੱਸੇ ਯਾਰ ਨੂੰ ਮਨਾਵੇ, ਬੈਂਸ ਫਿਰੇ ਮਾਰਾ ਮਾਰਾ
ਮਿੰਨਤਾਂ ਕਰਾਂ ਵਾਸਤੇ ਪਾਵਾਂ, ਦਰ ਸੱਜਣਾ ਦੇ ਜਾ ਕੇ
ਅਸਾਂ ਪਾਰ ਲੰਘਾ ਦੇ, ਮਿੰਨਤਾਂ ਕਰਾਂ ਮਲਾਹ ਦੀਆਂ
ਬੇੜੀ ਤੇ ਚੜ੍ਹਾ ਲੈ, ਸਧਰਾਂ ਯਾਰ ਨੂੰ ਵਾਜਾਂ ਮਾਰਦੀਆਂ
ਮਾਝੀ; ਲੈ ਚੱਲ ਪਾਰ ਝਨਾ ਦੇ, ਦੀਦ ਯਾਰ ਦੀ ਕਰਾ ਦੇ
ਅਸਾਂ ਜਾ ਚਰਨਾਂ ਤੇ ਢਹਿਣਾ, ਭਾਵੇਂ ਯਾਰ ਧੱਕੇ ਮਾਰੇ
ਬੈਂਸ ਤੇਰੇ ਦਰ ਆਇਆ, ਤੇਰੇ ਪਿਆਰ ਦੇ ਸਹਾਰੇ
ਤੇਰੇ ਬਾਝੋਂ ਦਰ ਨਹੀਂ ਕੋਈ, ਜਿੱਥੇ ਬਹਿ ਜਾਂ ਜਾ ਕੇ
ਭਾਵੇਂ ਰਖ ਭਾਵੇਂ ਮਾਰ, ਮੇਰਾ ਤੇਰੇ ਸੰਗ ਪਿਆਰ
ਤੂੰ ਮੇਰਾ ਸੁਹਣਾ ਮਾਹੀ, ਤੂੰ ਹੀ ਮੇਰਾ ਪਿਆਰਾ ਯਾਰ
ਤੈਨੂੰ ਰੱਬ ਮੰਨ ਪੂਜਾਂ, ਸੇਵਾਂ ਚਰਨ ਧੂੜ ਮੁੱਖ ਲਾ ਕੇ
ਅਸਾਂ ਮੰਨਣਾ ਏ ਭਾਣਾ, ਤੇਰੇ ਦਰ ਤੋਂ ਨਹੀਂ ਜਾਣਾ
ਬੈਂਸ ਗ਼ਲਤੀ ਨ ਕਰਦਾ, ਜ਼ਰਾ ਹੁੰਦਾ ਜੇ ਸਿਆਣਾ
ਬਖਸ਼ ਦੇ ਬੈਂਸ ਨਿਮਾਣੇ ਨੂੰ, ਧੀਰ ਬਨ੍ਹਾ ਗਲ ਲਾ ਕੇ
ਜਿਵੇਂ ਰੁੱਸੇ ਯਾਰ ਨੂੰ ਮਨਾਵੇਂ, ਉਵੇਂ ਮੰਨੇ ਸੁਹਣਾ ਰੱਬ

ਯਾਰ ਰੱਬ ਦੋਵੇਂ ਇਕ, ਪਰ ਜਾਣਦਾ ਨਹੀਂ ਜੱਗ
ਰੱਬ ਮੰਨਦਾ ਨਹੀਂ ਉਵੇਂ, ਮੰਨੇ ਯਾਰ ਨੂੰ ਮਨਾ ਕੇ
ਯਾਰ ਚਰਨ ਹੱਥ ਲਾ, ਜਿਵੇਂ ਨੂੰਹ ਸਹੁਰੇ ਪੈਰੀਂ ਲਾਵੇ
ਲੈ ਕੇ ਉਹਦਾ ਅਸ਼ੀਰਵਾਦ, ਚੈਨ ਜੀਅੜੇ ਨੂੰ ਆਵੇ
ਬਣ ਮਾਹੀ ਘਰ ਦੀ ਰਾਣੀ, ਉਹਨੂੰ ਚਿੱਤ ਚ ਵਸਾ ਕੇ
ਭਾਵੇਂ ਧੀਰਕ ਭਾਵੇਂ ਧੱਕੇ, ਦਰ ਮਾਹੀ ਦੇ ਬਹਿਣਾ ਪੈਂਦਾ
ਮਾਹੀ ਮਾਹੀ ਕਹਿਣਾ ਪੈਂਦਾ, ਹਿਜਰ ਇਸ਼ਕ ਦਾ ਸਹਿਣਾ ਪੈਂਦਾਂ
ਬੈਂਸ ਦਿਲ ਦੇ ਕੇ ਸੀਸ ਝੁਕਾ ਕੇ, ਮੰਨੇਂ ਯਾਰ ਧੂੜ ਮੁਖ ਲਾ ਕੇ

ਸਹੁਰਿਆਂ ਨੂੰ ਜਾਈਦੈ

ਇੰਞ ਰੱਬ ਨੂੰ ਮਨਾ, ਜਿਵੇਂ ਰੁੱਸੇ ਯਾਰ ਨੂੰ ਮਨਾਈਦੈ
ਛੱਡ ਮਾਪਿਆਂ ਦਾ ਘਰ, ਜਿਵੇਂ ਸਹੁਰਿਆਂ ਨੂੰ ਜਾਈਦੈ
ਰੱਬ ਜੱਗ ਦੀ ਕਹਾਣੀ, ਹੋਣਾ ਪੈਂਦਾ ਏ ਨਿਮਾਣੀ
ਟੁਰ ਪਲਕਾਂ ਝੁਕਾ ਕੇ, ਜਦੋਂ ਵਾਰੇ ਸੱਸ ਪਾਣੀ
ਚਰਨ ਧੂੜ ਮੁੱਖ ਲਾ ਕੇ, ਗਲ ਸੱਜਣਾ ਨੂੰ ਲਾਈਦੈ
ਛੱਡ ਸਖੀਆਂ ਦਾ ਸੰਗ, ਚੜ੍ਹੈ ਸਹੁਰਿਆਂ ਦਾ ਰੰਗ
ਮਾਣ ਤਾਣ ਸਭ ਖੋ ਕੇ, ਮੰਗ ਸੱਜਣਾ ਤੋਂ ਮੰਗ
ਮੰਗ ਯਾਰ ਕੋਲੋ ਮੰਗ, ਕਿਵੇਂ ਅਪਣਾ ਬਣਾਈਦੈ
ਨੱਚ ਸਹੁਰੇ ਘਰ ਜਾ ਕੇ, ਨੱਚ ਮਾਹੀ ਦੇ ਪਿਆਰ ਵਿਚ
ਚੁੰਨੀਂ ਸ਼ਰਮ ਦੀ ਲਾਹ, ਹੋ ਇਕ ਮਿਕ ਦਿਲਦਾਰ ਵਿਚ
ਯਾਰ ਰੱਬ ਦੋਵੇਂ ਇਕ, ਯਾਰ ਰੱਬ ਜਾਣ ਕੇ ਮਨਾਈਦੈ
ਰੱਬ ਨਹੀਂ ਹਵਾ ਦਾ ਬੁੱਲਾ, ਜੋ ਜਾਂਦੇ ਨਜ਼ਰ ਨ ਆਵੇ
ਲੜ ਸੱਜਣਾ ਦੇ ਲੱਗ ਜਾ, ਉਹ ਰੱਬ ਦਾ ਰਾਹ ਵਖਾਵੇ
ਬਣ ਕੇ ਚਰਨਾਂ ਦੀ ਧੂੜ, ਜਾਗ ਯਾਰ ਤੋਂ ਲਵਾਈਦੈ
ਜਦੋਂ ਸਿੱਖਿ ਯਾਰ ਜੀ ਵਸਾਵੇ, ਸੇਧ ਚਿੱਤ ਨੂੰ ਆ ਜਾਵੇ
ਮਨ ਸਿੱਧਾ ਕਰਕੇ ਬੈਂਸ, ਸਮਝ ਯਾਰ ਦੀ ਆ ਜਾਵੇ
ਰੱਬ ਦੂਰ ਨਹੀਂ ਤੈਥੋਂ, ਵਾਜ ਮਾਰ ਚਿੱਤ ਚੋਂ ਬੁਲਾਈਦੈ
ਹੋਰ ਕਿਤੋਂ ਰਬ ਨਹੀਂ ਮਿਲਦਾ, ਮੁਰਸ਼ਦ ਚੋਂ ਵੇਖਣਾ ਪੈਂਦਾ
ਮੁਰਸ਼ਦ ਚਿੱਤ ਚ ਵਸ ਜਾਵੇ, ਉਹ ਆਪ ਰੱਬ ਬਣ ਬਹਿੰਦਾ
ਮੰਨ ਲੈ ਬੈਂਸ ਨਿਮਾਣੇ ਦੀ, ਯਾਰ ਕਦੀ ਨੀ ਭੁਲਾਈਦੈ
ਕਮਲ ਵਾਂਗ ਨੀਰ ਸੰਗ ਵਸ, ਬਣ ਸੱਜਣਾ ਦੀ ਦਾਸੀ

ਮਾਰ ਲਹਿਰਾਂ ਦੀ ਖਾ, ਪਿਆਰ ਨੀਰ ਦੀ ਪਿਆਸੀ
ਅਪਣਾ ਰੰਗ ਬਦਲਾ, ਜਿਵੇਂ ਨੀਰ ਸ਼ੀਰ ਚ ਮਿਲਾਈਦੈ
ਮਿਲਣੀ ਕਰ ਦਿਲਦਾਰ ਸੰਗ, ਜੇ ਤੂੰ ਪਾਰ ਉਤਾਰਾ ਕਰਨਾ
ਯਾਰ ਬਣਾ ਤੇ ਪਿਆਰ ਪਾ, ਮੁੜ ਉਹਦੇ ਪਿਆਰ ਚ ਮਰਨਾ
ਪਿਆਰ ਕੁਤਬੋਂ ਉਚੀ ਮੰਜ਼ਿਲ, ਖੋ ਪਿਆਰ ਚੜ੍ਹ ਜਾਈਦੈ
ਜਿਉਂਦੇ ਮਰਨਾਂ ਸਿੱਖ ਬੈਂਸ, ਜੇ ਅਪਣਾ ਮਨ ਨੀਵਾਂ ਕਰਨਾ
ਸਾਰਾ ਰਾਜ਼ ਯਾਰ ਜਾਣਦਾ, ਮੁੜ ਉਹਦੇ ਪਿਆਰ ਚ ਮਰਨਾ
ਇਹ ਐਸਾਸ ਉਦੋਂ ਵਾਪਰੈ, ਜਦੋਂ ਜਿਉਂਦੇ ਮਰ ਜਾਈਦੈ
ਯਾਰ ਬਣਾ ਤੇ ਇਸ਼ਕ ਕਮਾ, ਹਰ ਵੇਲੇ ਚਿੱਤ ਚ ਰੱਖ
ਉਹ ਤੇਰੇ ਵਿੱਚ ਤੂੰ ਉਹਦੇ ਵਿਚ, ਤੈਥੋਂ ਕਦੀ ਨ ਹੋਵੇ ਵੱਖ
ਦਿਲ ਦੇ ਕੇ ਦਿਲ ਮਿਲਦੈ, ਯਾਰ ਪਿਆਰ ਮਰ ਜਾਈਦੈ
ਪੜ੍ਹ ਲੈ ਪੱਟੀਆਂ ਇਸ਼ਕ ਦੀਆਂ, ਛੱਡ ਖ਼ੈੜਾ ਧਰਮ ਗ੍ਰੰਥਾਂ ਦਾ
ਭੇਸ ਬਣਾਉਣੇ ਛੱਡ ਸਵਰਨਿਆਂ, ਸਭ ਨੀਲੇ ਪੀਲੇ ਪੰਥਾਂ ਦਾ
ਕਰਮ ਧਰਮ ਸਭ ਦੁਨੀਆਂਬਾਜ਼ੀ, ਰੱਬ ਨਹੀਂ ਮੰਨ ਪਾਈਦੈ
ਚਿਤ ਵਸਾ ਕੇ ਯਾਰ ਸੱਖਣਾ, ਰੱਖ ਸਖੀ ਨੂੰ ਪਲਕਾਂ ਉਤੇ
ਰੱਖ ਭਰੋਸਾ ਯਾਰ ਪਿਆਰ ਤੇ, ਭਾਗ ਜਾਗ ਜਾਣਗੇ ਸੁੱਤੇ
ਮਾਣ ਨਿਮਾਣੀ ਤਾਣ ਨਤਾਣੀ, ਮੁੜ ਮਾਹੀ ਚਿੱਤ ਵਸਾਈਦੈ
ਦਿਲ ਦੇ ਕੇ ਦਿਲ ਮਿਲਦੈ, ਰਾਹ ਦਿਸੇ ਯਾਰ ਦੁਆਰੇ ਦਾ
ਉਹਨੂੰ ਵੀ ਇਹੋ ਤਾਂਘ ਏ, ਰਾਹ ਤੱਕੇ ਮਿੱਤਰ ਪਿਆਰੇ ਦਾ
ਗਲਵਕੜੀ ਪਾ ਕੇ ਮਿਲੂ ਬੈਂਸ, ਜਦੋਂ ਸੱਜਣਾ ਦਰ ਜਾਈਦੈ
ਸਵਰਨ; ਰੁੱਸੇ ਯਾਰ ਨੂੰ ਮਨਾ ਲੈ, ਜੇ ਤੂੰ ਪਾਰ ਲੰਘਣਾ
ਪੱਲੂ ਗਲੇ ਪਾ ਕੇ ਉਹ ਤੋਂ ਮੰਗ, ਬੈਂਸ; ਜੋ ਵੀ ਮੰਗਣਾ
ਕਰੂ ਸਧਰ ਚਿੱਤ ਦੀ ਪੂਰੀ, ਜਦੋਂ ਉਹਦੀ ਬਣ ਜਾਈਦੈ

ਚਰਨ ਧੂੜ

ਮੀਮ ਦੇ ਓਹਲੇ ਠਾਣਾ ਸਾਹਿਬ ਦਾ, ਰਾਹ ਦਿੱਸੇ ਯਾਰ ਮਨਾ ਕੇ
ਗਮ ਪੀ ਕੇ ਨੀਰ ਬਹਾ ਕੇ, ਉਹਦੀ ਚਰਨ ਧੂੜ ਮੁਖ ਲਾ ਕੇ

ਖੁਦ ਜ਼ਾਹਰ ਹੋਣ ਵਾਸਤੇ, ਰੱਬ ਨੇ ਖੁਦ ਯਾਰ ਧਿਆਇਆ ਸੂ
ਹਰਿ ਹਰਿ ਕਰਦਾ ਹਰਿ ਹੋ ਗਿਆ, ਯਾਰ ਚਿੱਤ ਵਸਾਇਆ ਸੂ
ਖੁਦ ਬਣਿਆਂ ਖਾਲਿਕ ਖਲਕ ਦਾ, ਯਾਰ ਤੋਂ ਬਖਸ ਬਖਸਾ ਕੇ

ਰੱਬ ਖੁਦ ਛੁਪਿਆ ਬੈਠਾ ਸੀ, ਯਾਰ ਸੰਗ ਪਿਆਰ ਨ ਕਰਿਆ
ਸਾਰੀ ਸੱਤਾ ਜ਼ਾਹਰ ਹੋ ਗਈ, ਜਦੋਂ ਯਾਰ ਚਰਨ ਸਿਰ ਧਰਿਆ
ਯਾਰ ਰੱਬ ਦਾ ਰਾਹ ਅਨੋਖਾ, ਰਾਹ ਲੱਭਦਾ ਯਾਰ ਦਰ ਜਾ ਕੇ
ਰੱਬ ਖੁਦ ਤਾੜੀ ਲਾਈ ਬੈਠਾ ਸੀ, ਫਿਰ ਵੀ ਕੱਲਮ ਕੱਲਾ ਸੀ
ਬਿਰਹਾ ਚਿੱਤ ਸਤਾਇਆ ਸੂ, ਪਿਆ ਕਰਦਾ ਅੱਲਾ ਅੱਲਾ ਸੀ
ਖੁਦੀ ਮਿਟਾ ਪੈਰੀਂ ਹੱਥ ਲਾ, ਰੱਬ ਬਣ ਗਿਆ ਜਗਤ ਬਣਾ ਕੇ
ਖੁਦ ਹੋਂਦ ਵਿਚ ਆ ਕੇ, ਫਿਰ ਰੱਬ ਨੇ ਯਾਰ ਧਿਆਇਆ
ਇਕ ਕਵਾਓ ਅਲਾਇ ਪਸਾਓ, ਮੁੜ ਸਾਰਾ ਜੱਗ ਸਜਾਇਆ
ਸੱਖਣੇ ਯਾਰ ਦੀ ਰਹਿਮਤ ਹੋਈ, ਹਰਿ ਸ਼ੈ ਚ ਛੁਪਿਆ ਜਾ ਕੇ
ਰੱਬ; ਸਾਰਾ ਜੱਗ ਕਰਮ ਬੱਧ ਕੀਤੋ, ਯਾਰ ਨੇ ਗੱਲ ਸਮਝਾਈ
ਸੱਖਣੇ ਯਾਰ ਦਾ ਕਰਜ਼ ਉਤਾਰਨ, ਗੱਲ ਯਾਰ ਦੀ ਚਿੱਤ ਵਸਾਈ
ਤੇਰੇ ਬਾਝੋਂ ਮੈਂ ਨਹੀਂ ਮੰਨਦਾ, ਦੁਨੀਆਂ ਡੁੱਬਦੀ ਮਾਣ ਵਧਾ ਕੇ
ਤੂੰ ਮੇਰੇ ਵਿਚ ਮੈਂ ਤੇਰੇ ਵਿਚ, ਤੂੰ ਮੈਨੂੰ ਸਭ ਕੁਝ ਦਿੱਤਾ ਏ
ਤੇਰਾ ਮੇਰਾ ਅਜਲ ਦਾ ਨਾਤਾ, ਮੇਰੇ ਜੱਗ ਚ ਤੇਰਾ ਹਿੱਸਾ ਏ
ਤੈਨੂੰ ਭੁੱਲ ਨ ਮੈਨੂੰ ਪਾਵਣ, ਹਾਰ ਜਾਣਗੇ ਤਾਣ ਸਭ ਲਾ ਕੇ
ਮੇਰਾ ਤੇਰਾ ਕੋਈ ਭੇਦ ਨਹੀਂ, ਜੋ ਤੇਰੀ ਪੂਜਾ ਸੋ ਮੇਰੀ ਪੂਜਾ
ਦਰ ਦਰ ਭੌਂਦੀ ਫਿਰੇ ਲੁਕਾਈ, ਕਰਮ ਧਰਮ ਸਭ ਧੰਦਾ ਦੂਜਾ
ਕਰਮ ਧਰਮ ਸਭ ਦੁਨੀਆਂਦਾਰੀ, ਭੁੱਲਣ ਧਰਮੀਂ ਸੀਸ ਝੁਕਾ ਕੇ
ਰੱਬ ਹੋਰ ਧਰਮ ਹੋਰ ਦੱਸਦੇ, ਧਰਮ ਪੂਜ ਕੇ ਰੱਬ ਨ ਪਾਇਆ
ਦਰ ਯਾਰ ਦਾ ਰਾਹ ਰੱਬ ਦਾ, ਜਿਹਨੇ ਯਾਰ ਨੂੰ ਚਿੱਤ ਵਸਾਇਆ
ਯਾਰ ਬੇੜੀ ਮੇਰਾ ਯਾਰ ਮਲਾਹ, ਬੈਂਸ ਨੂੰ ਲੈ ਚੱਲ ਪਾਰ ਬਿਠਾ ਕੇ
ਮੇਰੇ ਸੁਹਣੇ ਸਖਣੇ ਯਾਰ ਪਿਆਰੇ, ਗੱਲ ਤੇਰੇ ਕਰਮ ਤੇ ਰੁਕਦੀ
ਤੈਨੂੰ ਚੇਤੇ ਕਰ ਕਰ ਹਾਰ ਗਿਆ, ਤੇਰੀ ਯਾਦ ਚ ਖੱਲੜੀ ਸੁਕਦੀ
ਤੂੰ ਨਹੀਂ ਮਿਲਣਾ ਮੈਂ ਨਹੀਂ ਟਲਣਾ, ਨਹੀਂ ਮਿਲ ਬੈਂਸ ਨੂੰ ਆ ਕੇ

ਚਿੱਤੋਂ ਮਿਟੇ ਹਨੇਰਾ

ਕਿੱਥੇ ਤੇਰਾ ਵਤਨ ਸਨਮ, ਨਿੱਤ ਲਿਖ ਲਿਖ ਚਿਠੀਆਂ ਪਾਵਾਂ
ਹੋਰ ਜੇ ਕੋਈ ਵਾਹ ਨ ਚੱਲੈ, ਘੱਲਾਂ ਕਾਵਾਂ ਹੱਥ ਸਿਰਨਾਵਾਂ
ਜਿੱਥੇ ਤੂੰ ਵਸਦਾ ਏਂ ਢੋਲਾ, ਧਾਰ ਨੱਕ ਦੀ ਮੈਂ ਟੁਰੀ ਆਵਾਂ
ਕਰਾਂ ਬਹਾਨੇ ਯਾਰ ਮਿਲਣ ਦੇ, ਮੈਂ ਗੀਤ ਹਿਜਰ ਦੇ ਗਾਵਾਂ

ਮੇਰਾ ਇਸ ਜੱਗ ਵਿਚ ਕੁਝ ਨਹੀਂ, ਸਭ ਕੁਝ ਹੈ ਇੱਥੇ ਤੇਰਾ
ਤੇਰਾ ਤੈਨੂੰ ਪੂਜ ਚੜ੍ਹਾਵਾਂ, ਇਸ ਚ ਮੇਰਾ ਕਰਮ ਏ ਕਿਹੜਾ

ਨਦਰ ਕਰਮ ਦੀ ਜੇ ਹੋਵੇ, ਮੇਰਾ ਕਰਮ ਧਰਮ ਸਭ ਧੋ ਹੋਵੇ
ਮਨ ਤੇਰਾ ਬਣ ਰਹਿ ਜਾਵੇ, ਬਿਨ ਬੁੱਝਿਆਂ ਸਭ ਕੁਝ ਹੋਵੇ
ਮੇਰੇ ਚਿੱਤ ਚ ਇਹੋ ਸੋਚ ਸਨਮ, ਨਾਂ ਲਬਾਂ ਤੇ ਹੋਵੇ ਤੇਰਾ
ਜਾਗ ਉਠਣ ਭਾਗ ਨਿਮਾਣੇ ਦੇ, ਰਾਹ ਖੋਜੇ ਨਿੱਤ ਠਾਣੇ ਦੇ
ਦਰ ਤੇਰੇ ਦਾ ਬਣ ਭਿਖਾਰੀ, ਲੜ ਲੱਗੇ ਯਾਰ ਸਿਆਣੇ ਦੇ
ਤੇਰੇ ਦਰ ਵੱਲ ਟੁਰਿਆ ਆਵੇ, ਸੰਗ ਟੁਰ ਆਵੇ ਦਿਲ ਮੇਰਾ
ਝੋਲੀ ਖਾਲੀ ਤੱਕ ਕਰਾਂ ਵਿਚਾਰਾਂ, ਮੈਂ ਅਮਲਾਂ ਤੇ ਝਾਤੀ ਮਾਰਾਂ
ਦਿਲ ਰੋਂਦਾ ਯਾਦ ਸਤੌਂਦੀ ਏ, ਕਦੋਂ ਦੀਦ ਕਰਨ ਸਰਕਾਰਾਂ
ਕਰਮ ਤੇਰੇ ਵੱਲ ਦਿਲ ਜੋਹੈ, ਕਦੋਂ ਫੜਾਏ ਯਾਰ ਲੜ ਮੇਰਾ
ਵਾ ਸ਼ਾਹ ਦਰਬਾਰੋਂ ਆਵੇ, ਛੂਹ ਮਹਿਕ ਪਿਆਰ ਦੀ ਆਵੇ
ਘੱਲ ਪਰਚਾ ਮੇਰੇ ਯਾਰ ਦਰੋਂ, ਵਾ ਗਾ ਗਾ ਸਿਫਤ ਸੁਣਾਵੇ
ਚਿੱਤ ਝੋਲੇ ਖਾਵੈ ਬਿਰਖਾਂ ਸੰਗ, ਚਿੱਤ ਡੁੱਬੈ ਪਿਆਰ ਚ ਮੇਰਾ
ਯਾਦ ਤੇਰੀ ਮੇਰੇ ਚਿੱਤ ਆਹੀ, ਸਾਰੀ ਦੁਨੀਆਂ ਦਿਲੋਂ ਭੁੱਲਾਈ
ਹੁਸਨ ਵੇਖ ਚਿੱਤ ਚੈਨ ਗਿਆ, ਸੱਖਣੇ ਯਾਰ ਤੇ ਅੱਖ ਡੁਲ੍ਹਾਈ
ਘੁੰਡ ਚੁੱਕ ਕੇ ਝਲਕ ਵਖਾ ਢੋਲਾ, ਗੁੰਮ ਸੁੰਮ ਹੋਵੇ ਚਿੱਤ ਮੇਰਾ
ਲੁੱਟ ਲੈ ਚਿੱਤ ਨਿਮਾਣੇ ਦਾ, ਨਿਭਾ ਵਾਧਾ ਯਾਰ ਪੁਰਾਣੇ ਦਾ
ਕੀਤੇ ਵਾਧੇ ਨਾ ਭੁੱਲ ਜਾਵੀਂ, ਰੱਖ ਮਾਣ ਬਾਲ ਨਿਆਣੇ ਦਾ
ਝਿਲ ਮਿਲ ਖਿੱਚ ਚਿੱਤ ਪਾਵੀਂ, ਚਿੱਤ ਖੋ ਜਾਏ ਮਿੱਤ ਮੇਰਾ
ਐਵੇਂ ਕਿਧਰੇ ਰੋਲ ਨ ਦੇਵੀਂ, ਮੈਂ ਚਰਨ ਸਰਨ ਦੀ ਦਾਸੀ
ਦਰ ਬਦਰ ਦੀ ਝਾਕ ਚਿੱਤ, ਅਮ੍ਰਿਤ ਜਲ ਦੀ ਪਿਆਸੀ
ਸੁਣ ਝਾਂਜਰ ਦੀ ਛਣਕਾਰ ਸਨਮ, ਬੈਂਸ ਮੁੜ ਮੁੜ ਪਾਵੇ ਫੇਰਾ

ਲੈ ਚੱਲ ਕਿਨਾਰੇ

ਆ ਜਾ ਮੇਰੇ ਮੀਤ ਪਿਆਰੇ, ਤੈਨੂੰ ਤੇਰਾ ਪਿਆਰ ਪੁਕਾਰੇ
ਡੁੱਬਦੀ ਨੂੰ ਮੋਢਾ ਲਾ ਕੇ, ਗਲਵਕੜੀ ਪਾ ਲੈ ਚੱਲ ਕਿਨਾਰੇ

ਬੇੜੀ ਫਸੀ ਮਝਧਾਰ ਵਿਚ, ਅਸਾਂ ਨਾ ਮਿਲੇ ਕਿਨਾਰਾ
ਮੇਰਾ ਲੂੰ ਲੂੰ ਵਾਜਾਂ ਮਾਰਦਾ, ਗੁਆਚਾ ਮਿੱਤਰ ਪਿਆਰਾ

ਅਸਾਂ ਪਾਰ ਝਨਾ ਦੇ ਪਹੁੰਚਣਾ, ਮੇਰਾ ਮਾਹੀ ਵਾਜਾਂ ਮਾਰੇ
ਮੈਂ ਦਰ ਦਰ ਤੈਨੂੰ ਫਿਰਾਂ ਭਾਲਦੀ, ਤੂੰ ਨਜ਼ਰ ਨਾ ਆਵੇਂ
ਦੱਸ ਕਿੱਥੇ ਛੁਪਿਆ ਬੈਠਾ ਏਂ, ਸਾਥੋਂ ਕਿਉਂ ਨੈਣ ਚੁਰਾਵੇਂ
ਬੇੜੀ ਦਾ ਮਲਾਹ ਤੂੰ ਮੇਰਾ, ਮੋਢਾ ਲਾ ਕਰ ਪਾਰ ਕਿਨਾਰੇ
ਮੈਂ ਡੁੱਬੀ ਤੇਰੇ ਪਿਆਰ ਵਿਚ, ਸੱਖਣੇ ਕੌਲ ਕਰਾਰ ਵਿਚ
ਜਦੋਂ ਜੀ ਨੂੰ ਖੋਹ ਪਵੇ, ਲਿਖਾਂ ਚਿੱਠੀ ਤੇਰੇ ਦਰਬਾਰ ਵਿਚ
ਦਰ ਅਪਣੇ ਬੈਂਸ ਨੂੰ ਸੱਦ ਲੈ, ਮੇਰੇ ਪਿਆਰੇ ਰਾਜ ਦੁਲਾਰੇ
ਤੂੰ ਮੇਰੇ ਗਲ ਦਾ ਹਾਰ ਸਖੀ, ਮੈਂ ਤੇਰੀ ਪ੍ਰੇਮ ਦੀਵਾਨੀ
ਤੂੰ ਮੇਰਾ ਸੱਚਾ ਸ਼ਾਹ ਢੋਲਾ, ਦੇ ਅੱਜ ਪਿਆਰ ਨਿਸ਼ਾਨੀ
ਤੇਰੀ ਯਾਦ ਚ ਤੜਫਦੀ, ਬੈਂਸ; ਮਿਲਣੇ ਕਦੋਂ ਸਹਾਰੇ
ਜੇ ਤੂੰ ਰਾਹ ਥਾਂ ਦੱਸ ਦਵੇਂ, ਮੈਂ ਤੱਤ ਪਰ ਉਠੀ ਆਵਾਂ
ਰੁੱਖ ਬਿਰਖ ਸਭ ਛਾਣ ਬੀਣ, ਆ ਤੱਕਾਂ ਤੇਰੀਆਂ ਛਾਵਾਂ
ਪੜਛਾਵੇਂ ਨ ਮੋੜ ਦਵੀਂ, ਮੇਰੇ ਸੱਖਣੇ ਮਿੱਤਰ ਪਿਆਰੇ
ਜੇ ਸਾਹਮਣੇ ਨਹੀਂ ਆਉਣਾ, ਰਲ ਜਾਸਾਂ ਸੰਗ ਫਕੀਰਾਂ
ਦਰ ਦਰ ਧੱਕੇ ਖਾਵਾਂ ਪਈ, ਪਈ ਕਰਦੀ ਮੀਰਾਂ ਮੀਰਾਂ
ਹੱਥ ਕਾਸਾ ਲੈ ਮੋਢੇ ਕੰਬਲੀ, ਮੰਗਾਂ ਭੀਖ ਤੇਰੇ ਦਰਬਾਰੇ
ਦੱਸ ਖਾਂ ਮੇਰੇ ਢੋਲਣਾ, ਤੂੰ ਕਿਉਂ ਨਹੀਂ ਮੇਰੇ ਸੰਗ ਬੋਲਣਾ
ਜੇ ਖੁਦ ਨਹੀਂ ਨਾਤਾ ਜੋੜਨਾ, ਵਿਚ ਪਾ ਯਾਰ ਵਿਚੋਲਣਾ
ਗਲ ਲੱਗ ਕੇ ਬਣ ਸੱਜਣਾ ਦੀ, ਬੈਂਸ ਤੇਰਾ ਯਾਰ ਪੁਕਾਰੇ
ਤੂੰ ਮੇਰੇ ਚਿੱਤ ਚ ਵਸਦਾ, ਹੁਣ ਅਸਾਂ ਵੀ ਚਿੱਤ ਵਸਾ ਲੈ
ਅਸਾਂ ਦੁਖ ਸੁਖ ਤੇਰੇ ਸੰਗ ਫੋਲਣਾ, ਮੇਰਾ ਦੁਖ ਵਟਾ ਲੈ
ਧਰ ਤਰਾਜੂ ਪਰਖ ਲੈ, ਚਿੱਤ ਸਵਰਨ ਦਾ ਚਿੱਤਰਕਾਰੇ

ਪ੍ਰੇਮ ਦੀ ਧੂਣੀ

ਚਿੱਤ ਧੁਖ ਧੁਖੀ ਮਚਦੀ ਏ, ਵਿਚ ਪ੍ਰੇਮ ਦੀ ਧੂਣੀ ਧੁਖਦੀ ਏ
ਇਹ ਆਖਾਂ ਕਦੀ ਉਹ ਸੋਚਾਂ, ਗੱਲ ਤੇਰੇ ਤੇ ਆ ਰੁਕਦੀ ਏ

ਛਹਿਬਰ ਲੱਗੀ ਚਿੱਤ ਮੇਰੇ, ਜਿਉਂ ਸੌਣ ਦੀਆਂ ਪੈਣ ਪੁਹਾਰਾਂ
ਇਨ੍ਹਾਂ ਪਲਕਾਂ ਨੂੰ ਨ ਚੈਨ ਆਵੈ, ਨਿੱਤ ਮਾਹੀ ਮਾਹੀ ਪੁਕਾਰਾਂ
ਕੀ ਆਖਾਂ ਮੇਰੇ ਚਿੱਤ ਚ ਕੀ, ਰੋ ਰੋ ਕੇ ਅੱਖ ਸੁੱਕ ਗਈ ਏ
ਚਾਰ ਚੁਫੇਰੇ ਚਿੱਤ ਭਰੇ ਉੜਾਨਾਂ, ਮੁੜ ਉਥੇ ਆ ਰੁਕ ਜਾਵੇ

ਜਿੱਥੋਂ ਭਰੀ ਉੜਾਨ ਪਹਿਲ, ਮੁੜ ਉਡਣਾ ਚਿੱਤ ਨ ਭਾਵੇ
ਦਿਲ ਡੁੱਬਿਆ ਪਰ ਕੱਟੇ, ਪਰ ਤਾਂਘ ਤੇਰੇ ਦਰ ਢੁਕਦੀ ਏ
ਤੂੰ ਯਾਰ ਮੇਰਾ ਦਿਲਦਾਰ ਮੇਰਾ, ਮੈਂ ਪਲਕਾਂ ਤੇਰੇ ਸੰਗ ਲਾਈਆਂ
ਮੈਂ ਪ੍ਰੀਤ ਤੇਰੇ ਸੰਗ ਪਾ ਬੈਠੀ, ਤੂੰ ਦੇ ਗਿਆ ਚੰਨਾਂ ਜੁਦਾਈਆਂ
ਨ ਸਾਹ ਆਵੇ ਨ ਦਮ ਨਿਕਲੇ, ਦਿਲ ਦੀ ਧੜਕਣ ਰੁਕ ਗਈ ਏ
ਪਿਆਰ ਤੇਰਾ ਇਕਰਾਰ ਤੇਰਾ, ਇਜ਼ਹਾਰ ਤੇਰਾ ਤਕਰਾਰ ਤੇਰਾ
ਤੇਰਾ ਪਿਆਰ ਏ ਤੇਰੀ ਪੂਜਾ, ਕਰਾਂ ਪਿਆਰ ਚ ਇੰਤਜ਼ਾਰ ਤੇਰਾ
ਐਵੇਂ ਨ ਮਾਹੀ ਟਾਲ ਦਵੀਂ, ਮੁੜ ਗੱਲ ਲੱਗੇ ਚਿੱਤ ਦੁਖ ਦੀ ਏ
ਤੈਨੂੰ ਬਾਹਰ ਭਾਲਾਂ ਨਹੀਂ ਲੱਭਦਾ, ਚਿੱਤੋ ਚਿੱਤ ਮੈਂ ਕਰਾਂ ਸਜਦਾ
ਮੇਰਾ ਯਾਰ ਮਿਲਾ ਦੇ ਸੁਹਣਿਆ ਵੇ, ਕਰਾਂ ਸ਼ੁਕਰੀਆ ਰੱਬ ਦਾ
ਮੈਂ ਖੋਜਾਂ ਪਰ ਯਾਰ ਨ ਲੱਭੈ, ਮੇਰੀ ਜਿੰਦ ਗਮਾਂ ਚ ਸੁੱਕਦੀ ਏ
ਯਾਰ ਮਿਲੇ ਦਿਲਦਾਰ ਮਿਲੇ, ਅਸਾਂ ਬਹਿਣਾ ਪਿਆਰ ਦੀ ਛਾਵੇਂ
ਯਾਰ ਕਹੈ ਖੋਜ ਦਿਲ ਆਪਣਾ, ਕਿਉਂ ਦਰ ਦਰ ਢੂੰਡਣ ਜਾਵੇਂ
ਯਾਰ ਕਾਬਾ ਕਿਬਲਾ ਹਰਮੰਦਰ, ਨੈਣ ਮਿਲਾ ਅੱਖ ਝੁਕਦੀ ਏ

ਚਿੱਤ ਚਿਤਵਣੀ

ਵੇਦ ਵਿਚਾਰ ਸੁਣਾਇ, ਪੰਡਿਤ ਔਰਨ ਕੂ ਸਮਝਾਇ
ਅਪਣਾ ਚਿੱਤ ਚੁਰਾਇ ਕੈ, ਮਾਇਆ ਚ ਚਿੱਤ ਰੁਝਾਇ
ਮਨਮੁਖ ਕੌਂ ਗ੍ਰੰਥ ਸੇਧ ਦਵੈ, ਜੇ ਮਨ ਤਿਸ ਥੈ ਜਾਇ
ਧਰਮ ਗ੍ਰੰਥ ਪਵਿੱਤਰ ਹੈਨ, ਜੱਗ ਧੰਦੇ ਸਮਝਾਇ
ਧਰਮ ਗ੍ਰੰਥ ਸੋ ਸੁੱਧ ਹੈ, ਮਨ ਚਾਨਣ ਦੇਇ ਕਰਾਇ
ਵੇਦ ਗੁਰੂ ਹੈ ਪੰਡਿਤਾਂ, ਸੇਵਕ ਕੌਂ ਗੁਰ ਨਾਇ
ਸੇਵਕ ਗੁਰੂ ਸੋ ਥੀਏ, ਜੋ ਮਨ ਮਹਿ ਪਰਚਾ ਲਾਇ
ਗੁਰੂ ਗ੍ਰੰਥ ਅਤਿ ਊਚ ਹੈ, ਗੁਰੂ ਵੱਲ ਘੱਲੈ ਧਿਆਨ
ਸਤਿਗੁਰ ਚਰਣੀ ਜਾਇ ਢਹਿ, ਚਿੱਤ ਚਿਤਾਰੈ ਨਾਮ
ਗ੍ਰੰਥ ਗੁਰੂ ਵੱਲ ਪ੍ਰੇਰਦਾ, ਕੈਸਾ ਗੁਰੂ ਹੋਇ ਸੋਇ
ਗ੍ਰੰਥ ਤਿਸੈ ਪੁਚਾਰਦਾ, ਮਨ ਮਹਿ ਗੁਰੂ ਸਮੋਇ
ਜਬ ਨੈਣ ਸੰਗ ਨੈਣ ਮਿਲੇ, ਨੈਣ ਜਾਣ ਜਦੋਂ ਝੁਕ
ਚਿੱਤ ਪ੍ਰੀਤ ਆਣ ਵਸੈ, ਤਿਸ ਗੁਰ ਦਰ ਜਾ ਢੁਕ
ਸੰਤਨ ਸੰਗ ਕਰ ਗੋਸਟੀ, ਰੱਖ ਗੁਰੂ ਮਨ ਮਾਹਿ
ਗੁਰੁ ਹਰਿ ਸੋ ਪ੍ਰੀਤ ਕਰ, ਮਨ ਮਹਿ ਰੱਬ ਧਿਆਇ

ਐਸੀ ਹਰਿ ਸਿਉਂ ਪ੍ਰੀਤ ਕਰ, ਜੈਸੇ ਮਛਲੀ ਨੀਰ
ਸਾਗਰ ਅਤਿ ਖਾਰੋ ਘਣੋ, ਭੀ ਮਨ ਸਾਂਤਿ ਸਰੀਰ
ਨੀਰ ਮਹਿ ਮੀਨ ਜਿੰਦ ਹੈ, ਬਿਨ ਨੀਰ ਮਰ ਜਾਇ
ਨੀਰ ਅਘ ਪੀੜ ਸਹੈ, ਸਹਿ ਸਿਉਂ ਪ੍ਰੀਤ ਤਜਾਇ
ਐਸੀ ਗੁਰ ਸਿਉਂ ਪ੍ਰੀਤ ਕਰ, ਜੈਸੀ ਜਲ ਦੁੱਧ ਹੋਇ
ਆਪਾ ਨੀਰ ਮਿਟਾਇ ਕੈ, ਦੁੱਧ ਵਿਚ ਜਾਇ ਸਮੋਇ
ਆਪਾ ਆਪਣਾ ਮਿਟ ਜਾਇ, ਕਰ ਸੰਤਨ ਕਾ ਸੰਗ
ਕਰ ਸਤਿਗੁਰ ਹਰਿ ਸੇਵਣਾ, ਚੜ੍ਹ ਜਾਵੈ ਹਰਿ ਰੰਗ
ਸਾਧ ਸੰਤ ਜੀ ਚਿੱਤ ਧਰ, ਮਨ ਮਹਿ ਕਰੋ ਵਿਚਾਰ
ਸੋ ਐਸਾ ਗੁਰ ਸੇਵੀਐ, ਗੁਰ ਪਾਰ ਉਤਾਰਣ ਹਾਰ
ਥਾਂ ਥਾਂ ਗ੍ਰੰਥ ਚ ਲਿਖਿਆ, ਗੁਰੂ ਵੱਲ ਰੱਖ ਧਿਆਨ
ਮਨ ਚ ਸੋਚ ਵਿਚਾਰ ਕਰ, ਗ੍ਰੰਥ ਕਰੈ ਵਿਖਿਆਨ
ਤਿਸ ਗੁਰ ਦਰ ਜਾ ਸਵਰਨ, ਗ੍ਰੰਥ ਜਿਤ ਕਰੈ ਇਸ਼ਾਰਾ
ਉਸ ਦਰ ਤੋਂ ਮੁੱਖ ਨ ਮੋੜੀਂ, ਧੱਕੇ ਦਵੈ ਭਾਵੇਂ ਜੱਗ ਸਾਰਾ
ਗੁਰ ਦਰ ਦਿਲ ਲੈ ਕੇ ਜਾਵੀਂ, ਨਾਲ ਨ ਹੋਣ ਮੁਰਾਦਾਂ
ਮੁਰਾਦ ਕਦੀ ਨਾ ਹੋਵੇ ਪੂਰੀ, ਛੱਡ ਚਿਤ ਦੀਆਂ ਤਾਂਘਾਂ
ਗ੍ਰੰਥ ਗੁਰੂ ਵਿਚ ਜੋ ਲਿਖਿਆ, ਰੱਖ ਤਿਸੈ ਮਨ ਮਾਹਿ
ਸਤਿਗੁਰ ਸਰਣੀ ਬੈਠ ਬੈਂਸ, ਮਨ ਮਹਿ ਗੁਰੂ ਵਸਾਇ
ਸਾ ਵਿਧ ਗੁਰ ਕੌ ਸਾਧੁ ਬੈਂਸ, ਮਨ ਮਹਿ ਗੁਰੂ ਸਮਾਇ
ਗੁਰ ਹਰਿ ਗੁਰੂ ਜਪੰਦਿਆਂ, ਜਨਮ ਮਰਨ ਦੁਖ ਜਾਇ
ਸਾਧੂ ਗੁਰੂ ਸੋ ਜਾਣੀਐ, ਜੋ ਹਰਿ ਨਾਮ ਧਿਆਇ
ਆਪ ਜਪੈ ਹਰੀ ਨਾਮ ਨਿੱਤ, ਮੋਹਿ ਨਾਮ ਜਪਾਇ
ਸਤਿਗੁਰ ਤੇਰਾ ਮਨ ਜਾਣਦਾ, ਮਨ ਲੈ ਤਿੱਬੈ ਜਾਇ
ਸਤਿਗੁਰ ਚਰਣੀ ਲੱਗਿ ਕੈ, ਚਿੱਤ ਸੇ ਚਿੱਤ ਮਿਲਾਇ
ਸੱਚਾ ਸਤਿਗੁਰ ਸੋ ਬੀਐ, ਜਿਸ ਮਨ ਚਾਨਣ ਹੋਇ
ਸਤਿਗੁਰ ਜਿਨ ਮਨ ਬੇਧਿਆ, ਚਰਣੋਂ ਉਠ ਨ ਹੋਇ
ਹੀਰੇ ਹੀਰਾ ਬੇਧਿਆ, ਮਨ ਚਾਨਣ ਕਰ ਦਿਖਲਾਇ
ਗ੍ਰੰਥ ਗੁਰੂ ਸਿੱਖਨ ਕੌ, ਗੁਰ ਵੱਲ ਧਿਆਨ ਕਰਾਇ
ਗ੍ਰੰਥ ਗੁਰੂ ਜੇ ਬਣ ਸਕੈ, ਅਵਰ ਨ ਅੰਕ ਅੰਕਾਇ
ਸੱਚਾ ਸਤਿਗੁਰ ਸੋ ਬੀਏ, ਹਰਿ ਜਿਸ ਸੰਗ ਸਹਾਇ
ਮਲਿਆਗਰ ਜਿਉਂ ਵਾਸ ਦੇ, ਹਰਿ ਕਾ ਰਾਹ ਵਖਾਇ
ਜੈਸੀ ਕਰਨੀ ਤੈਸੀ ਭਰਨੀ, ਇਸ ਮਹਿ ਛੱਕ ਨ ਹੋਇ

ਬੈਂਸ; ਜਿਹਾ ਬੀਜੈਂ ਸੋ ਲੁਣੈ, ਸੋ ਬਦਲ ਨ ਸਕੈ ਕੋਇ
ਜੇ ਤੇਰਾ ਮਨ ਨ ਮੰਨਿਆਂ, ਬਹਿ ਸਤਿਗੁਰ ਕੈ ਪਾਸ
ਗੁਰੂ ਨ ਬਚਨ ਬਿਲਾਸ ਕਰੈ, ਆਵੈਂ ਜਾਇੰ ਨਿਰਾਸ
ਸਤਿਗੁਰ ਸੋਮਾਂ ਪਿਆਰ ਕਾ, ਤਿਸ ਸੰਗ ਨੇਹ ਰਚਾਇ
ਹਰਿ ਹਰਿ ਨਾਮ ਜਪੰਦਿਆ, ਸਤਿਗੁਰ ਪਿਆਰ ਬੜ੍ਹਾਇ
ਗੁਰ ਸਤਿਗੁਰ ਹਰਿ ਪਾਰਸਾ, ਤਿਸ ਸੰਗ ਚਿੱਤ ਹੋਇ
ਚਿੱਤ ਸਿਉਂ ਚਿੱਤ ਮਿਲੈ, ਕੁੰਦਨ ਕਰ ਦਿਖਲਾਵੈ ਸੋਇ
ਦੋ ਚਿੱਤੀ ਇਹ ਖੇਡ੍ਹ ਹੈ, ਚਿੱਤ ਮਾਹਿ ਚਿੱਤ ਸਮੋਇ
ਗੁਰ ਹਰਿ ਸਿਰ ਹੱਥ ਧਰ, ਦੋ ਬਦਨ ਇਕ ਰੂਹ ਹੋਇ
ਚਿੱਤ ਚਿੱਤ ਸਿਉਂ ਜਾਇ ਮਿਲ, ਚਿੱਤੈ ਤਾਰ ਮਿਲਾਇ
ਸਤਿਗੁਰ ਸੰਗ ਪ੍ਰੀਤ ਕਰ, ਮਨ ਮਹਿ ਗੁਰੂ ਵਸਾਇ
ਸਤਿਗੁਰ ਸੋਮਾ ਅਮ੍ਰਿਤਸਰ, ਸੇਵਕ ਵੱਲ ਟੁਰ ਆਇ
ਸਤਿਗੁਰ ਹਰਿ ਮੈ ਭੇਦ ਨਹਿੰ, ਹਰਿ ਚਾਨਣ ਗੁਰ ਮਾਹਿ
ਸੇਵਕ ਸਤਿਗੁਰ ਚਰਨ ਲੱਗ, ਗੁਰ ਹਰਿ ਮਾਹਿ ਸਮਾਇ

ਮਿਲਣ ਕਾ ਚਾਉ

ਮਨ ਮੈਂ ਦਰਸ ਪਿਆਸ ਘਣੀ, ਮੋਹਿ ਪ੍ਰਭ ਦੇਖਣ ਕੋ ਚਾਉ
ਆਇ ਸੁਭਾਗੀ ਨੀਂਦੜੀਏ, ਪ੍ਰਭ ਸੁਫਨੇ ਦਰਸ ਦਿਖਾਉ

ਹਰਿ ਪ੍ਰਭ ਸੋ ਮੇਰੀ ਪ੍ਰੀਤ ਪਿਆਰੀ, ਮੇਰੇ ਚਿੱਤ ਵਸੈ ਬਨਵਾਰੀ
ਹਰਿ ਗੁਰੂ ਮਿਲਾਵੈ ਮਨ ਬਿਗਸਾਵੈ, ਸਤਿਗੁਰ ਸੋਭਾ ਨਿਆਰੀ
ਸਤਿਗੁਰ ਸਰਣੀ ਸੇਵਾ ਕਰਨੀ, ਮੋਹਿ ਗੁਰ ਹਰਿ ਮਾਰਗ ਪਾਉ
ਹਰਿ ਚਿੱਤ ਆਵੈ ਜੀ ਤੜਫਾਵੈ, ਲਾਡ ਲਡਾਵੈ ਨਜ਼ਰ ਨ ਆਵੈ
ਨਜ਼ਰ ਨ ਆਵੇ ਜੀ ਕਲਪਾਵੈ, ਕਿਤ ਵਿਧ ਮੋਹਿ ਦਰਸਣ ਪਾਵੈ
ਹਰਿ ਧਿਆਵਾਂ ਕਰ ਜੋੜ ਜੋਦੜੀ, ਪ੍ਰਭ ਆਪੇ ਮੇਲਿ ਮਿਲਾਉ
ਕਰ ਜੋੜ ਬੈਂਸ ਗੁਰੂ ਦਰ ਆਵੈ, ਕਿਤ ਵਿਧ ਹਰਿ ਦਰ ਬੁਲਾਵੈ
ਆ ਨੀਦੜੀਏ ਹਰਿ ਦੇ ਸੰਦੇਸਾ, ਹਰਿ ਸੁਫਨੇ ਮਹਿ ਆ ਜਾਵੈ
ਸੀਸ ਝੁਕਾਇ ਕਰਾਂ ਜੋਦੜੀ, ਪ੍ਰਭ ਜੂ ਆਪੇ ਮੇਲ ਮਿਲਾਉ
ਕਿਰਪਾ ਕਰੋ ਦੀਨ ਕੇ ਦਾਤੇ, ਮੇਰੇ ਜੀ ਵਸੋ ਹਰਿ ਕਰਮ ਵਿਧਾਤੇ

ਹੋ ਮਿਹਰਬਾਨ ਘਰ ਆ ਮਹਿਮਾਨ, ਜਨ ਮਨ ਮਹਿ ਮੂਰਤ ਜਾਚੇ
ਆ ਕੇ ਸਾਹਮਣੇ ਬਹਿ ਸਾਡੇ, ਅਰਜ਼ ਸੁਣ ਮੇਰਾ ਮਨ ਸਮਝਾਉ
ਹਰ ਕੋਈ ਤੀਰਥ ਨੂੰ ਜਾਵੈ, ਤੀਰਥ ਜਾਇ ਸਭ ਸੀਸ ਝੁਕਾਵੈ
ਸਾਧ ਸੰਗਤ ਮਿਲ ਦਰਸਣ ਪਾਵੈ, ਕੋ ਨ੍ਹਾਵੈ ਕੋ ਫੁੱਲ ਝੜਾਵੈ
ਤੇਰੀ ਦਾਤ ਮੁੜ ਤੋਹਿ ਪੂਜੈ, ਕਿਹੋ ਬੈਂਸ ਇਹ ਜੱਗ ਬਰਤਾਉ
ਜਨ ਪੈ ਕਰਮ ਕਰੋ ਮੇਰੇ ਸਾਈਂ, ਬੈਂਸ ਸਦਾ ਹਰਿ ਨਾਮ ਧਿਆਈ
ਹੋਇ ਨਿਮਾਣਾ ਤਾਣ ਨਿਤਾਣਾ, ਸਤਿਗੁਰ ਸਰਣ ਜਾਇ ਢਹਿ ਜਾਈ
ਬੈਂਸ; ਪਾਉ ਮਲੋਵੈ ਮਲ ਮਲ ਧੋਵੈ, ਚਰਣ ਸਰਣ ਚਿੱਤ ਮਹਿ ਚਾਉ

ਰਤਨ ਪਦਾਰਥ

ਰਤਨਾ ਭਾਲਣ ਜਾਈਐ, ਪੱਲਰੀਂ ਨ ਰਤਨ ਵਿਕਾਵੈ
ਰਤਨ ਛੁਪਾਏ ਸਤਿਗੁਰੈ, ਬਹੁ ਯਤਨ ਦਰਸ ਨ ਪਾਵੈ
ਅਮੋਲ ਰਤਨ ਸਤਿਗੁਰ ਸੰਗ, ਸਤਿਗੁਰ ਜੇਬ ਛੁਪਾਵੈ
ਮਨ ਨਿਵਾਇ ਸੀਸ ਝੁਕਾਇ, ਗੁਰ ਭਾਵੈ ਜੇਬ ਖੁਲ੍ਹਾਵੈ
ਪਰਖ ਰਤਨ ਕੀ ਪਾਈਐ, ਜਬ ਗੁਰੂ ਮਿਹਰ ਹੋ ਆਵੈ
ਉਮਰ ਭਰ ਸੇਵਾ ਕਰੈ, ਸਤਿਗੁਰ ਨਾ ਮੰਤ ਸਿਖਾਵੈ
ਮਨ ਮੋਰ ਚਿੱਤ ਕਠੋਰ, ਜਨ ਮਨ ਟਿਕਣ ਨ ਪਾਵੈ
ਆਪ ਮਰੈ ਚਿੱਤ ਸੰਜਮੈ, ਧਾਇਆ ਮਨ ਵਸ ਆਵੈ
ਆਪ ਮਾਰ ਮਨ ਮਾਰ ਕੈ, ਸੇਵਕ ਗੁਰ ਸੇਵ ਕਮਾਵੈ
ਗੁਰ ਕਾ ਬਚਨ ਦੁਲੱਭ ਹੈ, ਕੋ ਵਿਰਲਾ ਜਨ ਪਾਵੈ
ਸਤਿਗੁਰ ਸਬਦ ਮਨ ਵਸੈ, ਗੁਰ ਚਰਣੀ ਚਿੱਤ ਲਾਵੈ
ਹਰਿ ਹੀਰਾ ਗੁਰ ਆਪ, ਮਨ ਨੀਵਾਂ ਪਿਆਰ ਵਧਾਵੈ
ਗੁਰ ਭਾਵੈ ਦਰਸਣ ਪਾਵੈ, ਬੈਂਸ; ਭੇਖੀ ਭੇਦ ਨ ਪਾਵੈ
ਗੁਰ ਭਾਵੈ ਸਬਦ ਸੁਣਾਵੈ, ਸਿਖਿ ਜਨ ਚਿੱਤ ਵਸਾਵੈ
ਜਨ ਸਦ ਹਰਿ ਨਾਮ ਧਿਆਵੈ, ਚਿੱਤ ਗੁਰੂ ਵੱਲ ਲਾਵੈ
ਹਰਿ ਧਿਆਵੈ ਹਰਿ ਗਾਵੈ, ਗੁਰੂ ਚਰਨ ਚਿੱਤ ਵਸਾਵੈ
ਹਰਿ ਕੁੰਦਨ ਗੁਰ ਪਾਰਸਾ, ਗੁਰ ਭਾਵੈ ਸੇਵਕ ਸਰਣਾਵੈ

ਸਤਿਗੁਰੂ ਪਰਤੱਖ ਹਰਿ, ਕੋਇ ਵਿਰਲਾ ਚਿੱਤ ਵਸਾਵੈ
ਅੱਖੀਂ ਵੇਖਣ ਨਜ਼ਰ ਨ ਆਵੈ, ਕਰਨ ਸੁਣਨ ਨਹਿੰ ਭਾਵੈ
ਸਤਿਗੁਰ ਸੇਵ ਮਨ ਸਾਂਤਿ ਹੋਵੈ, ਮਨ ਮਹਿ ਪਰਚਾ ਲਾਵੈ
ਸਤਿਗੁਰ ਚਿੱਤ ਗੌਹਰ ਛੁਪਾਵੈ, ਗੁਰ ਬਾਝ ਨਜ਼ਰ ਨ ਆਵੈ
ਸਤਿਗੁਰ ਹਰਿ ਭੇਦ ਨ ਭਾਈ, ਬਿਨ ਗੁਰ ਸਮਝ ਨ ਪਾਵੈ
ਬਾਝ ਗੁਰੂ ਮਨ ਨਾ ਧ੍ਰਾਪੈ, ਸਤਿਗੁਰ ਭਾਵੈ ਮਨ ਵਸ ਆਵੈ
ਹਰਿ ਲੋਚ ਬੈਂਸ; ਮਨ ਖੋਜ, ਇਹ ਬਿਧ ਸਤਿਗੁਰੂ ਸਿਖਾਵੈ
ਸਿਖ ਸਿਖਾਇ ਨਾਮ ਧਿਆਏ, ਸਤਿਗੁਰ ਮਨ ਵਸ ਜਾਵੈ
ਮਨ ਤਨ ਸਤਿਗੁਰ ਸੇਵੀਐ, ਸਤਿਗੁਰ ਵਸ ਆਇ ਜਾਵੈ
ਗੁਰੂ ਵਸ ਆਵੈ ਨਾਮ ਦ੍ਰਿੜਾਵੈ, ਸੇਵਕ ਸਿੱਖਨ ਮਾਹਿ ਸਮਾਵੈ
ਗੁਰ ਗੁਰ ਕਰਤ ਗੁਰੈ ਗੁਰ ਹੋਈਐ, ਮਨ ਤਨ ਗੁਰੂ ਧਿਆਵੈ
ਸਤਿਗੁਰ ਰਤਨ ਮਨ ਚਮਕਾਵੈ, ਜਨ ਸਤਿਗੁਰ ਮਾਹਿ ਸਮਾਵੈ

ਸਿੱਖਿਆ ਲੜ ਬੰਨ੍ਹ

ਮਾਪਿਆਂ ਦਾ ਘਰ ਹੋਇਆ ਪੁਰਾਣਾ, ਸਾ ਸਿਖਿਆ ਲੜ ਬੰਨ੍ਹ ਕੁੜੇ
ਸਹੁਰੇ ਘਰ ਕਿਸੇ ਸਾਰ ਨਾ ਲੈਣੀ, ਤੂੰ ਗੱਲ ਬੈਂਸ ਦੀ ਮੰਨ ਕੁੜੇ

ਜਿਨ ਮਾਪਿਆਂ ਘਰ ਜੰਮੀਂ ਸਾਂ, ਮੈਂ ਉਹਨੂੰ ਆਪਣਾ ਬਣਾ ਬੈਠੀ
ਚਾਰ ਦਿਨਾਂ ਦੀ ਮਹਿਮਾਨੀ ਸੀ, ਐਵੇਂ ਝੂਠਾ ਪਿਆਰ ਪਾ ਬੈਠੀ
ਅੰਤ ਮਾਹੀ ਘਰ ਪੈਣਾ ਜਾਣਾ, ਉਹ ਪਿਆਰ ਰੱਬ ਤੋਂ ਮੰਗ ਕੁੜੇ
ਇਕ ਦਿਨ ਜਾਣ ਦਾ ਵੇਲਾ ਆਉਣਾ, ਚਿੱਤ ਚ ਰੱਖ ਯਕੀਨ ਕੁੜੇ
ਉਥੇ ਜਿੱਤੇ ਪਿਆਰ ਮਾਹੀ ਦਾ, ਕਿਸੇ ਕਰਮ ਧਰਮ ਨ ਦੀਨ ਕੁੜੇ
ਸੁਫਨੇ ਵਿਚ ਉਹਨੂੰ ਤੱਕਿਆ ਕਰ, ਕਰੀਂ ਜ਼ਰਾ ਨ ਸੰਗ ਕੁੜੇ
ਦਰ ਮਾਹੀ ਦਾ ਘਰ ਏ ਤੇਰਾ, ਚਿੱਤ ਵਿਚ ਕਰ ਪਰਤੀਤ ਕੁੜੇ
ਸਭ ਮਾਪੇ ਇਕ ਦਿਨ ਛੱਡ ਜਾਣੇ, ਇਹੋ ਜੱਗ ਦੀ ਰੀਤ ਕੁੜੇ
ਮਾਹੀ ਮਾਹੀ ਕਰਿਆ ਕਰ, ਇੰਵ ਉਹ ਨੇ ਜਾਣਾ ਮੰਨ ਕੁੜੇ
ਇਹ ਸਾਰੀ ਦੁਨੀਆਂ ਫਰਜ਼ੀ ਏ, ਛੌਣੀ ਪਾ ਕੋਈ ਨਾ ਬਹਿੰਦਾ

ਰਾਜੇ ਰਾਣੇ ਸਭ ਟੁਰ ਜਾਂਦੇ, ਤੈਨੂੰ ਬੈਂਸ ਨਿਮਾਣਾ ਸੱਚ ਕਹਿੰਦਾ
ਆਕਾਸ਼ ਪਾਤਾਲ ਤੂੰ ਜਿੱਥੇ ਛੁਪ ਜਾ, ਲੈ ਜਾਂਦੇ ਲਾ ਕੇ ਸੰਨ੍ਹ ਕੁੜੇ
ਜਨਮ ਜਨਮ ਦਾ ਨਾਤਾ ਤੇਰਾ, ਤੇਰਾ ਮਾਹੀ ਤੇਰਾ ਮੀਤ ਕੁੜੇ
ਮਾਪਿਆਂ ਦਾ ਘਰ ਛੱਡਣਾ ਪੈਣਾ, ਝੂਠੀ ਜੱਗ ਦੀ ਪ੍ਰੀਤ ਕੁੜੇ
ਕੱਚੀ ਪ੍ਰੀਤ ਸਦਾ ਨ ਨਿਭਦੀ, ਸੱਚ ਫਬਦੀ ਮਾਹੀ ਸੰਗ ਕੁੜੇ
ਚੇਤੇ ਕਰ ਸੁਹਣੇ ਸੱਜਣਾ ਨੂੰ, ਨੀ ਉਹਦੀ ਬਣ ਕੇ ਰਹਿ ਜਾ
ਚਿੱਤ ਵਸਾ ਕੇ ਸੱਜਣਾਂ ਨੂੰ, ਲੈ ਸੱਖਣੇ ਪਿਆਰ ਦਾ ਲਹਿਜਾ
ਲੈ ਸਿਰ ਚੁੰਨੀ ਰੰਗ ਮਜੀਠੇ ਦੀ, ਚਿੱਤ ਵੀ ਨਾਲੇ ਰੰਗ ਕੁੜੇ
ਉਥੇ ਕੇਵਲ ਪਿਆਰ ਨਿਭੇਂਦਾ, ਸੱਚੀ ਗੱਲ ਬੈਂਸ ਤੈਨੂੰ ਕਹਿੰਦਾ
ਹੋਇ ਨਿਮਾਣੀ ਤਾਣ ਨਿਤਾਣੀ, ਮਾਣ ਤਾਣ ਸਭ ਖੋਣਾ ਪੈਂਦਾ
ਨੀ ਸੇਵ ਕਮਾ ਲੈ ਮਾਹੀ ਦੀ, ਚੜ੍ਹ ਜਾਏ ਮਜੀਠਾ ਰੰਗ ਕੁੜੇ

ਮੜ੍ਹੀ ਚ ਪਾਉਣਾ

ਮਾਣ ਟੁੱਟਦਾ ਰਾਜਿਆਂ ਰਾਣਿਆਂ ਦਾ, ਜਦੋਂ ਵਿਚ ਮੜ੍ਹੀ ਦੇ ਪਾ ਦਿੰਦੇ
ਉਠ ਜਾਣ ਮਾਰੇ ਛੇ ਫੁੱਟ ਡੂੰਘਾ ਦੱਬਣ, ਅੱਗ ਲਾ ਕੇ ਕਈ ਜਲਾ ਦਿੰਦੇ

ਸਾਹ ਖਿੱਚ ਪਹਿਲਾਂ ਮਾਣ ਰੱਬ ਤੋੜੇ, ਫਿਰ ਦੱਬ ਜ਼ਮਾਨਾ ਤੋੜਦਾ ਈ
ਫੇਰ ਨਾ ਕਿਧਰੇ ਮੁੜ ਆਵੇ, ਅਜਿਹੇ ਰਾਹ ਤੇ ਜ਼ਮਾਨਾ ਟੋਰਦਾ ਈ
ਰਾਜੇ ਰੰਕ ਦਾ ਫਾਸਲਾ ਮੁੱਕ ਜਾਵੇ, ਜਦੋਂ ਲਾਂਬੂ ਮੜ੍ਹੀ ਨੂੰ ਲਾ ਦਿੰਦੇ
ਉਚ ਨੀਚ ਬਣਾਈ ਸੂ ਮਜ਼ਬੂਆਂ, ਲੈਣ ਫਾਇਦਾ ਬੇਵਸ ਗਰੀਬਾਂ ਦਾ
ਉਚ ਨੀਚ ਬਣਨ ਜਦੋਂ ਜਨਮ ਹੋਵੇ, ਹੋਵੇ ਫੈਸਲਾ ਉਦੋਂ ਨਸੀਬਾਂ ਦਾ
ਉਚੇ ਬੈਠਦੇ ਡਾਹ ਪਲੰਘ ਉਚੇ, ਬਦ ਨਸੀਬਾਂ ਨੂੰ ਭੁੰਵੇਂ ਬਿਠਾ ਦਿੰਦੇ
ਕੋਈ ਕੱਫਣ ਟੋਲੇ ਕੋਈ ਪੱਟੇ ਟੋਆ, ਜਿੱਥੇ ਜਾ ਲਾਸ਼ ਨੂੰ ਗੱਡਣਾ ਈ
ਜਲਦੀ ਕਰੋ ਦੇਰ ਨ ਹੋ ਜਾਵੇ, ਸੂਰਜ ਡੁੱਬਣ ਤੋਂ ਪਹਿਲਾਂ ਦੱਬਣਾ ਈ
ਸਾਢੇ ਤਿੰਨ ਹੱਥ ਦੀ ਕਬਰ ਤੇਰੀ, ਕਾਲ੍ਹ ਹੋਵੇ ਨਗਜਾ ਦਬਾ ਦਿੰਦੇ
ਕਈ ਦੱਬਣ ਦੀ ਥਾਂ ਫੂਕਦੇ ਈ, ਸਾਢੇ ਤਿੰਨ ਹੱਥ ਦਾ ਮਾਮਲਾ ਈ
ਬੈਂਸ; ਵੇਖ ਲੈ ਰੱਟਾ ਮਜ਼ਬੂਆਂ ਦਾ, ਮੌਤ ਵੇਲੇ ਵੀ ਮਜ਼ਬੂਆਂ ਮੁਕਾਬਲਾ ਈ

ਮਜ਼ਬੂਬੀਓ; ਮਰਨ ਸਮੇਂ ਤਾਂ ਮਾਫ ਕਰੋ, ਲਾਸ਼ ਨੂੰ ਵੀ ਮਜ਼ੂਬੀ ਬਣਾ ਦਿੰਦੇ
ਜੰਮਣ ਵੇਲੇ ਕਿਸਮਤ ਲਿਖਾਈ ਹੋਵੇ, ਮਰਨ ਵੇਲੇ ਇਹਦੀ ਸਫਾਈ ਹੋਵੇ
ਕੀਤੇ ਕਰਮ ਬੰਦਿਆ ਨਾਲ ਜਾਂਦੇ, ਸੱਚੇ ਪੱਕੇ ਦੀ ਉਥੇ ਰਿਹਾਈ ਹੋਵੇ
ਦਮ ਨਿਕਲਦੇ ਸਾਰ ਬਹੀ ਖੁਲ੍ਹ ਜਾਵੇ, ਝੱਟ ਪੱਟ ਹਿਸਾਬ ਸੁਣਾ ਦਿੰਦੇ
ਫੂਕ ਦੇਣ ਤੇ ਜਿਸਮ ਰਾਖ ਹੋਵੇ, ਜੱਗ ਧੰਦਿਆਂ ਤੋਂ ਲਾਸ਼ ਪਾਕ ਹੋਵੇ
ਵੇਖ ਲੋ ਟਾਕਰਾ ਮਜ਼ੂਬਾਂ ਦਾ, ਵੇਖੋ ਮਜ਼ੂਬ ਦਾ ਕਿਹਾ ਇਖਲਾਕ ਹੋਵੇ
ਨਰਕ ਸੁਰਗ ਦਾ ਪਾ ਝਗੜਾ, ਮਜ਼ੂਬ ਮੁਰਦੇ ਨੂੰ ਬੇਆਬ ਬਣਾ ਦਿੰਦੇ
ਜਦੋਂ ਭੌਰ ਉਡਾਰੀ ਮਾਰ ਘੱਤੀ, ਫਿਰ ਲਾਸ਼ ਦੀ ਕਦਰ ਨ ਕਰੇ ਕੋਈ
ਝੱਟ ਪੱਟ ਅਰਥੀ ਤੇ ਰੱਖ ਦਿੰਦੇ, ਮੁੜ ਚੱਕ ਲੋ ਚੱਕ ਲੋ ਪਏ ਹੋਈ
ਚਾਰ ਚੁੱਕ ਲਾਸ਼ ਨੂੰ ਮੋਢਿਆਂ ਤੇ, ਝੱਟ ਪੱਟ ਸ਼ਮਸ਼ਾਨ ਪਹੁੰਚਾ ਦਿੰਦੇ
ਘਰ ਬੈਠੀ ਸੱਖਣੀ ਨਾਰ ਰੋਵੇ, ਬਾਹਰ ਭਾਈ ਚਾਰੇ ਵਾਲੇ ਰੋਂਦੇ ਈ
ਮੋਏ ਵਾਸਤੇ ਕਦੇ ਨ ਕੋਈ ਰੋਵੇ, ਮੌਤ ਅਪਣੀ ਤੋਂ ਡਰਦੇ ਰੋਂਦੇ ਈ
ਮੌਤ ਬੜਾ ਭਿਆਨਕ ਹਾਦਸਾ ਈ, ਰੋ ਕੇ ਮੋਏ ਨੂੰ; ਘਰੋਂ ਕਢਾ ਦਿੰਦੇ
ਲੋਕੋ; ਮਰਨਾ ਕੋਈ ਗੁਨਾਹ ਨਹੀਂ, ਮਰ ਕੇ ਹੀ ਜਿੰਦਗੀ ਹੋਵੇ ਪੂਰੀ
ਦੁਖ ਦਰਦ ਜੱਗ ਦੇ ਮੁੱਕ ਜਾਂਦੇ, ਅਗਲੀ ਮੰਜ਼ਿਲ ਦੀ ਘਟ ਜਾਵੇ ਦੂਰੀ
ਜੋ ਜੰਮਿਆਂ ਉਹਨੇ ਮਰਨਾ ਏ, ਪਲ ਵਿਚ ਰਿਸ਼ਤੇਦਾਰ ਭੁਲਾ ਦਿੰਦੇ
ਜੋ ਜੰਮਿਆਂ ਉਸਨੇ ਮਰ ਜਾਣਾ, ਰਾਹ ਲੱਭ ਲੈ ਮਰਨ ਦਾ ਧੰਦ ਮੁੱਕੇ
ਬਣਾ ਯਾਰ ਪਾ ਪਿਆਰ ਉਹਨੂੰ, ਬਣ ਯਾਰ ਦਾ ਜੱਗ ਦਾ ਰੰਗ ਟੁੱਟੇ
ਪਿਆਰ ਚ ਆਪ ਮਿਟਾ ਬੈਂਸ, ਜੰਮਣ ਮਰਨਾ ਯਾਰ ਮਿਟਾ ਦਿੰਦੇ

ਰੱਬ ਨੂੰ ਪਾਉਣਾ

ਮਾਸ਼ੂਕਾ ਬਣ ਇਸ਼ਕ ਕਮਾ ਅੜੀਏ, ਜੇ ਤੂੰ ਯਾਰ ਮਨਾਉਣਾ
ਆਸ਼ਿਕ ਬਣ ਆਪ ਮਿਟਾ ਸੱਜਣਾ, ਜੇ ਸੁਹਣੇ ਰੱਬ ਨੂੰ ਪਾਉਣਾ

ਤੂੰ ਉਹਦੀ ਉਹ ਤੇਰਾ ਮਾਹੀ, ਇਹ ਦਿਲ ਚੋਂ ਭਰਮ ਮਿਟਾ ਦੇ
ਭਰਮ ਮਿਟ ਜਾਏ ਦਿਲ ਟਿਕ ਜਾਏ, ਮਨ ਨੂੰ ਇੰਝ ਸਮਝਾ ਦੇ
ਉਮੀਦ ਮੁਰਾਦਾਂ ਘਰ ਛੱਡ ਕੈ, ਇੰਝ ਮਾਹੀ ਦਰ ਪੈਂਦਾ ਜਾਣਾ

ਦਿਲ ਲੈ ਕੇ ਯਾਰ ਦਰ ਜਾਹ, ਉਹ ਉਡੀਕੇ ਪਿਆ ਤੇਰਾ ਰਾਹ
ਮਾਹੀ ਤੇਰੇ ਦਿਲ ਦਾ ਭੇਦੀ, ਉਹਨੇ ਖੁਦ ਦਿੱਤੀ ਤਾਰ ਮਿਲਾ
ਸੱਖਣੇ ਦਿਲਾਂ ਦੀ ਤਾਰ ਜੋੜ, ਉਹਨੇ ਤੇਰਾ ਮਨ ਸਮਝਾਉਣਾ
ਜੇ ਤੈਥੋਂ ਤੇਰਾ ਮਾਹੀ ਰੁੱਸ ਗਿਆ, ਤੂੰ ਉਲਟੇ ਪੈ ਗਈ ਰਾਹ
ਭੇਸ ਬਦਲ ਕੇਂ ਕੰਜਰੀ ਬਣ ਜਾ, ਨੱਚ ਨੱਚ ਕੇ ਯਾਰ ਮਨਾ
ਨੱਚ ਕੇ ਹਾਲ ਬੇਹਾਲ ਕਰ, ਤੂੰ ਉਹਦਾ ਦਿਲ ਭਰਮਾਉਣਾ
ਪਿਆਰ ਦੀ ਝਾਂਜਰ ਛਣਕੇ, ਦਿਲ ਸੱਖਣੇ ਯਾਰ ਦਾ ਧੜਕੇ
ਪੈਣ ਸਾਵਣ ਦੀਆਂ ਪੁਹਾਰਾਂ, ਬਿਨ ਬੱਦਲਾਂ ਬੱਦਲ ਗੜ੍ਹਕੇ
ਮਟਕ ਮਟਕ ਝਾਂਜਣ ਛਣਕਾ, ਉਹਨੇ ਖੁਦ ਤੇਰਾ ਬਣ ਜਾਣਾ
ਛਣ ਛਣ ਝਾਂਜਰ ਛਣਕਾ ਸਖੀ, ਮੁੜ ਦਿਲ ਯਾਰ ਦਾ ਨੱਚੇ
ਯਾਰ ਪਿਆਰ ਵਿਚ ਰੱਬ ਰਾਜ਼ੀ, ਕਰਮ ਧਰਮ ਸਭ ਕੱਚੇ
ਯਾਰ ਮਨਾ ਕੇ ਰੱਬ ਮੰਨਦਾ, ਪੈਂਦਾ ਪਿਆਰ ਡੁੱਬ ਮਰ ਜਾਣਾ
ਯਾਰ ਪਿਆਰ ਮੇਰਾ ਕਿਬਲਾ ਕਾਬਾ, ਯਾਰ ਏ ਮੇਰੀ ਹੱਜ
ਯਾਰ ਮੇਰਾ ਤੀਰਥ ਹਰਮੰਦਿਰ, ਸੁਹਣਾ ਰੱਖੇ ਮੇਰੀ ਲੱਜ
ਯਾਰ ਦਰ ਜਾ ਸੀਸ ਝੁਕਾ, ਬੈਂਸ; ਮਾਹੀ ਸੰਗ ਵਸ ਜਾਣਾ
ਅਕਲ ਸ਼ਕਲ ਰੱਬ ਇੰਵ ਬਣਾਈ, ਬਣੇ ਦੋਵੇਂ ਰੱਬ ਦੇ ਦੋਖੀ
ਸੂਰਤ ਸੀਰਤ ਨਿੱਤ ਮਾਣ ਵਧਾਵੈ, ਬੈਂਸ ਆਖੀ ਗੱਲ ਚੋਖੀ
ਜੱਗ ਮਿੱਟੀ, ਬੈਂਸ ਵੀ ਮਿੱਟੀ, ਮਿੱਟੀ ਮੁੜ ਮਿੱਟੀ ਬਣ ਜਾਣਾ
ਲਾ ਕੇ ਤੋੜ ਨਿਭਾ ਅੜੀਏ, ਲਾ ਸਿਰਾਂ ਧੜਾਂ ਦੀ ਬਾਜ਼ੀ
ਬਣਾ ਯਾਰ ਤੇ ਪਾ ਪਿਆਰ, ਇੰਵ ਮਾਹੀ ਹੋ ਜਾਏ ਰਾਜ਼ੀ
ਦੋ ਬਦਨ ਕਲਬੂਤ ਇਕ, ਬੈਂਸ ਮੁੱਕ ਗਿਆ ਆਉਣਾ ਜਾਣਾ

ਕੁਝ ਨਹੀਂ ਤੇਰਾ

ਮੇਰੀ ਮੇਰੀ ਗਾਉਂਦਾ ਫਿਰਦਾ, ਇਸ ਜੱਗ ਵਿਚ ਕੁਝ ਨਹੀਂ ਤੇਰਾ
ਸਦਾ ਨਹੀਂ ਤੂੰ ਜੱਗ ਤੇ ਰਹਿਣਾ, ਜਿਵੇਂ ਚਿੜੀਆਂ ਰੈਣ ਬਸੇਰਾ

ਮੇਰੀ ਮੈਂ ਦੀ ਲੱਗੀ ਬਿਮਾਰੀ, ਮੇਰੇ ਚਿੱਤ ਚ ਚੜ੍ਹੀ ਖੁਮਾਰੀ

ਪੰਛੀ ਰਾਤ ਬਹਿ ਰੁੱਖਾਂ ਤੇ, ਸੁਬਹ ਉੜ ਗਏ ਮਾਰ ਉਡਾਰੀ
ਛੌਣੀ ਪਾ ਕੇ ਤੂੰ ਬਹਿ ਗਿਆ, ਨਹੀਂ ਪਲ ਦਾ ਭਰੋਸਾ ਤੇਰਾ
ਤੱਕ ਕਿੱਥੇ ਵੇ ਘਰ ਪੰਛੀਆਂ, ਨਾ ਕੱਲ੍ਹ ਦੀਆਂ ਆਸਾਂ ਰੱਖੀਆਂ
ਲੁੱਟ ਕਸੁੱਟ ਦੀ ਤਾਂਘ ਚਿੱਤ ਚ, ਤੂੰ ਸਭ ਤੇ ਰੱਖੀਆਂ ਅੱਖੀਆਂ
ਇਸ ਦਮ ਦਾ ਭਰੋਸਾ ਕਾਹਦਾ, ਨਹੀਂ ਸੋਚਿਆ ਸਾਂਝ ਸਵੇਰਾ
ਪੰਛੀ ਆ ਰੁੱਖਾਂ ਤੇ ਬਹਿੰਦੇ, ਕੁਝ ਨਹੀਂ ਖਾਣ ਨੂੰ ਲਿਆਉਂਦੇ
ਪਹਿ ਫੁੱਟੀ ਫਿਰ ਉੜ ਜਾਂਦੇ, ਕੁਝ ਨਾਲ ਨਹੀਂ ਲੈ ਜਾਂਦੇ
ਤੱਕ ਪੰਛੀਆਂ ਵੱਲ ਜ਼ਰਾ, ਕਿਉਂ ਮਨ ਨਹੀਂ ਭਰਦਾ ਤੇਰਾ
ਜੋ ਆਇਆ ਸੋ ਜਾਣਾ, ਰਹਿਣਾ ਨਹੀਂ ਕੋਈ ਰਾਜਾ ਰਾਣਾ
ਜ਼ਰਾ ਕੁ ਮਨ ਸਮਝਾ ਲੈਂਦਾ, ਬੈਂਸ; ਜੇ ਹੁੰਦਾ ਜ਼ਰਾ ਸਿਆਣਾ
ਜਾਣ ਸਮੇਂ ਹੱਥ ਬੰਨ੍ਹ ਦਿੰਦੇ, ਫਿਰ ਕੁਝ ਨਹੀਂ ਰਹਿੰਦਾ ਤੇਰਾ
ਤੂੰ ਚਿੱਤ ਚ ਇਹ ਨਹੀਂ ਸੋਚਿਆ, ਤੈਨੂੰ ਪੈਣਾ ਖਾਲੀ ਜਾਣਾ
ਕੱਲ੍ਹ ਲਈ ਕੁਝ ਖੱਟ ਲੈ, ਸਿਖਿ ਯਾਰ ਤੋਂ ਕਿਵੇਂ ਲੈ ਜਾਣਾ
ਰਾਮ ਨਾਮ ਨਿੱਤ ਜਪੁ ਲੈਂਦਾ, ਜੋ ਸਾਥ ਨਿਭਾਉਂਦਾ ਤੇਰਾ
ਜੋ ਕੁਝ ਤੂੰ ਨਿੱਤ ਕਮਾਵੇਂ, ਉਹਦਾ ਨਚੋੜ ਤੇਰੇ ਸੰਗ ਜਾਵੇ
ਸਭ ਕੁਝ ਜਾਣਦੇ ਬੁੱਝਦੇ ਵੀ, ਲੱਗ ਗਏ ਬੈਂਸ ਨੂੰ ਹਾਵੇ
ਅੱਗੈ ਕੋਈ ਬਸੀਠ ਨ ਲੱਭੈ, ਉਥੈ ਨਾ ਕੋਈ ਨ ਤੇਰਾ ਮੇਰਾ
ਜਿਉਂ ਹੀ ਬੰਦਿਆ ਦਮ ਨਿਕਲੇ, ਹੋਣ ਲੱਗਦਾ ਹਿਸਾਬ
ਉਹ ਪਾਈ ਪਾਈ ਕੱਢ ਲੈਂਦੇ, ਮੁੜ ਦੇ ਨ ਸਕੇਂ ਜੁਆਬ
ਭਾੜੀ ਨੂੰ ਭਾੜਾ ਹੀ ਮਿਲਿਆ, ਜਦੋਂ ਹੋਵੇ ਬੈਂਸ ਨਬੇੜਾ

ਦੁੱਧ ਨੂੰ ਜਾਗ

ਜਾਗ ਲਗਾਇ ਦੁੱਧ ਜਮਾਵੈ, ਫਿਰ ਰਿੜਕ ਰਿੜਕ ਵੱਥ ਆਵੈ
ਗੁਰ ਸਤਿਗੁਰ ਜਾਗ ਲਗਾਵੈ, ਹਰਿ ਖੋਜਣ ਰਾਹ ਮਿਲ ਪਾਵੈ

ਧਰਮ ਗ੍ਰੰਥ ਸਭ ਵਿਚਰਦੇ, ਜਨ ਗਨ ਹਰਿ ਨਾਮ ਧਿਆਇ
ਬਿਨ ਗੁਰ ਨਾਮ ਨ ਮਨ ਵਸੈ, ਸਭ ਵੇਖ ਲਿਓ ਅਜਮਾਇ
ਧਰਮ ਗ੍ਰੰਥ ਸਭ ਸੱਚ ਹੈਂ, ਗੁਰ ਬਾਝੋਂ ਮਨ ਨਾ ਵਸ ਆਵੈ

ਜਿਉਂ ਸਵਾਣੀ ਦੁੱਧ ਜਾਗ ਲਾਇ, ਦੁੱਧ ਕੂ ਦਹੀ ਬਣਾਇ
ਤਿਉਂ ਗੁਰ ਮਨ ਜਾਗ ਲਾਇ, ਹਰਿ ਨਾਮ ਵਸੈ ਮਨ ਆਇ
ਦੁੱਧ ਰਿੜਕ ਵੱਥ ਆਵੈ, ਜਿਤ ਨਾਮ ਧਿਆਵੈ ਤੇਹ ਫਲ ਪਾਵੈ
ਜਾਗ ਬਿਨਾ ਦੁੱਧ ਨ ਜਮੈਂ, ਗੁਰ ਸ਼ਬਦ ਬਿਨਾ ਨ ਮਨ ਮੰਨੈਂ
ਜਗਤ ਸਬਾਇਆ ਪਰਖ ਲਵੋ, ਗੁਰ ਜਾਗ ਬਿਨਾਂ ਸਭ ਅੰਨ੍ਹੇਂ
ਕੋਇ ਹੱਜ ਕਾਬੇ ਨੱਕ ਰਗੜਾਵੈ, ਕੋਇ ਤੀਰਥ ਗੋਤੇ ਲਾਵੈ
ਮੁਰਾਦੇਂ ਲੈ ਕੇ ਸਭ ਜਾਵਣ, ਮਨ ਲੈ ਕੇ ਮੁਰੀਦ ਕੋਇ ਜਾਵੈ
ਜਿਹੋ ਜਾਵਣ ਤਿਹੇ ਮੁੜ ਆਵਣ, ਕੋਈ ਮੁਰਾਦ ਨ ਪੂਰੀ ਪਾਵੈ
ਮਨ ਕੂ ਮਨ ਸਮਝਾ ਸਕੈ, ਬਿਨ ਸਤਿਗੁਰ ਵਸ ਨਹਿੰ ਆਵੈ
ਸਤਿਗੁਰ ਜਾਗ ਅਤਿਅੰਤ ਮੀਠਾ, ਜਿਉਂ ਗੂੰਗੇ ਕੂ ਮਠਿਆਈ
ਬਿਨਾ ਜਾਗ ਦੇ ਦੁੱਧ ਨ ਜਮਦਾ, ਸਭ ਵੇਖ ਲਿਓ ਅਜਾਮਈ
ਗੁਰ ਜਾਗ ਲਾਵੈ ਹਰਿ ਰਾਸ ਵਖਾਵੈ, ਪਾਰਸ ਪਰਸ ਪਰਸਾਵੈ
ਮੁਰਾਦਾਂ ਲੈ ਗੁਰ ਪਾਸ ਜਾਵੈ, ਸਾ ਭਾਵ ਨਾ ਸਤਿਗੁਰ ਭਾਵੈ
ਸਤਿਗੁਰ ਤੇਰਾ ਮਨ ਜਾਣਦਾ, ਜਿਸ ਕਾਰਨ ਗੁਰ ਪੈ ਜਾਵੈ
ਬੀਜੈਂ ਕੰਡੇ ਲੋੜੈਂ ਮੰਡੇ, ਦੱਸ ਬੈਂਸ; ਕਿੰਵ ਇਹ ਪੂਰ ਪਰਾਵੈ
ਗੁਰਦੁਆਰੈ ਜਾਇ ਸੀਸ ਝੁਕਾਵੈ, ਪੂਜੈ ਕੋਈ ਮਸਜਿਦ ਮੰਦਰ
ਇਹ ਜਗੱ ਦੀ ਰੀਤ ਵੇ ਲੋਕਾ, ਰੱਬ ਵਸਦਾ ਮਨ ਦੇ ਅੰਦਰ
ਰੱਬ ਮਿਲਣ ਦੇ ਕਰਨ ਬਹਾਨੇ, ਬਿਨ ਸਤਿਗੁਰ ਸਮਝ ਨ ਪਾਵੈ
ਸਤਿਗੁਰ ਬਾਝੋਂ ਹਰਿ ਨ ਲੱਭੈ, ਸੁਣ ਲਿਓ ਜਗਤ ਸਬਾਇ
ਬੈਂਸ; ਹਰਿ ਧਿਆਇ ਚਿੱਤ ਲਾਇ, ਗੁਰ ਚਰਣੀ ਚਿੱਤ ਲਾਇ
ਗੁਰ ਮੂਰਤ ਚਿੱਤ ਵਸਾਇ, ਹਰਿ ਮਾਰਗ ਸਤਿਗੁਰੂ ਦਿਖਾਇ
ਹਰਿ ਪ੍ਰਭ ਸਭ ਜੱਗ ਪਰਸਿਆ, ਸਤਿਗੁਰ ਦਾਤਾ ਹਰਿ ਨਾਮ
ਜਪ ਤਪ ਯੋਗਾ ਸਭ ਧੰਦ ਬੈਂਸ, ਤਿਨ ਪਕੜ ਲੈ ਜਾਵਣ ਜਾਮ
ਨਾਮ ਧਿਆਇ ਸਤਿਗੁਰ ਸਰਣਾਇ, ਜਨਮ ਮਰਨ ਦੁਖ ਜਾਇ
ਗੁਰ ਸਤਿਗੁਰ ਪੂਜ ਪੂਜਾਇ ਕੈ, ਖੁਦ ਪਰਗਟ ਹੋਇਆ ਰੱਬ
ਫਿਰ ਰੱਬ ਸਤਿਗੁਰ ਪੂਜਿਆ, ਮੁੜ ਸਾਜ ਦਿੱਤਾ ਰੱਬ ਜੱਗ
ਗੁਰ ਸਤਿਗੁਰ ਹਰਿ ਭੇਦ ਨ ਕਾਈ, ਸਤਿਗੁਰ ਸਾ ਸਮਝਾਵੈ

ਅਮ੍ਰਿਤ ਰਸ

ਅਮ੍ਰਿਤ ਹਰਿ ਕੋ ਨਾਮ ਹੈ, ਅਮ੍ਰਿਤ ਰਸ ਗੁਰ ਮਾਹਿ
ਸਤਿਗੁਰ ਦਾਤਾ ਨਾਮ ਕਾ, ਗੁਰ ਹਰਿ ਭੇਦ ਬਤਾਇ

ਜੇ ਮਨ ਹਰਿ ਪ੍ਰਭ ਲੋਚਣਾ, ਗੁਰ ਚਰਣੀ ਚਿੱਤ ਲਾਇ
ਮਨ ਮਹਿ ਪ੍ਰਭ ਖੋਜ ਜਨ, ਹਰਿ ਹਰਿ ਨਾਮ ਧਿਆਇ
ਸਤਿਗੁਰ ਹਰਿ ਬਸੀਠ ਹੈ, ਜਾ ਬਹੁੜ ਗੁਰੂ ਸਰਣਾਇ
ਜਿਉਂ ਭਵਰਾ ਅਮ੍ਰਿਤ ਖੋਜਦਾ, ਫੁੱਲ ਫੁੱਲ ਜਾਇ ਅਜਾਇ
ਤਿਸ ਬਿਨ ਮਨ ਨਹਿੰ ਰੁਚੈ, ਹਰ ਜਾ ਅਮ੍ਰਿਤ ਖੋਜਣ ਧਾਇ
ਸੋ ਅਮ੍ਰਿਤ ਹਰਿ ਨਾਮ ਰਸ, ਜੋ ਖਾਇ ਸੋ ਭੁੰਚ ਭੁੰਚਾਇ
ਜਨ ਮਨ ਅਮ੍ਰਿਤ ਸੋ ਰਸ, ਜੋ ਮਛਲੀ ਜਲ ਮਹਿ ਪਾਇ
ਜਾ ਜਾ ਨਿੱਤ ਭਰੇ ਤਰਾਨਾਂ, ਜਲ ਬਿਨ ਮਨ ਨ ਧਰਾਇ
ਮਛਲੀ ਅਮ੍ਰਿਤ ਜਲ ਮਿਲੈ, ਤਿਸ ਬਿਨ ਸੋ ਮਰ ਜਾਇ
ਸੂਰਜ ਚਕਵੀ ਹੇਤ ਹੈ, ਰਾਹ ਤੱਕ ਤੱਕ ਰਾਤ ਗੁਜ਼ਾਰੇ
ਥੱਕ ਜਾਵੈ ਕਰਤ ਉਡੀਕਾਂ, ਬੀਤੈ ਰਾਤ ਹਿਜਰ ਦੇ ਮਾਰੇ
ਸੂਰਜ ਚਕਵੀ ਅਮ੍ਰਿਤ ਹੈ, ਸੂਰਜ ਆਵੈ ਉਹ ਸੋ ਜਾਇ
ਚੰਦ ਚਕੋਰ ਪ੍ਰੀਤ ਹੈ, ਰਾਤ ਰਾਤ ਭਰ ਭਰੈ ਉਡਾਰੀ
ਚੰਨ ਪ੍ਰਦੇਸੀ ਦੂਰ ਵਸੈ, ਕਿਤ ਭਰਥ ਮਿਲੈ ਤਿਸ ਨਾਰੀ
ਚੰਨ ਪ੍ਰਦੇਸੀ ਅਮ੍ਰਿਤ ਉਸ, ਥੱਕ ਭਰ ਉੜਾਨ ਸੌ ਜਾਇ
ਸ਼ੀਰ ਨੀਰ ਕੌ ਅਮ੍ਰਿਤ ਹੈ, ਸ਼ੀਰ ਮਹਿ ਨੀਰ ਮਿਲਾਇ
ਸ਼ੀਰ ਨੀਰ ਨ ਬਣ ਸਕੈ, ਮਿਲ ਅਪਣਾ ਰੰਗ ਬਦਲਾਇ
ਨੀਰ ਸ਼ੀਰ ਮਿਲ ਅਮ੍ਰਿਤ ਬਣੈ, ਨੀਰ ਸ਼ੀਰ ਬਣ ਜਾਇ
ਅਮ੍ਰਿਤ ਜੱਗ ਮਹਿ ਏਕ ਹੈ, ਅਵਰ ਕੋ ਅਮ੍ਰਿਤ ਨਾਹਿੰ
ਮਨ ਵਾਸਨਾ ਤਨ ਆਸ਼ਨਾ, ਅਮ੍ਰਿਤ ਵਸੈ ਮਨ ਮਾਹਿੰ
ਹਰਿ ਅਮ੍ਰਿਤ ਗੁਰ ਹੱਥ ਬੈਂਸ, ਪਾਵੈ ਗੁਰ ਸਰਣਾਇ
ਹਰਿ ਅਮ੍ਰਿਤ ਗੁਰ ਵਸ ਹੈ, ਹਰਿ ਵਸੈ ਗੁਰ ਮਾਹਿ
ਗੁਰਚਰਣ ਸੋਖ ਚਿੱਤ ਸੋਚ, ਗੁਰਚਰਣੀ ਚਿੱਤ ਲਾਇ
ਪਰਗਟ ਕਰ ਦਿਖਲਾਇਸੀ, ਸੱਚੈ ਸਤਿਗੁਰ ਭਾਇ
ਗੁਰ ਸਤਿਗੁਰ ਕੌ ਭਾਇ ਸੀ, ਸੇਵਕ ਸੀਸ ਨਿਵਾਇ
ਸਤਿਗੁਰ ਸੰਗ ਪ੍ਰੇਮ ਬੱਧ, ਬੈਂਸ ਅਪਣਾ ਆਪ ਗੁਆਇ
ਮਨ ਤਨ ਭੇਟ ਜਨ ਸਤਿਗੁਰੈ, ਗੁਰ ਕਾ ਸ਼ਬਦ ਕਮਾਇ
ਗੁਰ ਕਾ ਸ਼ਬਦ ਅਮ੍ਰਿਤ ਹੈ, ਜਿਸ ਗੁਰ ਦੇਵੈ ਸੋ ਪਾਇ
ਮਨ ਲੈ ਗੁਰ ਦਰ ਜਾਇ ਜਨ, ਸਬਦ ਵਸੈ ਮਨ ਆਇ
ਸਬਦ ਕਮਾਇ ਹਰਿ ਧਿਆਇ, ਜਨ ਹਰਿ ਮਾਹਿ ਸਮਾਇ

ਗੁਰ ਸਬਦ

ਕੁਝ ਨਹੀਂ ਸੀ ਜਦੋਂ ਜਹਾਨ ਅੰਦਰ, ਚਾਰੋਂ ਓਰ ਅੰਧੇਰਾ ਛਾਇਆ ਸੂ
ਬਾਵਨ ਜੁਗ ਹਨੇਰੇ ਵਿਚ ਬੈਠਾ, ਰੱਬ ਖੁਦ ਕੂ ਤਨਹਾ ਪਾਇਆ ਸੂ
ਬੇਵਸ ਪਾ ਰੱਬ ਨੇ ਆਪ ਤਾਈਂ, ਸੱਚੇ ਗੁਰੂ ਨੂੰ ਦਿਲੋਂ ਧਿਆਇਆ ਸੂ
ਸੱਚੇ ਸਤਿਗੁਰ ਜਦੋਂ ਮਿਹਰ ਕੀਤੀ, ਰੱਬ ਕੂ ਸਬਦ ਸਿਖਾਇਆ ਸੂ
ਸਬਦ ਕਮਾਇ ਗੁਰ ਸਰਣਾਇ, ਮੁੜ ਰੱਬ ਹੋਂਦ ਵਿਚ ਆਇਆ ਸੂ
ਇਕ ਕਵਾਓ ਜੱਗ ਸਾਜ ਦਿੱਤਾ, ਰੱਬ ਆਪ ਜੱਗ ਤੋਂ ਛੁਪਾਇਆ ਸੂ
ਜਦੋਂ ਕੋਈ ਰੱਬ ਨੂੰ ਮਿਲਣ ਚਾਹੈ, ਰੱਬ ਗੁਰੂ ਵਚੋਲਾ ਬਣਾਇਆ ਸੂ
ਸਬਦ ਗੁਰੂ ਦਾ ਬਖਸ ਅਵਤਾਰਾਂ, ਮੁੜ ਰੱਬ ਨੇ ਜੱਗ ਘਲਾਇਆ ਸੂ

ਪੜ੍ਹ ਲਿਖ ਸੁਣ ਗੁਰ ਦੀਖਿਆ, ਸੋ ਸਤਿਗੁਰ ਚਿੱਤ ਲਿਖਿਆ
ਚਿੱਤ ਲਾਇ ਗੁਰ ਸਬਦ ਕਮਾਇ, ਸਬਦ ਗੁਰੂ ਦੀ ਸਿੱਖਿਆ

ਜਨ ਗਨ ਗੂਰੂ ਦਰ ਜਾਇ, ਜਿਨ ਸਿਰ ਕਰਮ ਲਿਖ ਪਾਇ
ਦਰ ਜਾਇ ਸਹਿਜ ਸੁਭਾਇ, ਗੁਰ ਸਿੱਖਿ ਮਨ ਮਾਹਿ ਵਸਾਇ
ਚਿੱਤ ਲਾਇ ਜਨ ਸੇਵ ਕਮਾਇ, ਸਾ ਪਾਵੈ ਸਤਿਗੁਰ ਦੀਖਿਆ
ਸਤਿਗੁਰ ਮੂਰਤ ਪ੍ਰਭ ਕੀ ਸੂਰਤ, ਸੇਵਕ ਜਨ ਚਿੱਤ ਵਸਾਇ
ਹਰਿ ਹਰਿ ਨਾਮ ਭਜੈ ਚਿੱਤ ਲਾਇ, ਸਤਿਗੁਰ ਕੀ ਸਰਣਾਇ
ਸਤਿਗੁਰੂ ਮਿਹਰ ਹੋਇ ਆਵੈ, ਗੁਰ ਸਤਿਗੁਰ ਸਬਦ ਉਲੀਖਿਆ
ਉਣ ਕੋ ਲੀੜਾ ਨ ਚਿੱਤ ਭਾਵੈ, ਰੰਗ ਦੇਣ ਲਈ ਪਾਹ ਦੀ ਲੋੜ ਹੋਵੇ
ਨਾਂ ਰੱਬ ਕਮਾ ਨ ਦਿੱਸੈ ਬੰਨਾਂ, ਸਬਦ ਬਾਝੋਂ ਨਾ ਮਨ ਰੱਬ ਸੰਗ ਜੋੜ ਹੋਵੇ
ਧਰਮ ਕਮਾ ਨਾ ਰੱਬ ਦਾ ਰਾਹ ਦਿੱਸੈ, ਗੁਰੂ ਸਬਦ ਰੱਬ ਦੀ ਸਿੱਖਿਆ
ਸੇਵਕ ਆਇ ਗੁਰ ਸਰਣ ਧਾਇ, ਕਥਾ ਕਰਮ ਸੁਣੈ ਚਿੱਤ ਲਾਇ
ਸਤਿਗੁਰ ਕਹੈ ਸਤਿ ਸਤਿ ਮਾਨੈ, ਸੇਵਕ ਸੋ ਸਬਦ ਬਣ ਆਇ
ਮਨ ਲਾਇ ਸਿੱਖਿ ਕਮਾਇ, ਫਿਰ ਸਤਿਗੁਰ ਪਾਵੈ ਭਿਖਿਆ
ਸਬਦ ਗੁਰੂ ਮਨ ਸਾਧਨਾ, ਸੇਵਕ ਸਤਿਗੁਰ ਸਬਦ ਅਰਾਧਣਾ
ਮਨ ਲਾਇ ਗੁਰ ਸਬਦ ਕਮਾਇ, ਹਰਿ ਮਾਰਗ ਤਿਹ ਸਾਧਣਾ
ਗੁਰ ਸਬਦ ਕਮਾਇ ਮਨ ਵਸ ਆਇ, ਸਾਗਰ ਪਾਰ ਪ੍ਰੀਖਿਆ
ਗੁਰ ਚਿੱਤ ਲਾਇ ਸਹਿਜ ਸੁਭਾਇ, ਗੁਰ ਮੂਰਤ ਚਿੱਤ ਵਸਾਇ
ਗੁਰ ਮੂਰਤ ਹਰਿ ਮੂਰਤ, ਤਿਸ ਮਹਿ ਬੈਂਸ ਭੇਦ ਨਹਿ ਕਾਇ
ਜਿਨ ਸਤਿਗੁਰ ਹਰਿ ਮਾਨਿਆ, ਤਿਸ ਪਾਈ ਪੂਰ ਪ੍ਰੀਖਿਆ

ਮਨ ਹਰਿ ਹਰਿ ਨਾਮ ਧਿਆਵੈ, ਗੁਰ ਸਬਦ ਸਿੱਖ ਮਨ ਭਾਵੈ
ਮਨ ਲਾਇ ਸਬਦ ਕਮਾਵੈ, ਸਤਿਗੁਰ ਸਬਦ ਚਿੱਤ ਵਸ ਜਾਵੈ
ਗੁਰ ਸੇਵਕ ਮਹਿ ਭੇਦ ਮਿਟਾਵੈ, ਸਬਦ ਚਿੱਤ ਜਿਨ ਲਿਖਿਆ
ਸਬਦ ਗੁਰੂ ਜਨ ਆਖੇ ਕੋਇ, ਸਤਿਗੁਰ ਬਾਝੋਂ ਸਬਦ ਨ ਹੋਇ
ਸੱਚੇ ਸਤਿਗੁਰ ਦੀਖਿਆ ਬਾਝੋਂ, ਸੇਵਕ ਮਨ ਨਾ ਧੋਇ ਹੋਏ
ਸਬਦ ਗੁਰੂ ਮਨ ਵਾਕ ਜਨ, ਬਿਨ ਸਤਿਗੁਰ ਸਬਦ ਨ ਸਿਖਿਆ
ਸਤਿਗੁਰੂ ਮਨ ਭਾਵ ਸਬਦ ਬੈਂਸ, ਜੋ ਸਤਿਗੁਰ ਦੇਇ ਸੁਣਾਇ
ਮਨ ਲਾਇ ਸਬਦ ਕਮਾਇ, ਸੇਵਕ ਮਨ ਸਿੱਧਾ ਹੋਇ ਆਇ
ਸਿੱਧਾ ਮਨ ਹਰਿ ਦਰ ਕੂ ਧਾਵੈ, ਸੇਵਕ ਪੂਰੀ ਪਾਇ ਪ੍ਰੀਖਿਆ
ਬੈਂਸ; ਸਬਦ ਉਹ ਗੁੜਤੀ ਏ, ਜੋ ਸਤਿਗੁਰ ਸਿੱਖ ਨੂੰ ਦਿੰਦਾ ਏ
ਨਿੱਤ ਸੇਵਕ ਸਬਦ ਕਮਾਵੰਦਾ, ਜੋ ਸੱਚਾ ਸਤਿਗੁਰ ਕਹਿੰਦਾ ਏ
ਸਬਦ ਆਕਾਸ਼ੋਂ ਆਉਂਦਾ ਨਹੀਂ, ਸਾ ਹੋਵੇ ਗੁਰੂ ਦੀ ਸਿੱਖਿਆ
ਸਬਦ ਗੁਰੂ ਮੁੱਖ ਵਾਕ ਬੈਂਸ, ਬਿਨ ਸਤਿਗੁਰ ਸਬਦ ਨ ਹੋਇ
ਮਨਮੁਖ ਗੁਰ ਸਿੱਖਿ ਨ ਭਾਵਈ, ਤਿਸ ਮਨ ਨ ਸਬਦ ਸਮੋਇ
ਜਿਹਾ ਜਾਵੈ ਤੇਹਾ ਮੁੜ ਆਵੈ, ਤਿਸ ਕਰਮ ਹੋਵੈ ਸੋ ਲਿਖਿਆ
ਗੁਰ ਸਤਿਗੁਰ ਹਰਿ ਪਾਰਬ੍ਰਹਮ, ਗੁਰੂ ਨ ਹੋਵੇ ਸਬਦ ਨ ਹੋਵੈ
ਸਬਦ ਨ ਹੋਵੈ ਚਿੱਤ ਨ ਧੋਵੈ, ਕਰਮ ਧਰਮ ਕਿਸੇ ਕੰਮ ਨ ਹੋਵੈ
ਗੁਰ ਸਤਿਗੁਰ ਮੁੱਖ ਵਾਕ ਅਲਾਪੈ, ਸਾ ਭਾਵੈ ਸਿੱਖਨ ਸਿੱਖਿਆ
ਸੱਚਾ ਸਤਿਗੁਰ ਮਨ ਪਰਚਾਵੈ, ਗੁਰ ਸਿੱਖਨ ਮਨ ਪਰਚਾ ਲਾਵੈ
ਗੁਰ ਸਬਦ ਸਿੱਖ ਮਨ ਵਸ ਆਵੈ, ਸਬਦ ਗੁਰੂ ਜਾਪਣ ਲੱਗ ਜਾਵੈ
ਗੁਰੂ ਸਬਦ ਸਾ ਸਬਦ ਗੁਰੂ, ਬਿਨ ਸਤਿਗੁਰ ਕਿਨੇ ਨ ਸਿੱਖਿਆ
ਜਨ ਸਬਦ ਕਮਾਇ ਗੁਰ ਸਰਣਾਇ, ਗੁਰ ਮੂਰਤ ਚਿੱਤ ਵਸਾਇ
ਗੁਰ ਗੁਰ ਕਰਤ ਗੁਰੈ ਗੁਰ ਹੋਈਐ, ਗੁਰ ਸਬਦ ਗੁਰੂ ਬਣ ਆਇ
ਗੁਰੂ ਸਬਦ ਮਹਿ ਭੇਦ ਮਿਟੈ, ਚਿੱਤ ਲਾਇ ਸਤਿਗੁਰ ਸਿੱਖਿਆ
ਗੁਰ ਸਬਦ ਅਜਿਹੀ ਗੁੜ੍ਹਤੀ ਏ, ਜੰਮਣ ਸਮੇਂ ਜਿਹੀ ਮਿਲਦੀ ਏ
ਸਿੱਖ ਗੁਰ ਸਬਦ ਮਨ ਵਸਾਵੈ, ਗੁਰ ਚੇਲੇ ਤਾਰ ਚਿੱਤ ਮਿਲਦੀ ਏ
ਸਵਰਨ ਬੈਂਸ ਚਿੱਤ ਚੇਤ ਨ ਚੇਤੇ, ਜੋ ਚਿੱਤ ਆਇਆ ਸੋ ਲਿਖਿਆ
ਚਿੱਤ ਲਾਇ ਗੁਰ ਸੇਵ ਕਮਾਇ, ਗੁਰ ਸਬਦ ਸਿੱਖ ਮਨ ਭਾਇ
ਚਿੱਤ ਲਾਇ ਗੁਰ ਸਬਦ ਧਿਆਇ, ਸਬਦ ਗੁਰੂ ਭੇਦ ਮੁੱਕ ਜਾਇ
ਸਬਦ ਮਨ ਬਿੱਧਾ ਬੈਂਸ ਮਨ ਸਿੱਧਾ, ਭੇਦ ਗੁਰੂ ਹਰਿ ਮਿਟਿਆ

ਗੁਰੂ ਰੱਬ

ਸੱਚਾ ਸਤਿਗੁਰ ਰੱਬ ਹੈ, ਹੋਰ ਕੋਈ ਨਹੀਂ ਰੱਬ
ਸਾਰਾ ਜੱਗ ਫਿਰੈ ਭਟਕਦਾ, ਮਜ਼ੂਬਾਂ ਪਿੱਛੇ ਲੱਗ

ਰੱਬ ਦੀ ਕੋਈ ਸ਼ਕਲ ਨਹੀਂ, ਨਜ਼ਰ ਕਿਥਾਊ ਆਵੈ
ਸਤਿਗੁਰ ਸੱਚਾ ਸਾਹ ਹੈ, ਗੁਰ ਮਹਿ ਰੱਬ ਸਮਾਵੈ
ਸਤਿਗੁਰ ਸਰਣੀ ਜਾਇ ਢਹਿ, ਜੇ ਪਾਉਣਾ ਏ ਰੱਬ
ਜਿਨ ਗੁਰ ਰੱਬ ਕਰ ਜਾਣਿਆਂ, ਕੀਤਾ ਓਸ ਵਿਸਾਹ
ਰੱਬ ਗੁਰੂ ਵਿਚ ਵਸਦਾ, ਉਹ ਪਾਵੈ ਰੱਬ ਦੇ ਰਾਹ
ਦਰ ਗੁਰੂ ਦਾ ਰਾਹ ਰੱਬ ਦਾ, ਭੁੱਲਿਆ ਫਿਰਦਾ ਜੱਗ
ਰੱਬ ਦੀ ਕੋਈ ਮੂਰਤ ਨਹੀਂ, ਜੋ ਨਜ਼ਰ ਕਿਸੇ ਨੂੰ ਆਵੈ
ਜੋ ਗੁਰੂ ਕੌ ਰੱਬ ਮੰਨੈਂ, ਗੁਰੂ ਰੱਬ ਨਜ਼ਰ ਤਿਸ ਭਾਵੈ
ਦਰ ਗੁਰੂ ਦਾ ਦਰ ਰੱਬ ਦਾ, ਸਮਝਾ ਦੇਵੈ ਗੁਰੂ ਸਭ
ਬੈਂਸ; ਜਾ ਬਹਿ ਦਰ ਗੁਰੂ ਦੇ, ਜਾਣ ਓਸ ਨੂੰ ਰੱਬ
ਜਦੋਂ ਤੇਰਾ ਮਨ ਮੰਨ ਗਿਆ, ਗੁਰੂ ਲੱਗੂ ਤੈਨੂੰ ਰੱਬ
ਗੁਰੂ ਰੱਬ ਮਹਿ ਭੇਦ ਨਹਿੰ, ਗੁਰੂ ਚ ਵਸਦਾ ਰੱਬ
ਛੁਪੇ ਰੱਬ ਨੂੰ ਪੂਜੇਂਗਾ, ਉਹਨੇ ਨਜ਼ਰ ਨੀ ਆਉਣਾ
ਪੂਜ ਬੈਠ ਕੇ ਗੁਰੂ ਨੂੰ, ਤੇਰਾ ਮਨ ਸਿੱਧਾ ਹੋ ਜਾਣਾ
ਮਨ ਸਿੱਧਾ ਕਰ ਬੈਂਸ, ਲੱਭ ਜਾਵੈ ਚਿੱਤ ਚ ਰੱਬ
ਬੈਂਸ; ਰੱਬ ਨੂੰ ਪਾਉਣਾ, ਕੇਵਲ ਮਨ ਸਿੱਧਾ ਕਰਨਾ
ਰੱਬ ਗੁਰੂ ਕੌ ਮੰਨ ਲੈ, ਢਹਿ ਜਾ ਸਤਿਗੁਰ ਚਰਨਾਂ
ਚਿੱਤ ਲਾਇ ਗੁਰੂ ਧਿਆਇ, ਮਨ ਵਿਚ ਦਿਸੈ ਰੱਬ
ਪੂਜ ਗੁਰੂ ਕੌ ਰੱਬ ਮੰਨ, ਮਨ ਸਮਝਾਉਣ ਦਾ ਵੱਲ
ਗੁਰ ਚਰਣੀ ਲੱਗ ਜਾ ਬੈਂਸ, ਮੰਨ ਗੁਰੂ ਦੀ ਗੱਲ
ਜੋ ਭਾਵ ਸਾਹਮਣੇ ਬੈਠ ਹੋਵੈ, ਓ੍ਹਲੇ ਚਿੱਤ ਨ ਲੱਗ
ਜੇ ਰੱਬ ਨੂੰ ਪਾਉਣਾ ਬੰਦਿਆ; ਸਤਿਗੁਰੂ ਦਰ ਚੱਲ
ਰੱਬ ਜਾਣ ਪੂਜ ਓਸਨੂੰ, ਮਨ ਸਿੱਧਾ ਕਰਨ ਦਾ ਵੱਲ
ਸਿੱਧਾ ਚਿੱਤ ਸੇਧ ਚ ਚੱਲੈ, ਤੱਕ ਸਤਿਗੁਰ ਦਿੱਸੈ ਰੱਬ
ਮਨ ਸਿੱਧਾ ਕੇਵਲ ਗੁਰੂ ਕਰੈ, ਅਵਰ ਕਰੈ ਨ ਕੋਇ
ਕਾਬੇ ਜਾ ਭਾਵੇਂ ਹਰਿਮੰਦਰ, ਮਨ ਸਿੱਧਾ ਨਾ ਹੋਇ
ਗੁਰ ਮਨ ਸੋ ਤਾਰ ਮਿਲਾਇਸੀ, ਜੇ ਮੰਨੇ ਉਹਨੂੰ ਰੱਬ

ਜਿਉਂਦੇ ਮਰਨਾ ਆ ਜਾਵੈ, ਤਾਂ ਰੱਬ ਗੁਰੂ ਬਣ ਆਵੈ
ਦੁੱਧ ਵਾਂਗ ਚਿੱਤ ਜਮਾ ਦੇਵੈ, ਜਾਗ ਇਸ਼ਕ ਦਾ ਲਾਵੈ
ਜਿੰਨਾਂ ਮਥ ਤਿੰਨਾਂ ਰਸ ਵੱਥ, ਸਤਿਗੁਰ ਬੈਂਸ ਦਾ ਰੱਬ
ਰੱਬ ਗੁਰੂ ਕੌਂ ਮੰਨ ਬੈਂਸ, ਚਿੱਤ ਵਸਾ ਉਹਦੀ ਮੂਰਤ
ਤੇਰਾ ਮਨ ਜਦੋਂ ਮੰਨਿਆਂ, ਗੁਰੂ ਦਿਸੈ ਰੱਬ ਦੀ ਸੂਰਤ
ਮਨ ਸਿੱਧਾ ਹੋਇ ਜਾਇਸੀ, ਬਣੈ ਮਨ ਦਾ ਸ਼ੀਸ਼ਾ ਰੱਬ

ਦਰਸ ਦਿਖਾਓ

ਘਰ ਆ ਜਾ ਢੋਲਣਾ, ਮੋਹਿ ਤੋਹਿ ਮਿਲਣ ਕੌਂ ਚਾਓ
ਤੱਕਾਂ ਖੜ੍ਹੀ ਬਨੇਰੇ ਤੇ, ਮਾਹੀ ਆਓ ਦਰਸ ਦਿਖਾਓ

ਅੱਲੜ੍ਹਪਣੇ ਚ ਲੱਗ ਗਈ ਸਾਡੀ, ਤੂੰ ਬਣਿਆ ਸਾਡਾ ਮੀਤ
ਮੈਂ ਤੈਨੂੰ ਚਿੱਤ ਚਿਤਾਰਾਂ ਨਿੱਤ, ਪੈ ਗਈ ਡਾਢੇ ਸੰਗ ਪ੍ਰੀਤ
ਸੱਜਰੀ ਮੈਂ ਵਿਆਹ ਆਂਦੀ, ਆ ਪਿਆਰ ਚ ਘੁੰਡ ਚੁਕਾਓ
ਸ਼ਰਮ ਜੱਗ ਦੀ ਲਹਿ ਗਈ, ਜਦੋਂ ਪ੍ਰੀਤ ਤੇਰੇ ਸੰਗ ਪਾਈ
ਪਿਆਰ ਪਾ ਆ ਲਾਡ ਲਡਾ, ਮੇਰੇ ਜੀ ਤੂੰ ਵਸਿਆ ਮਾਹੀ
ਮੈਂ ਮਾਹੀ ਮਾਹੀ ਕਰਾਂ ਨਿੱਤ, ਅਸਾਂ ਵੀ ਗਲ ਨਾਲ ਲਾਓ
ਅਸਾਂ ਤੇਰੇ ਸੰਗ ਲਾਈ ਏ, ਮੇਰੇ ਚਿੱਤ ਚ ਯਕੀਨ ਸੱਜਣ
ਤੂੰ ਵੀ ਤੋੜ ਨਿਭਾਵੇਂਗਾ, ਮੈਂ ਉਡੀਕਾਂ ਬਣ ਮਸਕੀਨ ਸੱਜਣ
ਮੇਰੀ ਪਲਕਾਂ ਤੇ ਤੂੰ ਵਸਦਾ, ਮਾਹੀ ਨੈਣਾਂ ਸੰਗ ਨੈਣ ਮਿਲਾਓ
ਨੈਣ ਮਿਲਾ ਕੇ ਤੇ ਸ਼ਰਮਾ ਕੇ, ਨੈਣਾਂ ਦੀ ਕਰ ਲਈ ਚੋਰੀ
ਤੂੰ ਉਚੱਾ ਤੇਰੀ ਸ਼ਾਨ ਉਚੀ, ਪਰ ਰਾਹ ਮਿਲਣ ਦਾ ਮੋਰੀ
ਦਿਲ ਲੈ ਕੇ ਮੈਂ ਆਈ ਦਰ ਤੇ, ਫੜ ਬੀਣੀ ਸੇਜ ਲੈ ਜਾਓ
ਆ ਮਾਹੀ ਕੱਠੇ ਹੋ ਬਹੀਏ, ਦਿਲ ਦੀਆਂ ਦਿਲ ਨੂੰ ਕਹੀਏ
ਦਿਲ ਸੰਗ ਦਿਲ ਦੀ ਤਾਰ ਜੋੜ, ਦੋ ਤੋਂ ਇਕ ਹੋ ਰਹੀਏ
ਦਿਲ ਧੜਕਣੋ ਰੁਕ ਜਾਵੇ, ਸਵਰਨ ਜੀ ਚ ਜੀ ਮਿਲਾਓ
ਮਾਹੀ ਤੂੰ ਮੇਰੇ ਜੀ ਚ ਵਸਦਾ, ਤੇਰੀ ਮੈਂ ਪ੍ਰੇਮ ਦੀਵਾਨੀ
ਤੂੰ ਵੀ ਪਰਚਾ ਲਾ ਬੈਂਸ ਨੂੰ, ਦੇ ਕੇ ਪਿਆਰ ਨਿਸ਼ਾਨੀ
ਮੇਰੇ ਯਾਰ ਮੈਂ ਤੇਰਾ ਪਿਆਰ, ਪਿਆਰ ਦਾ ਰੰਗ ਚੜ੍ਹਾਓ
ਮੇਰੇ ਚਿੱਤ ਚ ਮਾਹੀ ਵਸਦਾ, ਚੜ੍ਹ ਗਈ ਇਸ਼ਕ ਦੀ ਤੋਈ
ਐਸੀ ਕਾਣ ਇਸ਼ਕ ਦੀ ਮਾਰੀ, ਮੈਂ ਉਹਦੀ ਬਣ ਖਲੋਈ
ਦਰਦ ਇਸ਼ਕ ਦਾ ਝੱਲ ਨਾ ਹੋਵੇ, ਹੋਰ ਨਾ ਸਖੀ ਤੜਫਾਓ

ਧੁਖ ਧੁਖ ਸੀਨਾ ਰਾਖ ਹੋਇਆ, ਜੀ ਤੇਰੇ ਇਸ਼ਕ ਚ ਖੋਇਆ
ਹੰਝੂਆਂ ਨਾਲ ਨ ਅੱਗ ਬੁਝੈ, ਜਦੋਂ ਬੈਂਸ ਇਸ਼ਕ ਚ ਰੋਇਆ
ਇਸ਼ਕ ਦੇ ਭਾਂਬੜ ਮਚਦੇ ਨੇ, ਮਾਹੀ ਹੋਰ ਨ ਲਾਂਬੂ ਲਾਓ
ਲੱਗੀ ਦਿਲ ਦੀ ਸੁਲ੍ਹਗਦੀ ਏ, ਦੁਆ ਕਰੋ ਇਹ ਬੁਝ ਜਾਵੇ
ਲਾਂਬੂ ਬਣ ਕੇ ਰਾਖ ਹੋਵੇ, ਨਿੱਤ ਦਾ ਝਗੜਾ ਮੁੱਕ ਜਾਵੇ
ਮੇਰੀ ਜਾਨ ਨਿਕਲਦੀ ਜਾਂਦੀ ਏ, ਆਪੇ ਲਾ ਆਪ ਬੁਝਾਓ

ਅਪਣਾ ਭੇਦ

ਦਰ ਦਰ ਤੈਨੂੰ ਫਿਰਾਂ ਭਾਲਦੀ, ਸੱਜਣਾ ਤੂੰ ਕਿੱਥੇ ਵਸਦਾ ਏਂ
ਮੈਂ ਮਿੰਨਤਾਂ ਕਰਦੀ ਹਾਰ ਗਈ, ਤੂੰ ਭੇਦ ਨ ਅਪਣਾ ਦੱਸਦਾ ਏਂ

ਨਿੰਮੀਂ ਨਿੰਮੀ ਪੌਣ ਪਈ ਵਗਦੀ, ਵ੍ਰਰਨ ਨੈਣਾਂ ਚੋਂ ਕਣੀਆਂ
ਇਨ ਨੈਣਨ ਵਗਣਾ ਸਿੱਖਿਆ, ਜਦੋਂ ਮਾਹੀ ਦੀਆਂ ਬਣੀਆਂ
ਇਸ਼ਕ ਨੇ ਲੱਖੋਂ ਕੱਖ ਬਣਾਈ, ਮੈਨੂੰ ਤੂੰ ਨਿੱਤ ਪਰਖਦਾ ਏਂ
ਪਲਕਾਂ ਚੋ ਨੀਰ ਵਗੇਂਦਾ ਏ, ਮਾਹੀ ਨ ਬਾਂਹ ਫੜੇਂਦਾ ਏ
ਭੈੜਾ ਨੈਣ ਮਿਲਾਉਂਦਾ ਨਹੀਂ, ਰੱਜ ਰੱਜ ਤਸੀਹੇ ਦੇਂਦਾ ਏ
ਸੁਖ ਚੈਨ ਵਸ ਤੇ ਰਾਜ਼ੀ ਰਹਿ, ਜਿੱਥੇ ਵੀ ਤੂੰ ਵਸਦਾ ਏਂ
ਝੜੀ ਸਾਵਣ ਦੀ ਲੱਗ ਜਾਵੇ, ਜਦੋਂ ਯਾਦ ਮਾਹੀ ਦੀ ਆਵੇ
ਮੇਰਾ ਯਾਰ ਸਾਹਮਣੇ ਨਾ ਹੋਵੇ, ਤੱਕ ਮੇਰਾ ਦਿਲ ਘਬਰਾਵੇ
ਮੈਂ ਤੇਰੇ ਕੋਲ ਨੂੰ ਆਵਾਂ, ਤੂੰ ਵਿੱਥ ਅਸਾਂ ਤੋਂ ਰੱਖਦਾ ਏਂ
ਬਾਝੋਂ ਸੁਹਣੇ ਸੱਜਣਾ ਦੇ, ਇਹ ਜ਼ਿੰਦਗੀ ਨਹੀਂ ਦਰਕਾਰ
ਕਿੰਞ ਗੁਜ਼ਰੇਗੀ ਉਮਰ ਮੇਰੀ, ਜੇ ਕੋਲ ਨੀ ਮੇਰਾ ਯਾਰ
ਲੋਕੀਂ ਤੈਨੂੰ ਮਿਲਣ ਤੀਰਥੀਂ, ਕੀ: ਸੱਚੀਂ ਉਥੇ ਵਸਦਾ ਏਂ
ਮੇਰੀ ਜ਼ਿੰਦਗੀ ਹੋਈ ਬੇਕਾਰ, ਮੇਰੀ ਸੁਣੇ ਨ ਮੇਰਾ ਯਾਰ
ਤੇਰੇ ਬਾਝੋਂ ਪਲ ਨ ਬੀਤੇ, ਮੈਂ ਖੋ ਗਈ ਤੇਰੇ ਪਿਆਰ
ਮੈਂ ਹਾਂ ਤੇਰੀ ਮੰਗ ਸੱਜਰੀ, ਮੇਰੇ ਲਈ ਤੂੰ ਲੱਖ ਦਾ ਏਂ
ਮਾਹੀ ਬਾਝੋਂ ਮਿਲੇ ਨ ਢੋਈ, ਡੁੱਬੀ ਮੈਂ ਯਾਦ ਚ ਖੋਈ
ਆਖਾਂ ਬੈਠੀ ਸਖੀਆਂ ਨੂੰ, ਉਹਨੂੰ ਦਿਓ ਸਨੇਹਾ ਕੋਈ
ਮੈਂ ਤੈਨੂੰ ਲੜ ਫੜਾ ਬੈਠੀ, ਤੂੰ ਮਾਹੀ ਬਣ ਕੇ ਨੱਸਦਾ ਏਂ
ਚੇਤੇ ਕਰਦਿਆਂ ਰਾਤਾਂ ਬੀਤਣ, ਰਾਤਾਂ ਹੋਈਆਂ ਲੰਬੀਆਂ
ਤਾਰੇ ਗਿਣਦੀ ਰਾਤ ਗੁਜ਼ਾਰਾਂ, ਜ਼ਰਾ ਨ ਅੱਖੀਆਂ ਲੱਗੀਆਂ
ਚਿੱਤ ਮੇਰਾ ਬਹਿਕਾ ਚੰਨਾਂ, ਮੁੜ ਦੂਰ ਸਵੇਰੇ ਨੱਸਦਾ ਏਂ

ਚਿੱਤ ਚਾਨਣ

ਮੇਰੇ ਯਾਰ ਨੇ ਤਾਰ ਮਿਲਾ ਕੇ, ਜਾਗ ਇਸ਼ਕ ਦਾ ਲਾ ਦਿੱਤਾ
ਇਸ਼ਕ ਸੁਲ੍ਹਗ ਕੇ ਬਣ ਭਾਂਬੜ, ਚਾਨਣ ਚਿੱਤ ਕਰਾ ਦਿੱਤਾ

ਨੈਣਾਂ ਦਾ ਚਾਨਣ ਤੇਰੀ ਰੋਸ਼ਨੀ, ਮਚਦੀ ਤੇਰੇ ਪਿਆਰ ਅੰਦਰ
ਤੂੰ ਮੇਰੇ ਚਿੱਤ ਚ ਵਸਦਾ ਏਂ, ਮੇਰੇ ਅੰਦਰ ਬੈਠਾ ਪਾ ਕੇ ਮੰਦਰ
ਭੋਲੀ ਭਾਲੀ ਅੰਞਾਣੀ ਜਿੰਦੜੀ ਨੂੰ, ਤੂੰ ਅਪਣਾ ਮੰਦਰ ਬਣਾ ਲਿੱਤਾ
ਬੈਠ ਚਿੱਤ ਚ ਜੀ ਲਾ ਕੇ, ਇਸ ਚਿੱਤ ਨੂੰ ਆਪਣੇ ਵੱਲ ਮੋੜ ਲਵੀਂ
ਚੰਨਾਂ ਸਾਡਾ ਅਜਲ ਦਾ ਨਾਤਾ, ਤੜੱਕ ਕਰਕੇ ਨਾ ਕਿਤੇ ਤੋੜ ਦਵੀਂ
ਟੁੱਟੀ ਤਾਰ ਜੋੜ ਗੰਢ ਪੈ ਜਾਸੀ, ਜੇ ਤੂੰ ਸਾਨੂੰ ਨਦਰੋਂ ਭੁਲਾ ਦਿੱਤਾ
ਇਸ਼ਕ ਦਾ ਤਾਣਾ ਤਣ ਮਾਹੀ, ਤੂੰ ਮੇਰੀ ਰੂਹ ਦਾ ਅੰਗ ਬਣਿਆ
ਮੇਰ ਤੇਰ ਦਾ ਭੇਦ ਮਿਟਾ, ਦੋ ਰੂਹ ਮਿਲ ਕੇ ਇਕ ਰੰਗ ਬਣਿਆ
ਦੋ ਤੋਂ ਅਸਾਂ ਇਕ ਹੋ ਗਏ, ਅਪਣੇ ਸੰਗ ਤੂੰ ਅਸਾਂ ਮਿਲਾ ਲਿੱਤਾ
ਤੂੰ ਏਂ ਯਾਰ ਦਿਲਦਾਰ ਮੇਰਾ, ਸਾਰਾ ਜੱਗ ਜਹਾਨ ਏ ਨੂਰ ਤੇਰਾ
ਤੂੰ ਹੀ ਤੂੰ ਬੈਂਸ ਨਿੱਤ ਕਰੀ ਜਾਵੇ, ਤੇਰੇ ਸਦਕੇ ਚੜ੍ਹੇ ਸਰੂਰ ਤੇਰਾ
ਇਸ਼ਕ ਚ ਚਿੱਤ ਗੁਮਰਾਹ ਕੀਤੋ, ਰਾਹ ਬੈਂਸ ਅਵੱਲੇ ਪਾ ਦਿੱਤਾ
ਤੇਰੇ ਦਰ ਦਾ ਉਹ ਬਣ ਭਿਖਾਰੀ, ਸਿਰ ਝੁਕਾ ਦਰ ਤੇ ਖ਼ੈਰ ਮੰਗੇ
ਯਾਰਾ ਬੂੱਕ ਪਿਆਰ ਦਾ ਪਾ ਆ ਕੇ, ਹੋ ਜਾਣ ਭਾਗ ਬੈਂਸ ਦੇ ਚੰਗੇ
ਤੇਰੇ ਕਰਮ ਦੀ ਤਾਂਘ ਚਿੱਤ ਚ, ਬੈਂਸ ਦਰ ਤੇ ਅਲਖ ਜਗਾ ਦਿੱਤਾ
ਅਲ੍ਹੜਪਣੇ ਚ ਉਮਰ ਬਿਤਾਈ, ਮੈਂ ਬੜੀਆਂ ਗਲਤੀਆਂ ਕਰ ਬੈਠਾ
ਅਣਜਾਣ ਜਾਣ ਕੇ ਮੁਆਫ ਕਰੀਂ, ਬਖਸ਼ ਦੇ ਪਿਛਲੀਆਂ ਮੇਰੇ ਦਾਤਾ
ਬੈਂਸ ਦਰ ਖੜ੍ਹ ਖ਼ੈਰ ਮੰਗਦਾ, ਝੋਲੀ ਭਰ ਦੇ ਕਰਮ ਦੀ ਮੇਰੇ ਮਿੱਤਾ
ਚੱਜ ਨ ਲਿਖਣ ਦਾ ਬੈਂਸ ਕੋਈ, ਤੱਤੇ ਤੇਰਾ ਇਸ਼ਕ ਸਤਾਉਂਦਾ ਏ
ਲੀਕਾਂ ਲਾ ਲਾ ਕਰੇ ਜੋਦੜੀ, ਲੱਗੀ ਦਿਲ ਦੀ ਲਿਖ ਬੁਝਾਉਂਦਾ ਏ
ਹੱਥ ਰੱਖ ਬੈਂਸ ਦੇ ਸਿਰ ਉਤੇ, ਕਰ ਜੋਦੜੀ ਕਲਮ ਚ ਪਾ ਦਿੱਤਾ
ਸੁਹਣਿਆਂ; ਤੇਰੇ ਬਾਝ ਨਾ ਜੀ ਲੱਗੇ, ਦੱਸ ਕਿੱਥੇ ਮਿਲੇਂਗਾ ਕਦ
ਬਿਨਾਂ ਵੇਖਿਆਂ ਮੇਰੇ ਦਿਲਬਰਾ ਓਏ, ਕਿਵੇਂ ਆਖਾਂ ਤੈਨੂੰ ਰੱਬ
ਸਾਡੀ ਅਰਜ਼ ਫਰਜ਼ ਅਰਜੋਈ, ਲਿਖ ਵਾਸਤਾ ਤੈਨੂੰ ਪਾ ਦਿੱਤਾ
ਤੇਰੇ ਦਰ ਤੇ ਸਾਡੀ ਅਰਜ਼ ਸਖੀ, ਦੱਸ ਮਿਲਣ ਦਾ ਰਾਜ਼ ਰੱਬਾ
ਚਿੱਤ ਬੈਂਸ ਦੇ ਹਾਵੀ ਬਣਿਆਂ, ਲਾ ਕੇ ਇਸ਼ਕ ਦਾ ਜਾਗ ਰੱਬਾ
ਆ ਮਨ ਦਾ ਕਾਬਾ ਖੋਲ੍ਹ ਢੋਲਣਾ, ਤੂੰ ਹਾਜੀ ਬੈਂਸ ਬਣਾ ਦਿੱਤਾ

ਰਾਮ ਖਿਡੌਣਾ

ਮੈਂ ਰਾਮ ਖਿਡੌਣਾ ਰਾਮ ਜੀ, ਰਾਮ ਸੰਗ ਖੇਡ੍ਹਣ ਚਿੱਤ ਕਰੈ
ਰਾਮ ਰਜਾਇ ਖੇਡ੍ਹ ਰਚਾਇ, ਤੁਮ ਸੰਗ ਹਰਿ ਮਨ ਕੇਲ ਕਰੈ

ਹਮ ਬਾਰਕ ਹਰਿ ਜਾਤ ਅਜਾਤੀ, ਤੂੰ ਮੇਰੋ ਸੰਗੀ ਸਾਥੀ
ਚਿੱਤ ਚਿਤਵੈ ਬੋਲ ਸਕੈ ਨ, ਤੂੰ ਜਾਣੈ ਮਨ ਦੀ ਆਖੀ
ਉਠਣ ਮਨ ਚ ਵਲਵਲੇ, ਹੁਣ ਖੇਡ੍ਹਣ ਤੋਂ ਜੀ ਨਾ ਟਰੈ
ਮਨ ਮੇਰੇ ਜੀ ਤਾਂਘ ਚਿੱਤ ਲੋਚ, ਹਰਿ ਨਾਮਾ ਹਰਿ ਸੋਚ
ਕਰ ਸੰਤਨ ਸੰਗ ਗੋਸਟੀ, ਹਰਿ ਸੰਤ ਹਰਿ ਪ੍ਰਭ ਲੋਕ
ਸੰਤਨ ਸੰਗ ਹਰਿ ਪ੍ਰਭ ਸੇਵ ਬੈਂਸ, ਆਲਸ ਕਿਉਂ ਕਰੈ
ਕਰ ਵੱਡੇ ਕੀ ਵਡਿਆਈ, ਜਿਸ ਪ੍ਰਭ ਤੈਨੂੰ ਸਾਜਿਆ
ਮੁੜ ਪਛੁਤਾਵਾ ਨ ਥੀਐ, ਜਨ ਸੇਵ ਜਿਨ ਨਿਵਾਜਿਆ
ਮਨ ਮੇਰੈ ਆਸ ਹਰਿ, ਮੋਹਿ ਤੋਹਿ ਵੇਖਣੈ ਚਿੱਤ ਕਰੈ
ਹਮ ਕੂਕਰ ਹਰਿ ਥਾਰੇ, ਆ ਬੈਠੇ ਤੇਰੈ ਦਰ ਪਿਆਰੇ
ਹਮ ਸੰਗ ਖੇਡ੍ਹ ਰਚਾ ਹਰਿ, ਹਮ ਭੌਂਕੈ ਹਰਿ ਦਰਬਾਰੇ
ਤੂੰ ਆਪੇ ਰਾਖਣ ਰੱਖਿਆ, ਹਰਿ ਦਰ ਹਮ ਰਾਖ ਕਰੈ
ਹਮ ਨੀਚ ਮਸਕੀਨ ਪ੍ਰਭ, ਹਰਿ ਤੂੰ ਆਪੇ ਸਾਰ ਕਰੈ
ਮਨ ਤਨ ਬਾਜ਼ੀ ਲਾਇ, ਤੁਮ ਸੰਗ ਖੇਡ੍ਹਣ ਚਿੱਤ ਕਰੈ
ਆਪੇ ਨਰਦਾਂ ਛੇੜ ਪ੍ਰਭ, ਤੁਮ ਸਿਖਿ ਸਿੱਖਿਆ ਜੀ ਕਰੈ
ਗੁਰ ਸਰਨ ਪਾਸਾ ਡਾਰ ਬੈਂਸ, ਮੁੜ ਪਛੋਤਾਵਾ ਨਾ ਹੋਇ
ਵੇਲਾ ਵਕਤ ਵਿਚਾਰ ਮਨ, ਬਹੁਮੁੱਲਾ ਵਕਤ ਨਾ ਖੋਇ
ਗੁਰ ਕਾ ਮੰਤ ਵਿਚਾਰ ਚਿੱਤ, ਸਤਿਗੁਰ ਭਾਵੈ ਸੋ ਕਰੈ
ਮੇਰੇ ਪ੍ਰਾਣ ਅਧਾਰੇ ਰਾਮ ਪਿਆਰੇ, ਆ ਮੇਰੇ ਸੰਗ ਖੇਡ੍ਹ
ਖੇਡ੍ਹ ਖੇਡ੍ਹ ਇਕ ਮਿਕ ਹੋ, ਖੋਲ੍ਹ ਬੈਂਸ ਨੂੰ ਅਪਣਾ ਭੇਦ
ਮੁੜ ਐਸੀ ਕਲਾ ਵਖਾ ਢੋਲਾ, ਬੈਂਸ ਸੋਚ ਲੋਚ ਚਿੱਤ ਉਕਰੈ
ਹਰਿ ਨਾਮਾ ਸਦਾ ਧਿਆਇ, ਇਕ ਮਨ ਇਕ ਚਿੱਤ ਹੋਇ
ਹਰਿ ਹਰਿ ਨਾਮ ਜਪੰਦਿਆਂ, ਮਨ ਤਨ ਨਿਰਮਲ ਹੋਇ
ਗੁਰ ਹਰਿ ਕੌ ਪੂਜ ਬੈਂਸ, ਗੁਰ ਪਰਗਟ ਹਰਿ ਮਨ ਕਰੈ

ਕ੍ਰਾਂਤੀ

ਕਿਰਤ ਕਰਮ ਦਾ ਰੂਪ ਕ੍ਰਾਂਤੀ, ਮਨ ਤਨ ਰੂਹ ਬਦਲਾਵੈ
ਸਤਿਗੁਰ ਸਰਣ ਗੁਰ ਸਬਦ ਕਮਾਵੈ, ਮਨ ਪ੍ਰਭ ਪਰਗਟਾਵੈ
ਕਿਰਤ ਕਰਮ ਕੂ ਧਰਮ ਕ੍ਰੰਤੀ, ਸੀਰਤ ਸੂਰਤ ਕੌ ਬਦਲਾਵੈ
ਚਿੱਤ ਉਬਾਲੈ ਵਲਵਲੇ, ਕੁਸੁੰਭ ਉਤਾਰ ਰੰਗ ਮਜੀਠ ਚੜ੍ਹਾਵੈ
ਕ੍ਰਾਂਤੀ ਪ੍ਰਭ ਚਿੱਤਾਰ ਚਿੱਤ, ਸਤਿਗੁਰ ਸਰਣ ਰੱਬ ਹੋਇ ਆਵੈ
ਗੁਰੂ ਧਿਆਵੈ ਮਨ ਸਹਜ ਸਮਾਵੈ, ਰੱਬ ਜ਼ਾਹਿਰ ਹੋਇ ਆਵੈ
ਮੁੜ ਰੱਬ ਜਬ ਤਨਹਾ ਪਾਵੈ, ਤਨਹਾਈ ਪ੍ਰਭ ਤਾਈਂ ਸਤਾਵੈ
ਗੁਰੂ ਧਿਆਵੈ ਸੱਚ ਸਹਜ ਸਮਾਵੈ, ਮੁੜ ਰੱਬ ਜਗਤ ਸਜਾਵੈ
ਕ੍ਰਾਂਤੀ ਆਈ ਜੱਗ ਬਣਾ ਕੈ, ਫਿਰ ਰੱਬ ਦਿਨ ਰਾਤ ਬਣਾਵੈ
ਰਾਤੀਂ ਸੌਂ ਥਕੇਵਾਂ ਲ੍ਹਾਵੈ, ਦਿਨ ਚੜ੍ਹ ਆਵੇ ਮਨ ਮੁਸਕੁਰਾਵੈ
ਕ੍ਰਾਂਤੀ ਆਈ ਰੱਬ ਰਜਾਈ, ਦਿਨ ਰਾਤ ਜੋੜ ਕੈ ਮਾਹ ਬਣਾਵੈ
ਦਿਨੇਸ਼ ਦਿਨ ਸੁੰਨ ਘਾਮ ਬਣਾ, ਗਿਣ ਮਿਣ ਮੌਸਮ ਬਣ ਆਵੈ
ਕ੍ਰਾਂਤੀ ਕਰਮ ਵਕਤ ਬਦਲਾਵੈ, ਪੁਰਾਣੇ ਢਾਹ ਨਵਾਂ ਰੰਗ ਲਾਵੈ
ਪਾਪ ਕਰਮ ਦਾ ਘੁੰਡ ਚੁੱਕਾਵੈ, ਪਾਪ ਬਦਲ ਪੁੰਨ ਬਣ ਆਵੈ
ਕ੍ਰਾਂਤੀ ਕਰੈ ਪਰਮ ਧਰ ਮਾਤਾ, ਜੀਵ ਖਾਣ ਕੂ ਫਸਲ ਉਗਾਵੈ
ਪੀਣ ਨੂੰ ਪਾਣੀ ਖਾਣ ਨੂੰ ਖਾਣੀ, ਮਰਨ ਸੰਕਟ ਤੋਂ ਜੀਵ ਬਚਾਵੈ
ਕ੍ਰਾਂਤੀ ਆਵੇ ਮੁੜ ਰੁੱਖਾਂ ਬਿਰਖਾਂ, ਜੀਵਾਂ ਖਾਣ ਫੁੱਲ ਫਲ ਲਾਵੈ
ਮਨ ਬਹਿਲਾਵੈ ਕਰ ਫੁੱਲਾਂ ਬਰਖਾ, ਮਹਿਕ ਫੈਲਾ ਮੁੜ ਫਲ ਲਾਵੈ
ਕ੍ਰਾਂਤੀ ਲਿਆਵੇ ਮੁੜ ਬਾਗ ਬਗੀਚੇ, ਵਿਚ ਚੰਦਨ ਰੁੱਖ ਉਗਾਵੈ
ਬਾਂਸ ਛੋੜ ਸਭ ਰੁੱਖਾਂ ਬਿਰਖਾਂ, ਜੰਗਲ ਮੰਗਲ ਮਹਿਕ ਚੜ੍ਹਾਵੈ
ਕ੍ਰਾਂਤੀ ਆਵੈ ਫਲ ਫੁੱਲਾਂ ਵਿਚ, ਪੋਂਦ ਚੜ੍ਹਾ ਰੁੱਖ ਸਾਰ ਬਦਲਾਵੈ
ਪੋਂਦ ਚੜ੍ਹ ਬਦਲ ਜਾਣ ਤਕਦੀਰਾਂ, ਖੱਟੇ ਫਲ ਮਿੱਠੇ ਹੋਇ ਆਵੈ
ਇਸ ਬੰਦੇ ਕੀ ਪੋਂਦ ਅਵੱਲੀ, ਕੇਵਲ ਸਤਿਗੁਰ ਸੋ ਮਿਲ ਪਾਵੈ
ਸੇਵਕ ਗੁਰ ਸਬਦ ਭੁੰਚਿ ਭੁੰਚਾਵੈ, ਮਨ ਤਨ ਚਾਨਣ ਹੋਇ ਆਵੈ
ਸਾਕਤ ਸਬਦ ਨ ਭਾਵਈ, ਜਿਉਂ ਬਾਂਸ ਨ ਚੰਦਨ ਮਹਿਕ ਸਮਾਵੈ
ਤਿਸ ਮਨਮੁਖ ਮਨ ਭਰਮਾਵੈ, ਸਾਕਤ ਕੂ ਹਰਿ ਨਾਮ ਨ ਭਾਵੈ
ਗੁਰ ਕਾ ਸਬਦ ਅਮੋਲ ਬੈਂਸ, ਮੁੱਲ ਸਬਦ ਨਾ ਪਾਇਆ ਜਾਵੈ
ਗੁਰ ਸਰਣ ਜਨ ਸੇਵ ਕਮਾਵੈ, ਚਿੱਤ ਝਾਕ ਗੁਰ ਸਬਦ ਸੁਣਾਵੈ
ਗੁਰ ਸਰਨ ਆਵੈ ਸਬਦ ਕਮਾਵੈ, ਗੁਰੂ ਸਬਦ ਮਨ ਵਸ ਜਾਵੈ
ਸਬਦ ਕਮਾਵੈ ਹਰਿ ਨਾਮ ਧਿਆਵੈ, ਲੋਭ ਮੋਹ ਹੰਕਾਰ ਮਿਟਾਵੈ

ਕਾਮ ਕ੍ਰੋਧ ਕੀ ਮਲ ਉਤਾਰੈ, ਹਰਿ ਨਾਮਾ ਮਨ ਮਾਹਿ ਸਮਾਵੈ
ਗੁਰੂ ਰੱਬ ਮੈ ਭੇਦ ਨ ਭਾਈ, ਬੈਂਸ; ਗੁਰ ਮੂਰਤ ਮਨ ਵਸਾਵੈ
ਗੁਰ ਸਰਣਾਵੈ ਸਬਦ ਕਮਾਵੈ, ਸਤਿਗੁਰ ਸੇਵਣ ਸੇਵ ਕਮਾਵੈ
ਮਨ ਤਨ ਪੇਂਦ ਸਤਿਗੁਰੂ ਚੜ੍ਹਾਵੈ, ਮਨਮੁਖ ਸਨਮੁਖ ਬਣ ਆਵੈ
ਗੁਰ ਗੁਰ ਕਰਤ ਗੁਰੈ ਗੁਰ ਹੋਈਐ, ਗੁਰ ਸੇਵਕ ਕੌ ਰੱਬ ਬਣਾਵੈ

ਮਰਨ ਦਾ ਭੈ

ਜੋ ਜੰਮਿਆਂ ਸੋ ਮਰਨਾ, ਦੁਖ ਮੌਤ ਦਾ ਪੈਣਾ ਜਰਨਾ
ਜੇ ਮਰਨ ਤੋਂ ਡਰ ਲਗਦੈ, ਓ ਮਨ; ਸੋਚ ਕੀ ਕਰਨਾ
ਸਭ ਕੁਝ ਜਰਨਾ ਪੈਂਦਾ, ਜਿਸ ਜਾ ਵਾਹ ਨਾ ਚੱਲੈ
ਮਹਿਲ ਮੁਨਾਰੇ ਕਿਉਂ ਮੱਲੈ, ਜੇ ਤਾਣ ਹੋਵੈ ਨ ਪੱਲੈ
ਸਾਰਾ ਜੱਗ ਇਹ ਜਾਣਦਾ, ਜਿੰਦ ਚਾਰ ਪੱਖ ਦੀ ਹੋਵੈ
ਬਾਲਪਣ ਤਰਨਪੋ ਬੁੜ੍ਹਪਣਾ, ਧੋ ਲੈ ਜੇ ਮਨ ਧੋ ਹੋਵੈ
ਅੱਗੋਂ ਭੈੜੀ ਮੌਤ ਡਰਾਵੈ, ਕਰਮ ਧਰਮ ਸੰਗ ਲੈ ਜਾਵੈ
ਪਿਛਲਾ ਲੇਖਾ ਦੇਖਾ ਮੇਟ ਬੈਂਸ, ਨਵਾਂ ਲੇਖ ਰੰਗ ਲਾਵੈ
ਮੌਤ ਜ਼ਿੰਦਗੀ ਦਾ ਏ ਹਿੱਸਾ, ਕਦੀ ਨ ਜਾਏ ਮਿਟਾਈ
ਹੋਣੀ ਕੋਈ ਨ ਟਾਲ ਸਕੈ, ਫਿਰ ਕਿਉਂ ਡਰਦੈਂ ਭਾਈ
ਹੋਣੀ ਏ ਇਕ ਕੌੜਾ ਸੱਚ, ਇਹਨੂੰ ਨਾ ਅਨਹੋਣੀ ਜਾਣ
ਰੱਖ ਤਸੱਲੀ ਬੇੜੀ ਟੁਰ ਚੱਲੀ, ਕਰ ਇਸ ਨੂੰ ਪਰਵਾਣ
ਜ਼ਰਾ ਤਨ ਸੱਟ ਜੇ ਲੱਗੈ, ਡਾਢਾ ਦਰਦ ਚਿੱਤ ਵਿਚ ਹੋਵੈ
ਮੌਤ ਭਿਆਨਕ ਜਾਪਦੀ, ਮੋਇਆਂ ਤੱਕ ਡਾਢਾ ਡਰ ਹੋਵੈ
ਮੌਤ ਇਕ ਪੜਾ ਜ਼ਿੰਦਗੀ, ਸਭਨਾ ਇਸ ਰਾਹ ਲੰਘਣਾ
ਸੁਭ ਚਿੰਤਨ ਚਿੱਤ ਚਿਤਾਰ, ਜੇ ਮਨ ਪਿਆਰ ਚ ਰੰਗਣਾ
ਚਿੱਤ ਪਿਆਰ ਚ ਰੰਗਣ ਲਈ, ਮਨ ਤਨ ਭਰਮੌਣਾ ਪੈਂਦਾ
ਗੁਰਚਰਨੀ ਚਿੱਤ ਲਾਇ ਬੈਂਸ, ਰੰਗ ਹਰੀ ਚੜ੍ਹ ਵੈਂਦਾ
ਜੇ ਮਰਨ ਤੋਂ ਡਰ ਲਗਦੈ, ਬੈਂਸ; ਯਤਨ ਅਜੇਹਾ ਕਰ
ਦਾਤਾਂ ਸਤਿਗੁਰ ਬਖਸਦਾ, ਮੱਲ ਜਾ ਕੇ ਗੁਰੂ ਦਾ ਦਰ
ਦਰ ਢੇਰੀ ਢਾ ਕੇ ਬੈਠ ਬੈਂਸ, ਮੁੜ ਕਿਤੈ ਨ ਜਾਵੀਂ ਚੱਲ
ਜੀਵਤ ਮਰਨਾ ਸਿੱਖ ਗੁਰੂ ਤੋਂ, ਗੁਰ ਦੱਸੈ ਜੀਵਣ ਹੱਲ
ਜੰਮਦਾ ਨਹੀਂ ਸੋ ਮਰਦਾ ਨਹੀਂ, ਬਣਾ ਅਜਿਹਾ ਦਿਲ
ਰੱਬ ਅਜਨਵੀ ਅਫਸਾਨਾ, ਜਾ ਕੇ ਵਿਚ ਰੱਬ ਦੇ ਮਿਲ
ਮੰਨ ਗੁਰੂ ਕਾ ਬਚਨ ਅਟੱਲ਼, ਸੋ ਰੱਬ ਮਿਲਣ ਦਾ ਹੱਲ

ਗੁਰੂ ਧਿਆ ਰੱਬ ਸਜਿਆ, ਬੈਂਸ ਤੂੰ ਵੀ ਗੁਰ ਦਰ ਚੱਲ
ਸਤਿਗੁਰੂ ਨਿੱਤ ਧਿਆਇ ਬੈਂਸ, ਦੋਵੇਂ ਰੱਬ ਤੇ ਗੁਰੂ ਭਰਾ
ਰੱਬ ਗੁਰੂ ਮੈ ਭੇਦ ਨਹਿੰ, ਸਤਿਗੁਰ ਜਾਣੈ ਰੱਬ ਦਾ ਰਾਹ
ਪੂਜ ਗੁਰੂ ਛੱਡ ਸਾਕਤ ਪੂਜਾ, ਗੁਰੂ ਜਾਣੈ ਰੱਬ ਦਾ ਭੇਦ
ਗੁਰੂ ਗੁਰੂ ਗੁਰ ਕਰ ਬੈਂਸ, ਛੱਡ ਪੜ੍ਹਨਾ ਵੇਦ ਗ੍ਰੰਥ ਕਤੇਬ
ਗੁਰ ਸਤਿਗੁਰ ਗੁਰੂ ਧਿਆਇ, ਗੁਰੂ ਚਰਨ ਚਿੱਤ ਲਾਇ
ਗੁਰੂ ਧਿਆਇ ਰੱਬ ਸਮਾਇ, ਦੱਦਾ ਦੁਖ ਮਰਨ ਮਿਟ ਜਾਇ

ਸੱਚਾ ਸਤਿਗੁਰ

ਸੇਵੋ ਸਤਿਗੁਰ ਆਪਣਾ, ਚਰਨ ਸਰਣ ਗੁਰ ਲੱਗ
ਭਰਮ ਮਿਟਾਇ ਚਿੱਤ ਕਾ, ਸਤਿਗੁਰ ਚੋਂ ਦਿਸੈ ਰੱਬ

ਸਰੇ ਰੋਜ਼ ਸੱਚੇ ਰੱਬ ਨੂੰ, ਸਭ ਦੁਨੀਆਂ ਚੇਤੇ ਕਰਦੀ
ਰੱਬ ਰੱਬ ਨਿੱਤ ਕਰਦੀ, ਦੁਨੀਆਂ ਰੱਬ ਤੋਂ ਡਰਦੀ
ਰੂਬਰੂ ਰੱਬ ਕਿਸੇ ਨ ਹੋਵੈ, ਵਹਿਮਾਂ ਖੋਇਆ ਜੱਗ
ਬੈਂਸ; ਗੁਰੂ ਰੱਬ ਕਰ ਜਾਣ, ਗੁਰੂ ਰੱਬ ਦੀ ਪਹਿਚਾਣ
ਚਿੱਤ ਮਹਿ ਗੁਰੂ ਸਮਾਵੈ, ਰੂਹ ਪਾਸ ਕਰੈ ਇਮਤਹਾਨ
ਸਤਿਗੁਰ ਸੇਵੋ ਸਮਝ ਰੱਬ, ਰਾਹ ਜਾਣੈ ਸਤਿਗੁਰ ਰੱਬ
ਜਿਹਨੂੰ ਦੁਨੀਆਂ ਰੱਬ ਆਖਦੀ, ਗੁਰ ਪੂਜ ਹੋਂਦ ਚ ਆਇਆ
ਲਾ ਸਮਾਧੀ ਗੁਰੂ ਪੂਜ, ਰੱਬ ਮੁੜ ਜਗਤ ਸਜਾਇਆ
ਹਰ ਜ਼ਰਰੇ ਚ ਰੱਬ ਸਮਇਆ, ਹਰ ਥਾਂ ਵਸਦਾ ਰੱਬ
ਰੱਬ ਹਰ ਥਾਂ ਛੁਪਿਆ ਰਹਿੰਦਾ, ਰਾਜ਼ ਕਿਸੇ ਨਾ ਕਹਿੰਦਾ
ਗੁਰੂ ਪੂਜ ਰੱਬ ਜ਼ਾਹਰ ਹੋਇਆ, ਸੰਗ ਗੁਰੂ ਦੇ ਰਹਿੰਦਾ
ਧਾਰ ਗੁਰੂ ਗੁਰ ਚਿੱਤ ਵਸਾ, ਬੈਂਸ ਸਿਖਿ ਗੁਰੂ ਤੋਂ ਸਭ
ਰੱਬ ਨੇ ਆਪ ਹੋਂਦ ਚ ਆ ਕੇ, ਕੱਲਾ ਖੁਦ ਨੂੰ ਪਾਇਆ
ਅਪਣਾ ਜੀ ਪਰਚਾਉਣ ਨੂੰ, ਮੁੜ ਰੱਬ ਜੱਗ ਸਜਾਇਆ
ਜੱਗ ਸੰਗ ਪਿਆਰ ਪਾ ਕੇ, ਵਿਚ ਛੁਪਿਆ ਰਹਿੰਦਾ ਰੱਬ
ਗੁਰੂ ਪੂਜ ਰੱਬ ਪਰਗਟਿਆ, ਗੁਰੂ ਕੀਤਾ ਰੱਬ ਐਸਾਨ
ਰੱਬ ਗੁਰੂ ਐਸਾਨ ਜਾਣ, ਆਉਂਦਾ ਬਣ ਉਹਦਾ ਮਹਿਮਾਨ
ਰੱਬ ਨੇ ਗੁਰੂ ਵਚੋਲਾ ਰੱਖਿਆ, ਗੁਰੂ ਚ ਵਸਦਾ ਰੱਬ
ਰੱਬ ਗੁਰੂ ਏ ਗੁਰੂ ਰੱਬ ਏ, ਇਸ ਚ ਭੇਦ ਨ ਕਾਈ
ਛੁਪਣ ਲਈ ਰੱਬ ਮਜ਼ੂਬ ਬਣਾਏ, ਖੋ ਬੈਠੀ ਰੱਬ ਲੁਕਾਈ

ਮਜ਼ਬਾਂ ਪਿੱਛੇ ਲੋਕ ਭੱਜ ਪਏ, ਤਾਂਹੀਓਂ ਨਹੀਂ ਮਿਲਦਾ ਰੱਬ
ਗੁਰੂ ਰੱਬ ਦੀ ਜੋਤ ਜਾਗਦੀ, ਗੁਰੂ ਵਿਚ ਰੱਬ ਜਮਾਲ
ਮਨ ਤਨ ਤੋਂ ਪੂਜ ਗੁਰੂ ਕੌ, ਗੁਰੂ ਬਖਸੈ ਰੰਗ ਗੁਲਾਲ
ਸੰਗ ਗੁਰੂ ਨਿੱਤ ਖੇਡ੍ਹੇ ਹੋਲੀ, ਗੁਰੂ ਬਣਿਆਂ ਬੈਂਸ ਦਾ ਰੱਬ
ਗੁਰ ਪਾਰਸ ਗੁਰ ਪਾਰਜਾਤ, ਗੁਰ ਚੰਦਨ ਮਹਿਕ ਫੈਲਾਵੈ
ਗੁਰੂ ਛੋਤ ਸੇਵਕ ਰੰਗ ਲਾਵੈ, ਗੁਰ ਹਰਿ ਮਹਿਕ ਚੜ੍ਹਾਵੈ
ਗੁਰ ਗੁਰ ਕਰਤ ਗੁਰੈ ਗੁਰ ਹੁੋਈਐ, ਗੁਰੂ ਚੋਂ ਦਿਸੈ ਰੱਬ

ਬੈਰਾਗੀ ਮਨਾ

ਮੇਰੇ ਬੈਰਾਗੀ ਮਨਾ, ਨਾ ਕਰ ਤੂੰ ਬੈਰਾਗ
ਸਤਿਗੁਰ ਤੇਰੇ ਸੰਗ ਹੈ, ਰੱਖੇਗਾ ਤੇਰੀ ਲਾਜ

ਸੱਜਣਾ ਨੂੰ ਓਲ੍ਹੇ ਪਾ ਕੇ, ਲਾ ਬੈਠਾ ਤੂੰ ਬੈਰਾਗ
ਜੀ ਤੜਫੈ ਦਿਲ ਧੜਕੈ, ਆਵੈ ਸੱਜਣ ਦੀ ਯਾਦ
ਆ ਮਿਲ ਮੇਰੇ ਪ੍ਰੀਤਮਾ, ਕਰਾਂ ਤੈਨੂੰ ਫਰਿਆਦ
ਜੇ ਤੂੰ ਉਹਨੂੰ ਚੇਤੇ ਕਰੇਂ, ਉਹ ਨਿੱਤ ਤੈਨੂੰ ਕਰਦਾ
ਢਹਿ ਜਾ ਦਰ ਗੁਰੂ ਦੇ, ਬਣ ਜਾ ਉਹਦੇ ਦਰ ਦਾ
ਚੇਤੇ ਕਰ ਕਰ ਸੱਜਣਾ ਨੂੰ, ਹੋ ਜਾ ਬਾਗ਼ੋ ਬਾਗ਼
ਬੈਂਸ ਤੂੰ ਉਹਦਾ ਬਣ ਜਾ, ਉਹ ਬਣੇਗਾ ਤੇਰਾ
ਕਰੈ ਮੁਰਾਦਾਂ ਪੂਰੀਆਂ, ਫਿਕਰ ਏ ਉਹਨੂੰ ਤੇਰਾ
ਤੂੰ ਉਹਨੂੰ ਚਿੱਤ ਵਸਾ, ਉਹ ਕਰਦਾ ਤੈਨੂੰ ਯਾਦ
ਜੇ ਤੂੰ ਇਕ ਪੈਰ ਚੱਲੈਂ, ਉਹ ਦਸ ਚੱਲ ਕੇ ਆਵੈ
ਤੈਨੂੰ ਗਲ ਨਾਲ ਲਾ ਕੈ, ਸਖੀ ਅਪਣਾ ਬਣਾਵੈ
ਉਹ ਤੇਰਾ ਬਣ ਜਾਏਗਾ, ਬੈਠਾ ਹੀਅੜੇ ਲਾਗ
ਪਿਆਰ ਚ ਜੱਗ ਸਾਜ ਕੈ, ਉਹ ਮੰਗੈ ਪਿਆਰ
ਉਹ ਪਿਆਰ ਚ ਵਸਦਾ, ਉਹ ਯਾਰਾਂ ਦਾ ਯਾਰ
ਪਿਆਰ ਪਾ ਤੋੜ ਨਿਭਾ, ਉਹ ਦੱਸੈਗਾ ਰਾਜ਼
ਉਹਨੂੰ ਚਿੱਤ ਚਿਤਾਰ ਤੂੰ, ਉਹ ਬਾਂਹ ਫੜਾਵੈ
ਡੁੱਬਦੇ ਪੱਥਰ ਤਾਰ ਕੈ, ਉਹ ਪਾਰ ਲੰਘਾਵੈ
ਤੈਨੂੰ ਪਾਰ ਲੰਘਾਇਸੀ, ਜੇ ਕਰੈਂ ਦਿਲੋਂ ਫਰਿਆਦ
ਉਹ ਪਿਆਰ ਮੰਗਦਾ, ਉਹ ਪਿਆਰ ਚ ਵਸੈ
ਜ਼ਰਾ ਕੁ ਚਿੱਤ ਵਸਾ ਉਹਨੂੰ, ਆਪੇ ਰਾਹ ਦੱਸੈ

ਸੁਆਲ ਪਿਆਰ ਚ ਕਰ, ਪਿਆਰ ਚ ਦਵੈ ਜੁਆਬ
ਬੈਂਸ ਤੂੰ ਚਿੱਤ ਵਸਾ ਉਹਨੂੰ, ਉਹ ਵੀ ਲੋਚੈ ਤੈਨੂੰ
ਤੂੰ ਤੂੰ ਕਰਦਾ ਬਣ ਉਹਦਾ, ਭੁੱਲ ਜਾ ਮੇਰੀ ਮੈਂ ਨੂੰ
ਮੇਰੀ ਮੈਂ ਤੂੰ ਭੁੱਲ ਜਾ, ਜਿਹਨੇ ਕੀਤਾ ਏ ਬਰਬਾਦ
ਕਰ ਸੰਤਨ ਸੰਗ ਗੋਸਟੀ, ਕਰ ਸਾਧੂ ਕਾ ਸੰਗ
ਸਤਿਗੁਰ ਸੇਵਣ ਸੰਗਤੀ, ਚੜ੍ਹ ਜਾਐ ਮਜੀਠਾ ਰੰਗ
ਬੈਂਸ ਉਹਦਾ ਬਣ ਜਾ, ਮੁੜ ਸਤਿਗੁਰ ਲਾਵੈ ਜਾਗ

ਖਾਲੀ ਹੱਥ

ਜਾਹ ਜੱਗ ਚੋਂ ਖੱਟ ਲੈ, ਇਸ ਕਾਰਨ ਤੈਨੂੰ ਘੱਲਿਆ
ਖਾਲੀ ਹੱਥ ਜੱਗ ਆਇਆ ਤੂੰ, ਖਾਲੀ ਮੁੜ ਚੱਲਿਆ
ਕਰਮ ਕਮਾ ਸੋ ਧਰਮ ਕਮਾ, ਭਰਮਾਂ ਦਾ ਪੜਦਾ ਲਾਹ
ਮਨ ਸਮਝਾ ਹਰੇ ਹਰਿ ਗਾ, ਹਰਿ ਨਾਮਾ ਚਿੱਤ ਵਸਾ
ਹਰਿ ਨਾਮ ਤੇਰੈ ਸੰਗ ਚੱਲ ਸੀ, ਮੁੜ ਜਦੋਂ ਘਰ ਚੱਲਿਆ
ਰੱਬ ਨੇ ਤੈਨੂੰ ਜੱਗ ਘੱਲਿਆ, ਹਰਿ ਨਾਮਾ ਚਿੱਤ ਵਸਾਉਣ ਨੂੰ
ਨਾਮ ਕਮਾ ਹਰਿ ਧਨ ਖੱਟ, ਜਾਣ ਸਮੈਂ ਸੰਗ ਲੈ ਜਾਣ ਨੂੰ
ਹਰਿ ਨਾਮਾ ਤੇਰੈ ਬੁੱਕਲ ਹੋਸੀ, ਜਾਏਂ ਨਾ ਖਾਲੀ ਝੱਲਿਆ
ਸੁਰਤ ਸਰੀਰ ਚੋਂ ਕੱਢ ਕੈ, ਜਨ ਮਨ ਵਿਚ ਸੁਰਤ ਸਮਾ
ਬਣਾ ਮਨ ਮੱਤ ਸੁਰਤ ਸੱਤ, ਹਰਿ ਨਾਮਾ ਦਿਲੋਂ ਧਿਆ
ਹਰਿ ਨਾਮਾ ਹਰਿ ਰਾਹ, ਹਰਿ ਧਿਆਇ ਘਰ ਚੱਲਿਆ
ਸਤਿਗੁਰ ਸਰਣ ਚਿੱਤ ਲਾ, ਸੱਚੇ ਰੱਬ ਨੂੰ ਦਿਲੋਂ ਧਿਆ
ਉਹ ਤੇਰੇ ਵਿਚ ਤੂੰ ਉਹਦੇ ਵਿਚ, ਤੂੰ ਜਾਵੈਂ ਸਹਿਜ ਸਮਾ
ਜਦੋਂ ਸੁਣੀ ਪੁਕਾਰ ਪਿਆਰ ਦੀ, ਤਖ਼ਤ ਹਜ਼ੂਰ ਦਾ ਹੱਲਿਆ
ਇਸ ਲਈ ਜੱਗ ਚ ਘੱਲਿਆ, ਬੰਦੇ; ਅਪਣਾ ਮਨ ਸਮਝਾ
ਸੁੱਚ ਸੰਜਮ ਭਜੁ ਹਰਿ ਨੰਦਨ, ਮਨੋਂ ਸੱਚੇ ਰੱਬ ਨੂੰ ਧਿਆ
ਸੋ ਤੇਰੈ ਸੰਗ ਚੱਲ ਸੀ, ਬੈਂਸ; ਕੀਤਾ ਕਰਮ ਨਾ ਟੱਲਿਆ
ਜੋ ਕੁਝ ਤੇਰੀ ਅੱਖ ਨੂੰ ਦਿੱਸੈ, ਉਹ ਤੇਰੈ ਸੰਗ ਨਾ ਜਾਵੈ
ਚੇਤੇ ਕਰ ਤਿਸ ਪੁਰਖ ਨਿਰੰਜਣ, ਸੋ ਲਾਵੈ ਸੰਗ ਨਿਭਾਵੈ
ਨਾਮ ਧਿਆ ਹਰਿ ਨਾਮ ਕਮਾ, ਨਾਮ ਤੇਰੈ ਸੰਗ ਚੱਲਿਆ
ਮਾਰ ਬੁਹਾਰੀ ਚਿੱਤ ਆਪਣੈ, ਤੂੰ ਅਪਣਾ ਚਿੱਤ ਵਰੋਲ
ਹਰਿ ਨਾਮਾ ਚਿੱਤ ਵਸਾਇ ਕੈ, ਚਿੱਤ ਵਿਚ ਉਹਨੂੰ ਟੋਲ
ਨਾਮ ਧਿਆਇ ਸਹਜ ਸੁਭਾਇ, ਹਰਿ ਮਨ ਚੋਂ ਮਿਲਿਆ

ਜੋ ਕੁਝ ਤੂੰ ਸੰਗ ਲੈ ਕੇ ਆਇਆ, ਸੋਈ ਸੰਗ ਲੈ ਜਾਣਾ
ਇਸ ਲਈ ਤੈਨੂੰ ਰੱਬ ਘੱਲਿਆ, ਧਿਆ ਉਹਨੂੰ ਹੋ ਨਿਮਾਣਾ
ਬੈਂਸ; ਇਹ ਜਨਮ ਸੁਆਰ ਕੈ, ਮੁੜ ਦਰਗਹ ਚੱਲਿਆ
ਜੋ ਕੁਝ ਤੈਨੂੰ ਨਜ਼ਰ ਆਵੈ, ਉਹ ਇੱਥੇ ਹੀ ਰਹਿ ਜਾਵੈ
ਜੱਗ ਬਣਾਇਆ ਭਰਮ ਭੁਲੇਖਾ, ਪਰ ਤੈਨੂੰ ਸਮਝ ਨ ਆਵੈ
ਬੈਂਸ ਕਮਾ ਜੋ ਨਾਲ ਲੈ ਚੱਲੈਂ, ਇਹ ਸਮਝਾਉਣ ਨੂੰ ਘੱਲਿਆ
ਇਸ ਲਈ ਤੈਨੂੰ ਘੱਲਿਆ, ਤੂੰ ਖੱਟ ਵੱਟ ਕੁਝ ਲਿਆਵੈਂ
ਗੁਰ ਸਰਣਾਈ ਭਜੁ ਹਰਿ ਨਿਸੰਗ, ਮੁੜ ਹਰਿ ਆਣ ਵਖਾਵੈਂ
ਸੁਭ ਕਰਮ ਸੁੱਚ ਭਾਵਨਾ, ਤੱਕ ਤਖ਼ਤ ਹਰੀ ਦਾ ਹੱਲਿਆ
ਮਨ ਮੇਰੇ ਸੋਚ ਵਿਚਾਰ ਚਿੱਤ, ਤੂੰ ਆਇਆ ਜਨਮ ਸਵਾਰਨ
ਗੁਰ ਸਰਣਾ ਸਾਧ ਸੰਗ ਗੋਸਟ, ਹਰਿ ਹਰਿ ਦਿਲੋਂ ਉਚਾਰਨ
ਮਤੇ ਆਪਣਾ ਫਰਜ਼ ਭੁੱਲ ਜਾਵੈਂ, ਇਸ ਲਈ ਖਾਲੀ ਘੱਲਿਆ
ਬੈਂਸ; ਤੂੰ ਆਇਆ ਲਾਹਾ ਲੈਣ, ਮੌਕਾ ਈ ਜਨਮ ਸੁਆਰ ਲੈ
ਢਹਿ ਕੈ ਸਤਿਗੁਰ ਸਰਣਾਇ, ਹਰਿ ਨਾਮਾ ਚਿੱਤ ਚਿਤਾਰ ਲੈ
ਗੁਰ ਸਰਣਾਇ ਨਾਮ ਧਿਆਇ, ਮੁੜ ਜਾਏਂ ਨ ਜੱਗ ਚ ਛੱਲਿਆ
ਬੰਦੇ; ਇਹ ਸਭ ਪਤਾ ਈ ਤੈਨੂੰ, ਤੇਰੇ ਸੰਗ ਕੁਝ ਨਹੀਂ ਜਾਣਾ
ਸੰਗ ਲੈ ਜਾਣ ਲਈ ਕੁਝ ਖੱਟ ਲੈਂਦਾ, ਜੇ ਤੂੰ ਹੁੰਦਾ ਸਿਆਣਾ
ਰਾਮ ਨਾਮ ਚਿੱਤ ਵਸਾ ਲੈਂਦਾ, ਬੈਂਸ; ਸੰਗ ਜਾਂਦਾ ਲੈ ਬੱਲਿਆ

ਬੰਦਿਆ

ਬੰਦਿਆ ਤੈਨੂੰ ਜੱਗ ਘੱਲਿਆ, ਮਨ ਵਿਚ ਸੋਚ ਵਿਚਾਰਨ ਨੂੰ
ਸੱਚਾ ਸਤਿਗੁਰ ਸੇਵਣ ਨੂੰ, ਭਜੁ ਅਪਣਾ ਜਨਮ ਸੁਆਰਨ ਨੂੰ

ਜਦੋਂ ਤੂੰ ਪੁੱਠਾ ਲਟਕਦਾ ਸੀ, ਤਾਂ ਰੱਬ ਨੂੰ ਚੇਤੇ ਕਰਦਾ ਦੀ
ਚਿੱਤ ਰੱਬ ਵਿਚ ਲਾਇਆ ਸੀ, ਹਰਦਮ ਨਾਮ ਉਚਰਦਾ ਸੀ
ਜਦੋਂ ਜੱਗ ਦੀ ਹਵਾ ਲੱਗੀ, ਮਨ ਟੁਰ ਪਿਆ ਰਾਮ ਵਿਸਾਰਨ ਨੂੰ
ਉਹ ਨੇ ਤੈਨੂੰ ਜਨਮ ਦਿੱਤਾ ਏ, ਜੇ ਕਿਧਰੇ ਉਹਦਾ ਬਣ ਜਾਵੇਂ
ਉਹਦਾ ਬਣਨ ਦਾ ਇਕ ਰਾਹ, ਤੂੰ ਹਰਿ ਹਰਿ ਨਾਮ ਧਿਆਵੇਂ
ਬੈਂਸ; ਹੋਰ ਸਭ ਕੂੜ ਧੰਦ, ਰਾਹ ਇੱਕ ਏ ਪਾਰ ਉਤਾਰਨ ਨੂੰ
ਜੱਗ ਚ ਆਇ ਭੁੱਲ ਗਿਆ, ਤੇਰਾ ਫਰਜ਼ ਸੂ ਰਾਮ ਉਚਾਰਨ ਦਾ
ਤੂੰ ਵਾਧਾ ਕਰ ਆਇਆ ਸੀ, ਕੰਮ ਛੱਡਿਆ ਨਾਮ ਵਿਚਾਰਨ ਦਾ
ਰੱਬ ਭੁੱਲ ਕੱਚਾ ਰਾਹ ਫੜਿਆ, ਰਾਹ ਡੰਡੀ ਨਹੀਂ ਪਾਰ ਉਤਾਰਨ ਨੂੰ

ਜੇ ਮੁੜ ਸਾਹਿਬ ਨੂੰ ਮਿਲਣਾ ਏ, ਬੈਂਸ ਮੁਰਸ਼ਦ ਦਰ ਢਹਿ ਜਾ
ਭਾਵੇਂ ਧੀਰਕ ਭਾਵੇਂ ਦੇਵੇ ਧੱਕੇ, ਢੇਰੀ ਢਾ ਮੁਰਸ਼ਦ ਦਰ ਬਹਿ ਜਾ
ਜੇ ਤੇਰਾ ਮਨ ਅਡੋਲ ਹੋ ਜਾਵੇ, ਗੁਰੂ ਦੱਸੇ ਰਾਹ ਪਾਰ ਉਤਾਰਨ ਨੂੰ
ਇਹ ਦੁਨੀਆਂ ਧੰਦੇ ਬਾਜ਼ੀ ਏ, ਜੱਗ ਧੰਦਿਆਂ ਵਿਚ ਜੱਗ ਰਾਜ਼ੀ ਏ
ਨਾਮ ਧਿਆਵਣ ਬੜਾ ਔਖਾ, ਨਾਮ ਧਿਆਉਣ ਚ ਰੱਬ ਰਾਜ਼ੀ ਏ
ਨਾਮ ਧਿਆ ਹੋਵੇ ਰੱਬ ਰਾਜ਼ੀ, ਗੁਰ ਦੱਸੇ ਵਿਧ ਨਾਮ ਉਚਾਰਨ ਨੂੰ
ਤੂੰ ਹਰਿ ਹਰਿ ਨਾਮ ਧਿਆਇ ਜਾ, ਜੱਗ ਨੂੰ ਦਿਲੋਂ ਭੁਲਾਇ ਜਾ
ਹਰਿ ਨਾਮਾ ਚਿੱਤ ਵਸਾਇ ਲੈ, ਗੁਰਚਰਨ ਧੂੜ ਮੁੱਖ ਲਾਇ ਜਾ
ਜੇ ਤੂੰ ਮਨ ਤਨ ਵਾਰ ਦਵੇਂ, ਰੱਬ ਘੱਲੂ ਗੁਰੂ ਨੂੰ ਮਨ ਸਧਾਰਨ ਨੂੰ
ਰੱਬ ਪਾਉਣਾ ਕੁਝ ਹੋਰ ਨਹੀਂ, ਕੇਵਲ ਮਨ ਸਿੱਧਾ ਕਰਨਾ ਏ
ਸਤਿਗੁਰ ਜੋ ਤੈਨੂੰ ਸਬਕ ਸਿਖਾਵੈ, ਬੈਂਸ ਤੂੰ ਉਸ ਤੇ ਮਰਨਾ ਏ
ਰੱਬ ਨੇ ਤੈਨੂੰ ਜੱਗ ਚ ਘੱਲਿਆ, ਕੇਵਲ ਹਰਿ ਨਾਮ ਉਚਾਰਨ ਨੂੰ
ਜੇ ਤੂੰ ਮਨ ਤਨ ਵਾਰ ਦਵੈਂ, ਰੱਬ ਆਪੇ ਤੈਨੂੰ ਗੁਰੂ ਮਿਲਾਏਗਾ
ਜੇ ਗੁਰੂ ਨੂੰ ਵ੍ਹੇਲ ਨਹੀਂ ਮਿਲਦੀ, ਰੱਬ ਖੁਦ ਗੁਰੂ ਬਣ ਆਏਗਾ
ਜਿਉਂਦਾ ਗੁਰੂ ਰੂਪ ਰੱਬ ਦਾ, ਵਚੋਲਾ ਬਣਿਆਂ ਜੱਗ ਉਧਾਰਨ ਨੂੰ
ਅਣਗਹਿਲੀ ਚ ਭੁੱਲ ਨ ਵਾਧਾ, ਉਹ ਅਪਣਾ ਬਿਰਦ ਪੁਗਾਏਗਾ
ਜਦੋਂ ਤੂੰ ਉਸ ਵਿਚ ਰਮ ਗਿਆ, ਉਹ ਬਬਾਨ ਬਠਾ ਲੈ ਜਾਏਗਾ
ਤੂੰ ਉਹਦੇ ਵਿਚ ਉਹ ਤੇਰੇ ਵਿਚ, ਮੁੜ ਆਵਣ ਜਾਣ ਵਿਸਾਰਨ ਨੂੰ
ਸਵਰਨ; ਬੈਂਸ ਦੀ ਸਿੱਖਿਆ ਮੰਨ ਲੈ, ਮੁੜ ਉਹ ਵੀ ਸੁਣੇਗਾ ਤੇਰੀ
ਨਿੱਤ ਛਣ ਛਣ ਘੁੰਗਰੂ ਛਣਕਣ ਨਾ, ਮੁੱਕ ਜਾਊ ਭੈਰੋਂ ਵਾਲੀ ਫੇਰੀ
ਉਹ ਵੀ ਤੈਨੂੰ ਚਿੱਤ ਚਿਤਾਰੈ, ਭੱਜ ਆਵੈ ਸਵਰਨ ਪੁਕਾਰਨ ਨੂੰ

ਜੋਗਣ

ਜੋਗਣ ਬਣ ਕੇ ਆਊਂ ਮੈਂ, ਸਖੀ ਤੇਰੇ ਦਰਬਾਰ
ਨੱਚ ਨੱਚ ਤੋਹਿ ਮਨਾਊਂ, ਖੋ ਕਰ ਤੇਰੇ ਪਿਆਰ

ਤੁਝੇ ਮਿਲਨੇ ਕੀ ਤਮੰਨਾਂ ਹੈ, ਮਗਰ ਬਹਿਰੂਪੀਆ ਹੈ ਤੂ
ਮਿਲਨਾ ਨਹੀਂ ਚਾਹਤਾ ਮੁਝੇ, ਇਸ ਲੀਏ ਛੁਪਾ ਹੈ ਤੂ
ਮੋਹਿ ਤੋਹੇ ਪਹਿਚਾਨ ਬਨੀ, ਅਬ ਨੱਚੂੰ ਤੇਰੇ ਦਰਬਾਰ
ਰੁੱਖ ਬਿਰਖ ਔਰ ਪਸੂ ਪੰਛੀ, ਜਹਿ ਦੇਖੂੰ ਤੂ ਹੀ ਤੂ
ਸੀਰਤ ਤੇਰੀ ਜਹਾਂ ਜਮਾ ਮੇਂ, ਸਭ ਜਾ ਛੁਪਾ ਹੈ ਤੂ
ਅਬ ਨਾ ਛੁਪਨੇ ਦੂੰ ਤੁਝੇ, ਮੇਰੇ ਜੀ ਮੈਂ ਵਸੀ ਸਰਕਾਰ

ਹਰਿ ਜਾ ਹਰ ਜਾਈ ਤੂ, ਬੈਂਸ ਕੀ ਕਲਮ ਸਿਆਹੀ ਤੂ
ਤੇਰੀ ਯਾਦ ਦਿਲ ਲਿਖੇ ਰੋਜ਼, ਯਾਦੋਂ ਕੀ ਤਨਹਾਈ ਤੂ
ਪਾਸ ਬੁਲਾ ਲੋ ਮੁਝੇ, ਜ਼ਰਾ ਰਹਿਮਤ ਹੋਇ ਸਰਕਾਰ
ਮੈਂ ਤੇਰੀ ਹੋ ਗਈ, ਅਬ ਤੁਝ ਕੋ ਭੀ ਹੈ ਮੇਰਾ ਬਨਨਾ
ਤੇਰੀ ਰਹਿਮਤ ਕਾ ਸਦਕਾ, ਮੈਂ ਅਬ ਸ਼ੁਕਰਾਨਾ ਕਰਨਾ
ਤੇਰੀ ਤੇਰੀ ਬੋਲ ਜ਼ਬਾਨੋਂ, ਬਨ ਗਈ ਤੇਰਾ ਪਰਵਾਰ
ਨੈਨਨ ਮੇਂ ਦੇਖ ਤੇਰੀ ਸੂਰਤ, ਝੂਮ ਝੂਮ ਕਰ ਗਾਊਂ
ਐਸੀ ਪਿਆਰ ਮੇਂ ਡੂਬ ਗਈ, ਤੋਹਿ ਭੂਲ ਨਾ ਪਾਊਂ
ਸਖੀ ਮੁਝੇ ਭੁਲਾ ਨ ਦੇਨਾ, ਮੈਂ ਡੂਬੀ ਇਸੀ ਵਿਚਾਰ
ਤੂ ਮੇਰੇ ਜੀ ਮੇਂ ਵਸ ਗਿਆ, ਸਖੀ ਮੈਂ ਤੇਰੀ ਹੋ ਗਈ
ਤੂ ਤੂ ਕਰਤੀ ਰੋ ਪੜੀ, ਮੈਂ ਤੇਰੀ ਯਾਦ ਮੇਂ ਖੋ ਗਈ
ਪਿਆਰ ਮੇਂ ਬਨੀ ਸੁਹਾਗਨ, ਪਿਆਰ ਕੀਆ ਸੰਗਾਰ
ਮੈਂ ਮਨ ਕੀ ਸੇਜ ਬਨਾਈ, ਕਬ ਆਵੈਗੋ ਮੇਰਾ ਸਾਈ
ਮੈਂ ਸ਼ਰਮਾਊਂ ਨੈਨ ਝੁਕਾਊਂ, ਹਾਥ ਸੇ ਘੂੰਗਟ ਉਠਾਈ
ਹੋਇ ਦੀਵਾਨਾ ਕਰ ਖਸਮਾਨਾ, ਮੈਂ ਡੂਬੀ ਤੇਰੇ ਪਿਆਰ
ਝਾਂਪ ਕਰ ਤੇਰੇ ਨੈਨਨ ਮੇਂ, ਦਿਲ ਕੀ ਦਿਲ ਬਾਤ ਸੁਨੈ
ਜੀ ਮੈਂ ਜੀ ਮਿਲ ਗਿਆ, ਦੋ ਬਦਨ ਇਕ ਰੂਹ ਬਨੈ
ਬੈਂਸ; ਅਬ ਮੈਂ ਕਾ ਤੂ ਹੂਆ, ਡੂਬ ਕਰ ਤੇਰੇ ਪਿਆਰ
ਤੂ ਹੀ ਤੂ ਮੇਰੇ ਚਿੱਤ ਵਸੈ, ਅਬ ਮੈਂ ਨਹੀਂ ਸਭ ਤੂ
ਮੁਝ ਕੋ ਕੁਛ ਪਤਾ ਨਹੀਂ, ਜਹ ਦੇਖੂੰ ਸਭ ਤੂ ਹੀ ਤੂ

ਮੈਂ ਬਡਭਾਗਨ ਬਨੀ ਸੁਹਾਗਨ, ਬੈਂਸ ਕਾ ਤੂ ਭਤਾਰ

ਗੁਰ ਪ੍ਰੀਤ

ਭੁੱਖਾ ਏ ਪ੍ਰਭ ਪਿਆਰ ਦਾ, ਪ੍ਰਭ ਗੁਰੂ ਪ੍ਰੀਤ ਵਸ ਹੋਇ
ਜਿਨ ਮਨ ਪ੍ਰੇਮ ਵਸਾਇਆ, ਤਿਨ ਪਾਇਆ ਪ੍ਰਭ ਸੋਇ

ਸਤਿਗੁਰ ਸੰਗ ਪ੍ਰੇਮ ਪਾਇ, ਪ੍ਰਭ ਹੋਂਦ ਵਿਚ ਆਇਆ
ਉਸ ਵੇਲੇ ਕੇਵਲ ਸੀ ਰੱਬ, ਉਸ ਕੱਲਾ ਖੁਦ ਨੂੰ ਪਾਇਆ
ਪ੍ਰੇਮ ਭਾਇ ਗੁਰੂ ਧਿਆਇ, ਪ੍ਰਭ ਗਿਆ ਪ੍ਰੇਮ ਵਿਚ ਖੋਇ
ਪ੍ਰੇਮ ਭਾਇ ਸਤਿਗੁਰੂ ਮਨਾਇ, ਰੱਬ ਜੱਗ ਪਰਗਟਾਇਆ
ਪ੍ਰੀਤ ਪਾਇ ਰੱਬ ਗੁਰੂ ਸੰਗ, ਗੁਰ ਹਰਿ ਚਿੱਤ ਵਸਾਇਆ

ਪ੍ਰੇਮ ਪ੍ਰਭੂ ਗੁਰ ਸੌਂਪਿਆ, ਗੁਰੂ ਪ੍ਰੇਮ ਪ੍ਰਭ ਪਰਗਟ ਹੋਇ
ਜੇ ਤੈਨੂੰ ਪ੍ਰੇਮ ਕਰਨ ਦਾ ਚਾਉ, ਗੁਰ ਚਰਨੀ ਚਿੱਤ ਲਾਇ
ਮਨ ਨੀਵਾਂ ਮਨ ਮਾਣ ਤਿਆਗ, ਗੁਰ ਸੰਗ ਪ੍ਰੀਤ ਬਣਾਇ
ਬਿਨ ਪ੍ਰੀਤਮ ਮਨ ਮੈਲਾ ਹੋਵੈ, ਸਤਿਗੁਰ ਪ੍ਰੀਤ ਮਲ ਧੋਇ
ਮੇਰੇ ਪ੍ਰੀਤਮ ਪਿਆਰੇ ਮੀਤਲੋ, ਸਤਿਗੁਰ ਸੰਗ ਮੋਹਿ ਪ੍ਰੀਤ
ਤੂੰ ਹੀ ਮੇਰਾ ਪ੍ਰੀਤਮ ਪਿਆਰਾ, ਗੁਰ ਮੇਰਾ ਪਿਆਰਾ ਮੀਤ
ਛੂਹ ਚਰਨ ਧੂੜ ਗੁਰੂਦੇਵ, ਮੇਰਾ ਮਨ ਤਨ ਸੀਤਲ ਹੋਇ
ਸਤਿਗੁਰ ਸਰਣ ਲੱਗ ਆਵਾਂ, ਗੁਰ ਚਰਨੀ ਸੀਸ ਝੁਕਾਵਾਂ
ਗੁਰ ਚਰਣੀ ਚਿੱਤ ਲਾਇ, ਮੈਂ ਹਰਿ ਹਰਿ ਨਾਮ ਧਿਆਵਾਂ
ਜੋ ਸਤਿਗੁਰ ਚਿੱਤ ਵਸਾਇ, ਗੁਰ ਪ੍ਰੀਤ ਸਰਬ ਸੁਖ ਹੋਇ
ਗੁਰੂ ਧਿਆਇ ਰੱਬ ਪਰਗਟਿਆ, ਤਿਸ ਮੁਰਸ਼ਦ ਸੰਗ ਪ੍ਰੀਤ
ਰੱਬ ਗੁਰੂ ਵਿਚ ਭੇਦ ਨ ਭਾਈ, ਗੁਰ ਸਤਿਗੁਰ ਪ੍ਰਭ ਮੀਤ
ਗੁਰੂ ਮਨਾਇ ਪ੍ਰਭ ਭਾਇ, ਗੁਰ ਪੂਜ ਮਨ ਪ੍ਰਭ ਪਰਗਟ ਹੋਇ
ਜਿਨ ਗੁਰ ਸੋ ਚਿੱਤ ਲਾਇਆ, ਤਿਨ ਗੁਰ ਚਿੱਤ ਸਮਾਇਆ
ਜਿਨ ਗੁਰ ਸੰਗ ਪ੍ਰੇਮ ਬਣਾਇਆ, ਸਤਿਗੁਰ ਸਬਦ ਸੁਣਾਇਆ
ਪ੍ਰੇਮ ਭਾਇ ਸਬਦ ਕਮਾਇ, ਗੁਰ ਧਿਆਇ ਪਰਮ ਗਤ ਹੋਇ
ਸਵਰਨ; ਬੈਂਸ ਮਨ ਭਾਇ ਭਾਵਣੀ, ਢਹਿ ਗੁਰ ਚਰਨੀ ਜਾਇ
ਗੁਰੂ ਚਰਨ ਪ੍ਰਭ ਹਰਿ ਪ੍ਰਭ ਦਰ, ਹਰਿ ਹਰਿ ਨਾਮ ਧਿਆਇ
ਗੁਰੂ ਪ੍ਰੀਤ ਪ੍ਰਭ ਬਣਾਇ ਮੀਤ, ਹਰਿ ਮਨ ਪਰਗਟਾਵੈ ਸੋਇ
ਅਜਬ ਅਜੈਬ ਮੇਰਾ ਮੀਤ ਪਿਆਰਾ, ਗੁਰਬਚਨ ਕੂ ਕਰੈ ਇਸ਼ਾਰਾ
ਸਭ ਜੱਗ ਮੈਂ ਟੋਲ ਵਿਰੋਲਿਆ, ਮੋਹਿ ਮਿਲੈ ਨਾ ਪ੍ਰੀਤਮ ਪਿਆਰਾ
ਨਾਮ ਧਿਆਇ ਗੁਰੂ ਚਿੱਤ ਵਸਾਇ, ਬੈਂਸ; ਗੁਰ ਭਾਵੈ ਸੋ ਹੋਇ

ਮੈਗਲ ਮਨ

ਮਨ ਤਾਂ ਮੈਗਲ ਹੋ ਰਿਹਾ, ਇਹਨੂੰ ਕੌਣ ਸਮਝਾਵੈ
ਨ੍ਹਾਏ ਧੋਏ ਇਸਨਾਮ ਕਰ, ਮੁੜ ਧੂੜ ਉੜਾਵੈ

ਇਹਦੇ ਜੋ ਚਿੱਤ ਚ ਆਵੈ, ਇਹ ਮਨ ਮਾਨੀ ਕਰਦਾ
ਬੁਰਾ ਭਲਾ ਨਹੀਂ ਸੋਚਦਾ, ਨਾ ਇਹ ਰੱਬ ਤੋਂ ਡਰਦਾ
ਮੈਂ ਮਿੰਨਤਾਂ ਕਰਦਾ ਹਾਰਿਆ, ਮੇਰੀ ਵਾਹ ਨਾ ਜਾਵੈ
ਓ ਮੇਰੇ ਪਰਦੇਸੀ ਮਨਾ, ਤੂੰ ਇਸ ਦੇਹ ਨੂੰ ਭਰਮਾਇਆ
ਦੇਹ ਦਿਮਾਗ ਬੇਵਸ ਕਰ, ਪਤਾ ਨੀ ਕੀ ਸਿਰ ਪਾਇਆ

ਇਸ ਬੇਵਸ ਹਾਲਤ ਚੋਂ ਕੱਢ ਦੇ, ਮੁੜ ਹਰਿ ਗੁਣ ਗਾਵੈ
ਦਿਲ ਦਿਮਾਗ ਸਭ ਭੁੱਲ ਗਿਆ, ਕੀ ਚੰਗਾ ਤੇ ਕੀ ਮੰਦਾ
ਮੇਰੀ ਸੂਝ ਬੂਝ ਸਭ ਖੋ ਗਈ, ਮਨ ਮਾਨੀ ਦਾ ਕਰੇ ਧੰਦਾ
ਮੈਂ ਅਪਣਾ ਸਭ ਕੁਝ ਖੋ ਲਿਆ, ਕਿਤ ਵਿਧ ਰਾਹ ਪਾਵੈ
ਮੈਨੂੰ ਇਸ ਲਈ ਜੱਗ ਵਿਚ ਘੱਲਿਆ, ਕੁਝ ਖੱਟ ਲੈ ਜਾਵਾਂ
ਮਾਹੀ ਮਾਹੀ ਕਰਦੀ ਨਿੱਤ, ਮਾਹੀ ਦਰ ਜਾ ਸੀਸ ਝੁਕਾਵਾਂ
ਮਾਹੀ ਸੰਗ ਇਕ ਮਿੱਕ ਹੋਇ ਕੈ, ਬਹੁੜ ਜਨਮ ਨ ਆਵੈ
ਸਵਰਨ ਦੀ ਪੁਕਾਰ ਸੁਣ, ਇਸ ਮਨ ਕੂ ਜ਼ਰਾ ਸਮਝਾ ਦੇ
ਸਤਿਗੁਰ ਤੈਂ ਵਿਚ ਭੇਦ ਨਹਿੰ, ਬੈਂਸ ਨੂੰ ਗੁਰੂ ਮਿਲਾ ਦੇ
ਗੁਰ ਸਤਿਗੁਰ ਦਰ ਢਹਿ ਕੈ, ਮਨ; ਮਨ ਮਾਨੀ ਭੁੱਲ ਜਾਵੈ
ਹਮ ਰਿੰਡ ਤੂੰ ਚੰਦਨ ਰੁੱਖ, ਤੇਰੀ ਮਹਿਕ ਮੋਹਿ ਪਰਚਾਵੈ
ਮਿੰਨਤਾਂ ਕਰਾਂ ਮੰਗਾਂ ਦੁਆਵਾਂ, ਸੋ ਤੋਹਿ ਮਿਹਰ ਹੋਇ ਆਵੈ
ਮੈਂ ਭੀ ਚੰਦਨ ਬਣ ਜਾਵਾਂ, ਤੇਰੀ ਮਹਿਕ ਮਨ ਵਸ ਜਾਵੈ
ਹਰਿ ਸੰਤਨ ਚਿੱਤ ਛੁਪ ਰਹੈ, ਗੁਰ ਸਤਿਗੁਰ ਹਰਿ ਰਾਸ
ਸਾਧ ਸੰਗ ਆਸ਼ਨਾ ਹਰਿ ਮਹਿਕ, ਸਾਧ ਫੁੱਲ ਹਰਿ ਵਾਸ
ਮੈਗਲ ਮਨ ਪ੍ਰਭ ਮਯਾ ਕਰ, ਸੰਗਤ ਸੰਗ ਮਹਿਕ ਸਮਾਵੈ
ਕੋਇਲੇ ਤੋਂ ਹੀਰਾ ਬਣੈ, ਲੋਹਾ ਕੰਚਨ ਬਣੇ ਲੱਗ ਪਾਰਸ
ਤੇਰੀ ਮੇਰੀ ਪ੍ਰੀਤ ਜਨਮ ਦੀ, ਜਿਉਂ ਇਕ ਮਿੱਕ ਦੋ ਸਾਰਸ
ਬੈਂਸ ਤੇਰੇ ਵਿਚ ਤੂੰ ਸਵਰਨ ਵਿਚ, ਦੋ ਤੋਂ ਇਕ ਬਣ ਜਾਵੈ
ਸੁਣੋ ਜੋਦੜੀ ਮੇਰੇ ਸਾਹਿਬਾ, ਇਸ ਮੈਗਲ ਮਨ ਕੂ ਸਮਝਾਏ
ਸਤਿਗੁਰ ਸਰਨੀ ਜਾ ਲੱਗਾਂ, ਜੇ ਇਹ ਮਨ ਵਸ ਆ ਜਾਏ
ਤੇਰਾ ਤੇਰਾ ਕਰੈ ਨਿਤ, ਹਰਿ ਸਤਿਗੁਰ ਕਾ ਬਣ ਜਾਵੈ

ਔਗੁਣ ਤੱਕ

ਜਦੋਂ ਰਾਤੀਂ ਕੱਲਾ ਸੋਚਦੈਂ, ਉਦੋਂ ਅਪਣੇ ਔਗੁਣ ਤੱਕ
ਉਠ ਸਵੇਰੇ ਚਿੱਤ ਚਿਤਾਰ, ਮੁੜ ਔਗਣ ਕਰਨੋ ਹਟ
ਉਠ ਸਵੇਰੇ ਚਿੱਤ ਸੋਚ, ਚਿੱਤ ਕਰਮ ਧਰਮ ਨਿੱਤ ਸੋਚ
ਔਗਣ ਸੋਚ ਭੁਲਾਇ ਕੈ, ਚਿੱਤ ਨੇਕ ਕਰਮ ਵੱਲ ਲੋਚ
ਔਗਣ ਚਿੱਤ ਲੁਭਾਉਣ ਨਿੱਤ, ਬਣ ਸੁਭਗੁਣ ਕਾ ਮਿੱਤ
ਔਗਣ ਦਿਲ ਚੋਂ ਮਿਟਾਇ ਕੈ, ਕਰ ਸੁਭਗੁਣ ਵੱਲ ਚਿੱਤ
ਔਗਣ ਚਿੱਤੋਂ ਨਿਕਲ ਜਾਣ, ਸੁਭਗੁਣ ਬਣ ਜਾਣ ਮਿੱਤ
ਮਨ ਸੱਤੋ ਸੱਤ ਚਿਤਾਰ ਲੈ, ਰੱਖ ਸਤਿਗੁਰ ਵੱਲ ਹਿੱਤ

ਉਠ ਸਵੇਰੇ ਚਿੱਤ ਨੂੰ ਆਖ, ਪਿਛਲੇ ਔਗਣ ਚਿੱਤ ਭਾਖ
ਔਗਣ ਸੁਭਗੁਣ ਚ ਬਦਲ ਜਾਣ, ਬਣ ਦਾਸਨ ਕੌ ਦਾਸ
ਔਗਣ ਕਰੈਂ ਬੇਮੌਤ ਮਰੈਂ, ਬੈਂਸ; ਕਿਉਂ ਤੂੰ ਮੌਤ ਤੋਂ ਡਰੈਂ
ਮਿਟਾ ਔਗਣ ਮਨ ਸਿੱਧਾ ਕਰ, ਇੰਞ ਭਵਸਾਗਰ ਤਰੈਂ
ਨੀਚ ਕਰਮ ਸੋ ਚਿੱਤ ਵਰਜ, ਇੰਞ ਉਤਰੈ ਪਿਛਲਾ ਕਰਜ਼
ਔਗਣ ਗੁਣ ਬਣ ਜਾਣ, ਮੁੜ ਹੋਇ ਨ ਚਿੱਤ ਵਿਚ ਦਰਦ
ਹਰਿ ਨਾਮਾ ਚਿੱਤ ਵਸਾ ਲੈ, ਮਿਟ ਜਾਣ ਮਨ ਦੇ ਔਗੁਣ
ਹਰਿ ਨਾਮਾ ਜੀ ਚਿਤਾਰ ਮਨ, ਔਗਣ ਬਣ ਜਾਣ ਸੁਭਗੁਣ
ਭਾਵ ਭਾਵਨਾਂ ਹਾਲ ਬੇਹਾਲ, ਮੰਦੇ ਤੋਂ ਚੰਗਾ ਬਦਲ ਦਵੇ
ਪਹਿਲਾਂ ਅੰਦਰੋਂ ਜੰਮ ਕੈ, ਮੁੜ ਬਾਹਰੋਂ ਢਾਂਚਾ ਬਦਲ ਦਵੇ

ਮੇਰੇ ਮਿੱਤਰ ਪਿਆਰੇ ਭਾਈ, ਤੇਰੇ ਦਰਸਣ ਹੌਂ ਬਲ ਜਾਈ
ਹਰਿ ਦਰਸਣ ਜਲ ਕੀ ਪ੍ਰੀਤ ਘਣੀ, ਦਯਾ ਕਰੋ ਮੇਰੇ ਸਾਈਂ
ਨਿੱਤ ਸੋਚ ਸੋਚ ਮੈਂ ਸੋਚਿਆ, ਸੌਣ ਸਮੇਂ ਰੱਬ ਧਿਆ ਨਿੱਤ
ਰੱਬ ਧਿਆਉਂਦੇ ਸੌਂ ਜਾ, ਰੱਬ ਧਿਆਉਂਦੇ ਸਵਰਨ ਉਠੱ ਨਿੱਤ
ਮਨ ਰੱਬ ਧਿਆਉਣ ਰੁੱਝ ਜਾਵੇ, ਉਹਦੇ ਪਿਆਰ ਚ ਡੁੱਬ ਜਾਵੇ
ਦੋ ਦੁਐਤ ਸੋਚਣੀ ਮੁੱਕ ਜਾਵੇ, ਮਨ ਦੀ ਲਾਲਸਾ ਬੁਝ ਜਾਵੇ
ਬੁਰਾ ਭਲਾ ਵੀ ਭੁੱਲ ਜਾਵੇ, ਜੇ ਰੱਬ ਯਾਦ ਚੋਂ ਵਿਹਲ ਨਹੀਂ
ਰੱਬ ਰੱਬ ਕਰਦੀ ਮਿਲ ਓਸ, ਕੋਈ ਹੋਰ ਰੱਬ ਦੀ ਖੇਲ੍ਹ ਨਹੀਂ
ਜਦੋਂ ਚਿੱਤ ਵਿਚਾਰ ਬਦਲ ਜਾਣ, ਔਗਣ ਵੀ ਸੰਗ ਮਿਟ ਜਾਂਦੇ
ਮਨ ਦੀ ਸੋਚਣ ਬਦਲ ਜਾਵੇ, ਔਗਣ ਮੁੜ ਚਿੱਤ ਨਹੀਂ ਆਉਂਦੇ
ਚੰਗੀ ਸੋਚ ਦਾ ਕਰਮ ਚੰਗਾ, ਮੰਦੀ ਸੋਚ ਵਿਚਾਰ ਦਾ ਮੁੱਕੇ ਧੰਦਾ
ਇਹੋ ਰੱਬ ਦਾ ਰਾਹ ਅੜਿਆ, ਰੱਬ ਧਿਆਇ ਬਣ ਰੱਬ ਦਾ ਬੰਦਾ

ਪਾਰ ਲੰਘਾ

ਪੱਥਰਾਂ ਦੀ ਭਰੀ ਬੇੜੀ ਨੂੰ, ਆ ਕੇ ਮੋਢਾ ਲਾ ਦੇ
ਬੇੜੀ ਰੁੜ੍ਹੀ ਮਝਧਾਰ, ਡੁੱਬਦੀ ਨੂੰ ਪਾਰ ਲੰਘਾ ਦੇ

ਕਦੀ ਚਿੱਤ ਨ ਚੇਤੇ ਮੇਰੇ, ਪਰ ਡੁੱਬਣ ਵੇਲੇ ਚੇਤੇ ਆਵੇਂ
ਮਿੰਨਤਾਂ ਕਰਾਂ ਮਲਾਹ ਦੀਆਂ, ਬਦਲਣ ਲੱਗੇ ਪੜਛਾਵੇਂ
ਦਿਨ ਅਸਾਂ ਦਾ ਢਲ ਗਿਆ, ਹੁਣ ਕਾਲੀ ਰਾਤ ਡਰਾਵੇ

ਦਿਨ ਢਲਿਆ ਛਾਮਾਂ ਆਈਆਂ, ਕਾਲਿਆਂ ਤੋਂ ਧੌਲੈ ਆਏ
ਪੈਰ ਬਿੜਕਦੇ ਜੀਭ ਬਿਥਕਦੀ, ਨੈਣਾਂ ਤੋਂ ਨਜ਼ਰ ਨ ਆਏ
ਤੇਰੇ ਹੱਥ ਮੇਰੀ ਡੋਰ ਵੇ ਮਾਹੀ, ਕੱਪਰਾਂ ਚੋ ਬੇੜੀ ਕਢਾ ਦੇ
ਤੂੰ ਜੱਗ ਚ ਮੈਨੂੰ ਘੱਲਿਆ, ਚੇਤੇ ਰੱਬ ਨੂੰ ਕਰਨ ਵਾਸਤੇ
ਚੇਤੇ ਕਰ ਕੇ ਮਾਹੀ ਨੂੰ, ਬੈਂਸ ਮਿਲਣ ਦੇ ਲੱਭਣ ਰਾਸਤੇ
ਉਹਦੀ ਸੂਰਤ ਚਿੱਤ ਵਸਾ, ਸੀਰਤ ਸੰਗ ਆਡਾ ਲਾ ਦੇ
ਚਾਹ ਤੈਨੂੰ ਯਾਰ ਮਿਲਣ ਦੀ, ਉਹ ਵੀ ਮਿਲਣ ਨੂੰ ਤਰਸੇ
ਜਦੋਂ ਨੈਣਾਂ ਸੰਗ ਨੈਣ ਮਿਲੇ, ਡਾਢਾ ਮੀਂਹ ਪਲਕਾਂ ਚੋਂ ਬਰਸੇ
ਦੋਵੇਂ ਮਿਲ ਬੁਸ ਬੁਸ ਰੋਵਣ, ਪਿਆਰ ਦਾ ਮੀਂਹ ਵਰਸਾਵੇ
ਤੂੰ ਉਹਦਾ ਉਹ ਤੇਰਾ ਪਿਆਰ, ਉਸ ਇਹ ਰੀਤ ਚਲਾਈ
ਨਾ ਤੂੰ ਡੋਲੇਂ ਨ ਉਹ ਭੱਜੇ, ਜਦੋਂ ਪ੍ਰੀਤ ਮਾਹੀ ਸੰਗ ਪਾਈ
ਪਿਆਰ ਮਾਹੀ ਦਾ ਸੰਗ ਯਾਰ ਦਾ, ਰੰਗ ਮਜੀਠ ਚੜ੍ਹਾ ਦੇ
ਯਾਰ ਰੱਬ ਤੇ ਰੱਬ ਯਾਰ ਏ, ਰੱਬ ਦਾ ਯਾਰ ਵਚੋਲਾ
ਯਾਰੀ ਲਾ ਲੈ ਪਿਆਰ ਪਾ ਲੈ, ਪਾਵੀਂ ਨ ਪਰ ਰੌਲਾ
ਯਾਰ ਮਨਾ ਕੇ ਰੱਬ ਮੰਨਦਾ, ਜੱਗ ਨੂੰ ਬੈਂਸ ਭੁਲਾ ਦੇ

ਮਿਲਣ ਕੋ ਚਾਓ

ਬੱਦਲ ਗਰਜੈ ਚਾਤ੍ਰਿਕ ਕਲਪੈ, ਸਾਜਨਾ; ਆਓ ਮੇਰੇ ਘਰ ਆਓ
ਬਿਜਲੀ ਕੜਕੈ ਮੇਰਾ ਜੀ ਧੜਕੈ, ਮੋਹਿ ਤੋਹਿ ਮਿਲਣ ਕੋ ਚਾਓ

ਰਿੰਮ ਝਿੰਮ ਵਰਸੈ ਜੀਆ ਤਰਸੈ, ਮਾਹੀ ਮੋਹਿ ਕਿਉਂ ਡਰ ਆਵੈ
ਭਿੱਜਣੋ ਡਰਦੀ ਵੜ ਜਾਵਾਂ ਆਲ੍ਹਣੇ, ਮੇਰੇ ਚਿੱਤ ਚੈਨ ਨਾ ਆਵੈ
ਮੇਰੇ ਢੋਲਣ ਮਾਹੀ ਮੇਰੇ ਘਰ ਆਓ, ਮੇਰੇ ਦਿਲ ਦੀ ਧੀਰ ਬਨ੍ਹਾਓ
ਜੰਮ ਪਾਲ ਤੂੰ ਮੈਨੂੰ ਵੱਡਾ ਕੀਤਾ, ਮਾਹੀ ਮੈਂ ਤੇਰਾ ਸਰਮਾਇਆ
ਸਾਰੇ ਜੱਗ ਦਾ ਵਾਰਸ ਤੂ ਏਂ, ਹਰ ਚਿੱਤ ਵਿਚ ਤੂੰ ਸਮਾਇਆ
ਮੇਰੇ ਢੋਲਣ ਮੇਰੇ ਸਖੀ ਸੱਜਨ, ਮੇਰੇ ਚਿੱਤ ਨੂੰ ਆਇ ਸਮਝਾਓ
ਢੋਲਣਾ ਮੇਰੇ ਸਾਜਨਾ ਮੇਰੇ ਪ੍ਰੀਤਮਾ, ਮੈਂ ਤੇਰੀ ਪ੍ਰੇਮ ਦੀਵਾਨੀ
ਯਾਦ ਸਤਾਵੈ ਮੋਹਿ ਨੀਂਦ ਨ ਆਵੈ, ਦੇ ਜਾ ਪਿਆਰ ਨਿਸ਼ਾਨੀ
ਹੁਣ ਆ ਜਾਓ ਮੇਰੇ ਸਾਜਨਾ, ਮੋਹਿ ਆਇ ਗਲੇ ਨਾਲ ਲਾਓ
ਬੱਦਲ ਗਰਜੈ ਬਿਜਲੀ ਕੜਕੈ, ਮੈਨੂੰ ਮਰਨ ਦਾ ਭੈ ਡਰਾਵੈ
ਮਾਹੀ; ਆ ਕੇ ਮੇਰੇ ਚਿੱਤ ਵਸੋ, ਜੇ ਮੇਰਾ ਡਰ ਮੁੱਕ ਜਾਵੈ

ਮੇਰੇ ਘਰ ਆਓ ਸੰਗ ਲੈ ਜਾਓ, ਮੇਰਾ ਜੰਮਣ ਮਰਨ ਮੁਕਾਓ
ਬਾਦਰ ਆਵੈ ਚਾਤ੍ਰਿਕ ਬਿਲਲਾਵੈ, ਜੇ ਮਨ ਪਿਆਸ ਬੁਝਾਵੈ
ਤੱਕ ਘਟਾ ਮੇਰਾ ਮਨ ਘਬਰਾਵੈ, ਮੇਰੇ ਚਿੱਤ ਚੈਨ ਨਾ ਆਵੈ
ਦਰਸ ਦਿਖਾਓ ਮੇਰੇ ਪ੍ਰੀਤਮਾ, ਮੋਹਿ ਤੋਹਿ ਮਿਲਣ ਕੋ ਚਾਓ
ਮੇਰੇ ਪ੍ਰੀਤਮ ਮੀਤ ਪਿਆਰੇ, ਹਰਦਮ ਚਾਤ੍ਰਿਕ ਤੋਹਿ ਪੁਕਾਰੇ
ਚਿੱਤ ਕਲਪਾਵੈ ਚੈਨ ਨਾ ਆਵੇ, ਮੇਰੇ ਚਿੱਤ ਆਇ ਵਸੋ ਪਿਆਰੇ
ਪੀਆ ਬਿਨ ਮੇਰਾ ਜੀ ਨ ਲਗੈ, ਮੇਰੇ ਮੁਰਸ਼ਦ ਦਰਸ ਦਿਖਾਓ
ਤੁਝ ਬਿਨ ਚਿੱਤ ਚੈਨ ਨ ਕਾਈ, ਮੋਹਿ ਤੋਹਿ ਪ੍ਰੀਤ ਬਣ ਆਈ
ਦਰਸ ਪਿਆਸੀ ਦਾਸਨ ਦਾਸੀ, ਬੈਂਸ ਗਹੇ ਸਤਿਗੁਰ ਸਰਣਾਈ
ਮੇਰੇ ਪ੍ਰੀਤਮ ਪਿਆਰੇ ਸਤਿਗੁਰਾ, ਤੋਹਿ ਚਰਨ ਧੂੜ ਮੁਖ ਲਾਓ
ਚਾਤ੍ਰਿਕ ਵਾਕਣ ਪਿਆਸ ਲੱਗੀ, ਪਰ ਮੈਂ ਬੱਦਲ ਵੇਖ ਕੇ ਡਰਦੀ
ਜਿਉਂ ਜਿਉਂ ਵਰਖਾ ਵਰ੍ਹਨ ਲੱਗੈ, ਮੈਂ ਇਕ ਦਮ ਘੁਰਨੇ ਵੜਦੀ
ਆਸ ਨਿਰਾਸੀ ਅਮ੍ਰਿਤ ਜਲ ਪਿਆਸੀ, ਸਖੀ ਆਓ ਤਿਖਾ ਬੁਝਾਓ
ਤੁਮ ਸਾਗਰ ਹਮ ਨੀਰ ਤਰੰਗਾ, ਤੁਮ ਸੇ ਉਪਜੈ ਤੁਧ ਮਾਹਿ ਸਮਾਵੈ
ਹਮ ਚਾਤ੍ਰਿਮ ਤੁਮ ਨਟਖਟ ਮੇਘਾ, ਤੋਹਿ ਦੇਖ ਮੋਹਿ ਭਰਮ ਡਰਾਵੈ
ਸਤਿਗੁਰ ਸਰਨ ਸਾਧ ਕੀ ਸੰਗਤ, ਬੈਂਸ; ਭੈ ਮਿਟਾ ਧੂੜ ਮੁੱਖ ਲਾਓ

ਲੱਗੀ ਡਾਢੇ ਸੰਗ

ਮੇਰੀ ਡਾਢੇ ਸੰਗ ਲੱਗੀ, ਲਿਖਾਂ ਨਗਮੇ ਪਿਆਰ ਦੇ
ਕੱਲੇ ਲੰਘਦਾ ਨੀ ਝੱਟ, ਲੱਭਾਂ ਦਰ ਸਰਕਾਰ ਦੇ

ਮੈਨੂੰ ਖਬਰ ਨ ਕਾਈ, ਕਿੱਥੇ ਗਿਆ ਮੇਰਾ ਮਾਹੀ
ਮੈਂ ਸਜਦੇ ਕਰਦੀ ਹਾਰੀ, ਮੁੱਕੀ ਨੈਣਾਂ ਦੀ ਸਿਆਹੀ
ਚੰਨ ਨੈਣ ਨੀ ਮਿਲਾਉਂਦਾ, ਅਸਾਂ ਮਾਹੀ ਨੂੰ ਪੁਕਾਰਦੇ
ਪਈ ਮੰਗਾਂ ਮੈਂ ਦਰ ਦਰ, ਤੈਨੂੰ ਭਾਲਾਂ ਜਾ ਹਰ ਘਰ
ਮੇਰਾ ਸਾਹ ਰੁਕਦਾ ਜਾਵੇ, ਕਿਧਰੇ ਜਾਵਾਂ ਨਾ ਮੈਂ ਮਰ
ਅਸਾਂ ਖੋਜਣਾ ਏ ਤੈਨੂੰ, ਹੌਕੇ ਪੀ ਕੇ ਪਿਆਰ ਦੇ
ਮੈਂ ਨਿੱਤ ਬਹਾਨੇ ਲਾਵਾਂ, ਦਰ ਦਰ ਖ਼ੈਰ ਮੰਗਣ ਜਾਵਾਂ
ਮੇਰਾ ਗੁਰਾਚਾ ਯਾਰ ਨੀ ਲੱਭਦਾ, ਕੋਈ ਦੱਸੋ ਸਿਰਨਾਵਾਂ
ਮੈਂ ਡਾਢੀ ਦੇਸਾਂ ਮਜ਼ਦੂਰੀ, ਜੋ ਪਤੇ ਦੱਸੇ ਸਰਕਾਰ ਦੇ
ਮੈਂ ਖੈਰ ਮੰਗਣ ਦੇ ਕਰਾਂ ਬਹਾਨੇ, ਲੋਕੀਂ ਮਾਰਦੇ ਨੇ ਤ੍ਰਾਨੇ
ਖੋ ਗਈ ਅੱਲ੍ਹੜ ਜੁਆਨੀ, ਕੋਈ ਦਿਲ ਦਾ ਦਰਦ ਨ ਜਾਣੇ

ਦਿਲ ਦੀ ਲੱਗੀ ਕਿਹਨੂੰ ਦੱਸਾਂ, ਮਨ ਵਸ ਸਰਕਾਰ ਦੇ
ਮੇਰੇ ਦਿਲ ਚ ਧੜ ਧੜ ਹੋਇ, ਸੁਣ ਸੁਣ ਤੇਰੀ ਸੋਇ
ਦੱਸ ਤੂੰ ਕਿੱਥੇ ਵਸਦਾ ਏਂ, ਕੋਇ ਆਣ ਸੁਣਾਵੈ ਮੋਹਿ
ਘੁੰਡ ਕੱਢ ਸੇਜ ਤੇ ਬੈਠੀ, ਆ ਕੇ ਘੁੰਗਟਾ ਉਤਾਰ ਦੇ
ਹੋਇ ਨਿਮਾਣੀ ਤੇਰੇ ਦਰ ਆਈ, ਹਰਿ ਦਰਸਣ ਕੈ ਤਾਈਂ
ਮੈਂ ਪ੍ਰੀਤਮ ਕੀ ਪ੍ਰੇਮ ਦੀਵਾਨੀ, ਮਿਹਰ ਕਰੋ ਮੇਰੇ ਸਾਈਂ
ਜੀ ਕਲਪਾਵੇ ਨੀਂਦ ਨ ਆਵੈ, ਜੀ ਮੰਗੈ ਦਰਸ ਸਰਕਾਰ ਦੇ
ਅਸਾਂ ਪਤਝੜ ਵਾਕਣ ਝੜ ਗਏ, ਕਿਕਰ ਹੋਵੈ ਮੇਲ
ਕੱਚੀ ਸਰਸੋਂ ਪੇਲ ਲਈ, ਨਾ ਖਲ ਨਿਕਲੀ ਨਾ ਤੇਲ
ਸਰਣ ਪਏ ਕੀ ਰਾਖ ਸੱਜਣਾ, ਬੈਂਸ ਤੇਰਾ ਪਰਵਾਰ ਜੇ
ਉਸ ਦਿਨ ਮੇਰੀ ਈਦ ਹੋਏਗੀ, ਜਦੋਂ ਮਾਹੀ ਦੀ ਦੀਦ ਹੋਏਗੀ
ਸ਼ਿਕਵੇ ਗਿਲੇ ਮੁੱਕ ਜਾਣ ਸਭ, ਮੁੜ ਨਾ ਤਾਗੀਦ ਹੋਏਗੀ
ਰਾਹ ਤੱਕਾਂ ਬਨੇਰੇ ਚਝ ਕੇ, ਜੇ ਦਰਸ ਹੋਣ ਸਰਕਾਰ ਦੇ
ਨਾ ਕੁਰਲਾ ਬਨੇਰੇ ਤੇ ਕਾਵਾਂ, ਸੱਜਣ ਨੇ ਨਹੀਂ ਆਉਣਾ
ਰਾਹ ਤੱਕ ਮੈਂ ਹਾਰੀ, ਪਰ ਅਸਾਂ ਪਿਆਰ ਨਹੀਂ ਵੰਡਾਉਣਾ
ਲੋਕੀਂ ਰੋਜ਼ ਮਨਾਉਣ ਈਦਾਂ, ਮੈਨੂੰ ਭੁਲੇਖੇ ਪੈਣ ਪਿਆਰ ਦੇ
ਬੁਝ ਗਈ ਏ ਸ਼ਮ੍ਹਾਂ ਅੱਜ, ਮੁੜ ਧੂੰਆਂ ਵੀ ਬੁਝ ਜਾਏਗਾ
ਚੰਨ ਪਰਦੇਸੀ ਟੁਰ ਗਿਆ, ਉਹ ਮੁੜ ਕੇ ਨਹੀਂ ਆਏਗਾ
ਚਿੱਠੀ ਪਿਆਰ ਦੀ ਡਾਕ ਚ ਪਾਵਾਂ, ਨਾਂ ਲਿਖ ਸਰਕਾਰ ਦੇ

ਹਰਿ ਮੰਦਰ

ਹਰਿ ਮੰਦਰ ਹਰਿ ਸਾਜਿਆ, ਹਰਿ ਸੱਚੇ ਕਾ ਵਿਚ ਵਾਸ
ਹਰਿ ਬਾਹਰ ਤਾਲਾ ਮਾਰਿਆ, ਦਰ ਕੁੰਜੀ ਸਤਿਗੁਰ ਪਾਸ
ਹਰਿਮੰਦਰ ਤੇਰ ਸਰੀਰ ਹੈ, ਹਰਿ ਮਨ ਮਹਿ ਕਰੈ ਨਿਵਾਸ
ਹਰਿ ਮੰਦਰ ਅਤਿ ਸੁਹਣਾ, ਮੋਹਿ ਹਰਿ ਵੇਖਣ ਕੂ ਪਿਆਸ
ਹਰਿ ਵਸੈ ਮਨ ਮਾਹਿ, ਮਨਮੁਖ ਮਾਣਸ ਮਨ ਨਾਹਿ ਪਛਾਣੈ
ਬਾਹਰੋਂ ਨ੍ਹਾਏ ਪਿੰਡ ਸਾਫ ਕਰ, ਹਰਿ ਪ੍ਰਭ ਕੀ ਸਾਰ ਨ ਜਾਣੈ
ਹਰਿ ਭਾਵੈ ਹਰਿ ਨਾਮ ਕਮਾਵੈ, ਇਤ ਮਨ ਸਾਫ ਹੋਇ ਆਵੈ
ਮਨ ਸਮਝਾਵੈ ਸੁਕਰਮ ਕਮਾਵੈ, ਭਟਕਿਆ ਮਨ ਵਸ ਆ ਜਾਵੈ
ਭਗਤ ਨ ਸੋਚੈ ਬੁਰਾ ਕਿਸੈ ਦਾ, ਅਣਜਾਣੇ ਨਾ ਕੁਕਰਮ ਕਮਾਵੈ
ਮਨ ਪਰਬੋਧੈ ਜਨ ਮਨਸਾ ਸੋਧੈ, ਤਬ ਮਨ ਸੁਭ ਕਰਮ ਕਮਾਵੈ
ਸੁਭ ਕਰਮ ਕਮਾਵੈ ਹਰਿ ਪ੍ਰਭ ਭਾਵੈ, ਹਰਿ ਪ੍ਰਭ ਗੁਰੂ ਮਿਲਾਵੈ

ਗੁਰੂ ਮਿਲਾਵੈ ਹਰਿ ਪ੍ਰਭ ਭਾਣੈ, ਭਾਣ ਗੁਰੂ ਚਰਣ ਚਿੱਤ ਲਾਵੈ
ਸਤਿਗੁਰ ਸੇਵਕ ਸੇਵਾ ਸੇਵਣ, ਚਿੱਤ ਮੈਂ ਹਰਿ ਨਾਮ ਧਿਆਵੈ
ਨਾਮ ਧਿਆਵੈ ਚਿੱਤ ਚਰਣੀ ਲਾਵੈ, ਮੇਰੇ ਸੱਚੇ ਹਰਿ ਪ੍ਰਭ ਭਾਵੈ
ਸੇਵ ਕਮਾਵੈ ਸਤਿਗੁਰ ਸਰਣਾਵੈ, ਸਤਿਗੁਰ ਅਮ੍ਰਿਤ ਵਰਸਾਵੈ
ਸਤਿਗੁਰ ਮਿਹਰ ਹੋਇ ਆਵੈ, ਧਾਇਆ ਮਨ ਵਸ ਆਇ ਜਾਵੈ
ਜਬ ਮਨ ਭਯੋ ਦਾਸਨ ਦਾਸ ਦਾਸਰੋ, ਤਬ ਗੁਰ ਸਬਦ ਸੁਣਾਵੈ
ਸਬਦ ਕਮਾਵੈ ਗੁਰ ਵਿਗਸਾਵੈ, ਮਨ ਮਨੁ ਮਹਿ ਪਰਚਾ ਲਾਵੈ
ਗੁਰ ਸਤਿਗੁਰ ਹਰਿ ਪ੍ਰਭ ਭਾਵੈ, ਹਰਿ ਸਤਿਗੁਰ ਮਾਹਿ ਸਮਾਵੈ
ਭਰਮ ਧਰਮ ਸਭ ਵਿਣਸ ਵਿਣਾਸੈ, ਗੁਰ ਚਰਣੀ ਚਿੱਤ ਲਾਵੈ
ਹਰਿ ਸਤਿਗੁਰ ਮਾਹਿ ਸਮਾਵੈ, ਗੁਰ ਹਰਿ ਪਹਿਚਾਣ ਕਰਾਵੈ
ਹਰਿ ਹਰਿ ਕਰਤ ਹਰੇ ਹਰਿ ਹੋਈਐ, ਮਨ ਹਰਿਆ ਹੋਇ ਆਵੈ
ਹਰਿ ਹਰਿ ਨਾਮ ਧਿਆਇ ਬੈਂਸ, ਮਨ ਮਨੁ ਮਹਿ ਸਰਧਾ ਲਾਵੈ
ਗੁਰਬਚਨ ਕਮਾਇ ਨਾਮ ਧਿਆਇ, ਮਨ ਮਹਿ ਪ੍ਰਭ ਪਰਗਟਾਵੈ

ਸਾਹਵਾਂ ਦਾ ਰਿਣ

ਜਿਹਨੇ ਤੈਨੂੰ ਜਿੰਦੜੀ ਦਿੱਤੀ, ਤੂੰ ਕਿਉਂ ਨਹੀਂ ਚੇਤੇ ਕਰਦਾ
ਜੋ ਜੰਮਿਆਂ ਸੋ ਮਰਨਾ ਏ, ਫਿਰ ਕਿਉਂ ਤੂੰ ਮਰਨੋਂ ਡਰਦਾ
ਪਤਾ ਏ ਜੱਗ ਤੇ ਰਹਿਣਾ ਨਹੀਂ, ਕਿਉਂ ਫਾਹੇ ਪਾਈ ਜਾਵੇਂ
ਚੌਥੀ ਮੰਜ਼ਿਲ ਹਰਿ ਕੀ ਪੌੜੀ, ਬੈਂਸ ਕਿਉਂ ਨ ਨਾਮ ਧਿਆਵੇਂ
ਸਾਹਵਾਂ ਦਾ ਰਿਣ ਲਾਹੁਣ ਲਈ, ਨੇਕ ਕਮਾਈ ਕਰਿਆ ਕਰ
ਗੁਰ ਮੂਰਤ ਮਨ ਮਹਿ ਸੂਰਤ, ਹਰਿ ਹਰਿ ਨਾਮਾ ਭਜਿਆ ਕਰ
ਪਿਛਲੇ ਜਨਮ ਦੀ ਕਿਰਤ ਕਮਾਈ, ਅਗਲੇ ਜਨਮ ਦਾ ਕਰਮ
ਤੂੰ ਜੋ ਕਮਾਵੈਂ ਸੋ ਫਲ ਪਾਵੈਂ, ਬਿਨ ਸਤਿਗੁਰ ਮਿਟੈ ਨਾ ਭਰਮ
ਭਰਮੀਂ ਮਨ ਟਿਕਣ ਨ ਪਾਵੈ, ਵਹਿਮੀ ਮਨ ਨ ਨਾਮ ਧਿਆਵੈ
ਬਿਨ ਹਰਿ ਨਾਮਾ ਮੈਲ ਨ ਲੱਥੈ, ਵਹਿਮੀ ਦਰ ਦਰ ਧੱਕੇ ਖਾਵੈ
ਗੁਰਚਰਣ ਚਿੱਤ ਲਾ ਨਾਮ ਧਿਆ, ਸੱਚੇ ਸਾਹਿਬ ਹਰਿ ਦਰ ਰਾਹ
ਗੁਰ ਨਾਮ ਜਪਾਵੈ ਮੇਰੈ ਮਨ ਭਾਵੈ, ਗੁਰ ਸਤਿਗੁਰ ਅਸਗਾਹ
ਪਾਣੀ ਲੌਣਾ ਕਰਮ ਮਾਲੀ ਦਾ, ਫਲ ਲਾਉਣਾ ਪ੍ਰਭ ਕੀ ਮਰਜ਼ੀ
ਲੀੜੇ ਬੁਣਨਾ ਕਰਮ ਜਲਾਹੇ, ਸਿਉਣ ਪਾਉਣ ਕੰਮ ਦਰਜ਼ੀ
ਜੋ ਤੇਰਾ ਕਰਮ ਤੂੰ ਕਰਦਾ ਜਾਹ, ਦਿਲ ਖੋਲ੍ਹ ਕੇ ਕਰਮ ਕਮਾ
ਹਲ ਵਾਹ, ਬੀਜ ਪਾ ਫਸਲ ਉਗਾ, ਫਲ ਫੁੱਲ ਲਾਵੈ ਸੱਚਾ ਸਾਹ
ਮਨ ਵਿਚ ਮੂਰਤ ਚਿੱਤ ਚ ਸੂਰਤ, ਜਿਹਵਾ ਬੋਲੈ ਰਾਮ ਰਾਮ

ਚਿੱਤ ਲਾਇ ਹਰਿ ਧਿਆਇ, ਤਾਹਿ ਆਇ ਮਿਲੈ ਭਗਵਾਨ
ਮੇਰਾ ਹਰਿ ਪ੍ਰਭ ਕਿਧਰੋਂ ਨਾ ਆਵੈ, ਨਾ ਉਹ ਕਿਧਰੇ ਜਾਵੈ
ਮਨ ਹੀ ਮਨ ਪਰਗਟ ਹੋਇ ਆਵੈ, ਗੁਰ ਚਰਣੀ ਚਿੱਤ ਲਾਵੈ
ਮਨ ਮਾਰ ਮਨ ਸਿੱਧਾ ਕਰ, ਹਰਿ ਹਰਿ ਨਾਮ ਚਿੱਤ ਚ ਧਰ
ਸਤਿਗੁਰ ਮਨ ਸਿੱਧਾ ਕਰਸੀ, ਸਾਹ ਸਤਿਗੁਰ ਗੁਰ ਪ੍ਰਭ ਹਰਿ
ਰੱਬ ਸਤਿਗੁਰੂ ਵਚੋਲਾ ਥਾਪਿਆ, ਬਿਨ ਸਤਿਗੁਰ ਪ੍ਰਭ ਨ ਮੰਨੈਂ
ਸਤਿਗੁਰ ਬਚਨ ਕਮਾਇ ਬੈਂਸ, ਹਰਿ ਫਲ ਲਾਵੈ ਚਵਗੁਣ ਵੰਨੈਂ

ਮੋਹ ਪ੍ਰੇਮ ਵਿੱਥ

ਮੋਹ ਚਿੱਤ ਭਰਮਾਇੰਦਾ, ਭਲੀ ਪ੍ਰੇਮ ਦੀ ਰੀਤ
ਮੋਹ ਬਖੇੜਾ ਜੱਗ ਦਾ, ਪ੍ਰੀਤ ਬਣਾਵੇ ਮੀਤ

ਮੋਹ ਮਮਤਾ ਦੀ ਮੈਂ ਹੈ, ਪ੍ਰੇਮ ਦੀ ਰੀਤ ਹੈ ਤੂ

ਮੋਹ ਬਣਾਵੈ ਮੈਂ ਮੇਰਾ, ਪ੍ਰੇਮ ਕਰਾਵੈ ਤੂ ਤੂ ਤੂ
ਮੋਹ ਸ਼ਕੈਤ ਕਰਾਵੰਦਾ, ਪ੍ਰੇਮ ਸ਼ਕੈਤ ਮਿਟਾਵੰਦਾ
ਮੋਹ ਚ ਰਿਸ਼ਤੇ ਟੁੱਟਦੇ, ਪ੍ਰੇਮ ਚ ਸ਼ਿਕਵੇ ਮੁੱਕਦੇ
ਮੋਹ ਤਨ ਦੀ ਵਾਸਨਾ, ਪ੍ਰੀਤ ਮਨ ਦੀ ਆਸ਼ਨਾ
ਮੋਹ ਲੋਭ ਵਧਾਉਂਦਾ, ਸੱਚਾ ਪ੍ਰੇਮ ਲੋਭ ਮਿਟਾਉਂਦਾ
ਮੋਹ ਮਨ ਚ ਖੁਦੀ ਲਿਆਵੈ, ਪ੍ਰੇਮ ਖੁਦੀ ਮਿਟਾਵੈ
ਮੋਹ ਮੈਂ ਚ ਸਿਰ ਝੁਆ ਦੇਵੇ, ਪ੍ਰੇਮ ਸਿਰ ਝੁਕਾ ਦੇਵੇ
ਮੋਹ ਚ ਸਭ ਕੁਝ ਮੇਰਾ, ਪ੍ਰੇਮ ਬਣਾਏ ਸਭ ਕੁਝ ਤੇਰਾ
ਮੋਹ ਸਭ ਕੁਝ ਖੋਹ ਲੈਂਦਾ, ਪ੍ਰੇਮ ਸਭ ਕੁਝ ਖੋ ਦਿੰਦਾ
ਮੋਹ ਖੋਜਦਾ ਮੈਂ ਮੇਰਾ, ਪ੍ਰੇਮ ਟੋਲਦਾ ਤੂੰ ਹੀ ਤੂੰ ਤੇਰਾ
ਮੋਹ ਚਿੱਤ ਨੂੰ ਕਰੈ ਖਰਾਬ, ਪ੍ਰੇਮ ਪ੍ਰੀਤ ਕਰੈ ਆਬਾਦ
ਮੋਹ ਜੱਗ ਸੰਗ ਲਾਵੇ ਆਡਾ, ਪ੍ਰੇਮ ਪ੍ਰੀਤ ਬਣਾਵੈ ਸਾਂਝਾ
ਮੋਹ ਮੰਤਵ ਬਣੈ ਅਮੀਰ, ਪ੍ਰੇਮ ਪਾ ਜਨ ਬਣੈ ਫਕੀਰ
ਮੋਹ ਖੁਦਗਰਜ਼ੀ ਦੀ ਰੀਤ, ਬੇਗਰਜ਼ ਪ੍ਰੀਤ ਦੀ ਰੀਤ
ਮੋਹ ਦਾ ਸੁਆਦ ਏ ਫਿੱਕਾ, ਪ੍ਰੇਮ ਦਾ ਸੁਆਦ ਮਿੱਠਾ
ਮੋਹ ਚੰਦ ਰੋਜ਼ ਦਾ ਲਾਗੀ, ਪ੍ਰੇਮ ਉਮਰ ਦੀ ਬਾਜ਼ੀ
ਮੋਹ ਇਕ ਤਰਫੀ ਤਾੜੀ, ਪ੍ਰੀਤ ਮਹਿਕ ਦੀ ਬਾੜੀ
ਮੋਹ ਰੱਬ ਭੁਲਾ ਦੇਵੇ, ਪ੍ਰੇਮ; ਬੰਦੇ ਨੂੰ ਰੱਬ ਬਣਾ ਦੇਵੇ

ਮੋਹ ਪਾਵੇ ਝੂਠੇ ਵੈਣ, ਪ੍ਰੀਤ ਲਿਆਵੇ ਚਿੱਤ ਨੂੰ ਚੈਨ
ਮੋਹ ਮੋਹ ਹੈ ਪ੍ਰੀਤ ਪ੍ਰੀਤ ਹੈ, ਮੋਹ ਪ੍ਰੀਤ ਵੱਖਰੇ ਹੈਨ
ਮੋਹ ਮਾਇਆ ਸੰਗ ਝੀਤ, ਅਨਮੋਲ ਪ੍ਰੀਤ ਦੀ ਰੀਤ
ਮੋਹ ਰੱਬ ਤੋਂ ਵਿਪਰੀਤ, ਪ੍ਰੀਤ ਰੱਬ ਮਿਲਣ ਦੀ ਰੀਤ

ਮੋਹ ਝੂਠ ਹੈ ਸੱਚ ਪ੍ਰੀਤ, ਸਾ ਰੱਬ ਮਿਲਣ ਦੀ ਰੀਤ
ਮੋਹ ਜਿੱਤ ਕੇ ਹਾਰ ਜਾਏ, ਬੈਂਸ ਪ੍ਰੇਮ ਹਾਰ ਕੇ ਜੀਤ

ਚਾ ਮਿਲਣ ਦਾ

ਸਾਜਨਾ; ਤੂੰ ਆ ਮੇਰੇ ਘਰ ਆ, ਮੋਹਿ ਤੋਹਿ ਮਿਲਣ ਕੂ ਚਾ
ਚਿੱਤ ਆਸ ਤੇਰੇ ਆਵਣ ਦੀ, ਮੈਂ ਤੱਕਦੀ ਪਈ ਤੇਰਾ ਰਾਹ
ਤੇਰੇ ਪਿਆਰ ਚ ਸਾਜਨਾ, ਤੇਰੀ ਮੂਰਤ ਤੱਕ ਸੀਸ ਝੁਕਾਵਾਂ
ਮੇਰੇ ਆਸ਼ਨਾ ਦਾਸ ਦਾਸਨਾ, ਮੂਰਤ ਸੂਰਤ ਵਿਚ ਖੋ ਜਾਵਾਂ
ਪਿਆਰ ਭਰੀ ਨਮਸਕਾਰ ਕਰਾਂ, ਪਈ ਤੱਕਾਂ ਤੇਰਾ ਰਾਹ
ਤੈਨੂੰ ਚੇਤੇ ਕਰਦੀ ਹਾਰ ਗਈ, ਚਲਦਾ ਨਹੀਂ ਕੋਈ ਵਾਹ
ਤੂੰ ਨਹੀਂ ਆਉਣਾ ਮੈਂ ਆ ਜਾਵਾਂ; ਦੱਸ ਆਉਣ ਦਾ ਰਾਹ
ਸਾਰਾ ਜੱਗ ਮੈਨੂੰ ਸਿੱਖਿ ਸਿਖਾਵੈ, ਕਿਹਦਾ ਕਰਾਂ ਵਸਾਹ
ਜੋ ਚੈਨ ਸਾਹਮਣੇ ਵੇਖ ਮਿਲੈ, ਓਹ ਸੁਫਨੇ ਵਿਚ ਨਾ ਆਵੈ
ਜਾਣੀ ਜਾਣ ਤੂੰ ਮੇਰੇ ਸ਼ਾਹ, ਸੁਫਨਾ ਟੁੱਟੈ ਸੱਜਣ ਛੁਪ ਜਾਵੈ
ਤੇਰੇ ਪਿਆਰ ਵਿਚ ਨਿੱਤ ਜੀ ਧੁਖੈ, ਆ ਚੰਨਾਂ ਦਰਦ ਵੰਡਾ
ਮਿਲੀ ਪਿਆਰ ਚੋਂ ਸਿਖਿ ਸਿੱਖਿਆ, ਵਸਦਾ ਤੂੰ ਪਿਆਰ ਵਿਚ
ਪਿਆਰ ਚ ਤੂੰ ਜੱਗ ਸਾਜਿਆ, ਮਿਲਦਾ ਯਾਰ ਦੇ ਪਿਆਰ ਵਿਚ
ਬਿਨਾ ਵੇਖਿਆਂ ਮੇਰਾ ਚਿੱਤ ਸੁਲ੍ਹਗਦਾ, ਸਖ਼ੀ ਲੱਗੀ ਆਇ ਬੁਝਾ
ਅੱਲ੍ਹੜਪਣੇ ਚ ਲੱਗ ਗਈ ਸਾਡੀ, ਬਣੀ ਚੰਨ ਚਕੋਰ ਦੀ ਪ੍ਰੀਤ
ਨੈਣਾਂ ਦੀ ਚਾਨਣੀ ਦਿਸਦਾ ਨਹੀਂ, ਭਲਾ; ਕਿਹੋ ਜਿਹਾ ਤੂੰ ਮੀਤ
ਕਿਧਰੇ ਰਾਤ ਝਾਕਦੀ ਨਾ ਸੌਂ ਜਾਵਾਂ, ਮਤੇ ਨੀਂਦ ਕਰੇ ਗੁਮਰਾਹ
ਮੇਰੇ ਮਾਹੀ ਮੇਰੇ ਢੋਲ ਸਿਪਾਹੀ, ਧਨ ਪਿਰ ਦਾ ਸਾਡਾ ਨਾਤਾ
ਤੇਰੀ ਮੈਂ ਕਰਮ ਕਾਮਣੀ, ਸਾਜਨਾ; ਤੂੰ ਮੇਰਾ ਕਰਮ ਵਿਧਾਤਾ
ਅਸਾਂ ਤੇਰੇ ਪਿਆਰ ਦੀ ਸੌਂਹ ਢੋਲਣਾ, ਨ ਬੈਂਸ ਤੋਂ ਮੁੱਖ ਛੁਪਾ
ਜਿਉਂਦੇ ਜੀ ਜੇ ਨਹੀਂ ਮਿਲਣਾ, ਮਰ ਮਿਲਣ ਦਾ ਕੀ ਫਾਇਦਾ
ਮਾਹੀ ਸਾਹਮਣੇ ਬਹਿ ਸਾਡੇ, ਅਸਾਂ ਲੈਣਾ ਪਿਆਰ ਦਾ ਲਹਿਜਾ

ਨਿੱਤ ਹਾਰ ਸੰਗਾਰ ਬਣਾ ਬੈਠਾਂ, ਅਪਣੇ ਹੱਥ ਨਾਲ ਘੁੰਡ ਚੁਕਾ
ਤੂੰ ਘੁੰਡ ਚੁੱਕੋਂ ਸ਼ਰਮਾਵਾਂ ਮੈਂ, ਨੈਣ ਚੁਰਾ ਕੇ ਪਿਆਰ ਛੁਪਾਵਾਂ ਮੈਂ
ਵੇ ਮੈਂ ਡੁੱਬੀ ਤੇਰੇ ਪਿਆਰ ਵਿਚ, ਜੇ ਤੂੰ ਪੁੱਛੇਂ ਆਖ ਸੁਣਾਵਾਂ ਮੈਂ
ਬੈਂਸ ਈ ਤੇਰੀ ਪ੍ਰੇਮ ਦੀਵਾਨੀ, ਸਾਜਨਾ; ਆ ਤੂੰ ਵੀ ਲਾਡ ਲਡਾ
ਵਚਨ ਬਿਲਾਸ ਸੁਣ ਇਸ਼ਟ ਮੀਤ, ਮੇਰੇ ਮਨ ਵਿਚ ਉਠਿਆ ਚਾ
ਆਖਣ ਪਿਆਰ ਪਿਆਰ ਨੂੰ ਖਿੱਚੇ, ਦੇਵੈ ਤਾਰ ਸੰਗ ਤਾਰ ਮਿਲਾ
ਬੈਂਸ ਇਸ਼ਕ ਰੋਗੜੀ ਕਰੇ ਜੋਦੜੀ, ਚੰਨਾਂ ਚਰਨ ਮੇਰੇ ਘਰ ਪਾ
ਮੇਰੇ ਸਾਈਂ ਮੈਂ ਤੇਰੀ ਦਾਸੀ, ਤੇਰੇ ਚਰਣ ਕਮਲ ਦੀ ਪਿਆਸੀ
ਜੰਮਣ ਮਰਨ ਦੇ ਪੈਂਡੇ ਲਮੇਂ, ਚਰਨ ਧੂੜ ਦੇਹ ਕੱਟ ਚਰਾਸੀ
ਚਰਨ ਧੂੜ ਮੁਖ ਲਾ ਸੱਜਨ ਦੀ, ਬੈਂਸ; ਨੇਤ ਨੇਤ ਨਿੱਤ ਗਾ

ਚਾਰੇ ਕੁੰਡਾਂ

ਮੈਂ ਚਾਰੇ ਕੁੰਡਾਂ ਖੋਜੀਆਂ, ਗੁਰ ਹਰਿ ਦਰਸਣ ਕੈ ਤਾਈਂ
ਦਿਓ ਸਨੇਹਾ ਸੱਜਣਾ ਨੂੰ, ਜੇ ਆਇ ਮਿਲੈ ਮੇਰਾ ਸਾਈਂ

ਜਿਸ ਦਾ ਦਿੱਤਾ ਖਾਈਐ, ਕਿਉਂ ਤਿਸ ਵਿੱਸਰ ਜਾਈ
ਜੋ ਤੁਧ ਭਾਵੇ ਸੋ ਥੀਏ, ਹਰਿ ਸਤਿਗੁਰ ਕੀ ਵਡਿਆਈ
ਸਭ ਜੀਅ ਜੰਤ ਉਪਾਇ ਕੈ, ਪ੍ਰਭ ਤਿਨ ਮਾਹਿ ਸਮਾਈ
ਹਰ ਜੀ ਜੰਤ ਮਹਿ ਹਰਿ ਵਸੈ, ਸਭ ਅਪਣੀ ਮੱਤ ਪਾਵੈ
ਜੋ ਚਾਹੈ ਜਨ ਮਨ ਕਰੈ, ਹਰਿ ਕਿਸੈ ਨ ਵਰਜ ਰਹਾਵੈ
ਕਿਰਤ ਕਰਮ ਹਰਿ ਵੇਖਦਾ, ਜੋ ਕਮਾਵੈ ਸੋ ਫਲ ਪਾਈ
ਬੁਰਾ ਭਲਾ ਪ੍ਰਭ ਵੇਖਦਾ, ਕਿਰਤ ਕਰਮ ਕਿਸੈ ਨਾ ਰੋਕੈ
ਚੰਗਾ ਕਰੈ ਸੁਭ ਫਲ ਪਾਵੈ, ਬੁਰਾ ਫਲ ਮਿਲੈ ਬੁਰਾ ਸੋਚੈ
ਦਰਗਹਿ ਸਾਈ ਭਾਵਸੀ, ਇਸ ਜੱਗ ਵਿਚ ਵਰਤੈ ਸਾਈ
ਬੈਂਸ; ਜੈਸੀ ਕਰਨੀ ਤੇਸੀ ਭਰਨੀ, ਜੋ ਕਮਾਵੈ ਸੋ ਫਲ ਪਾਵੈ
ਸਾ ਕਿਰਤ ਕਰਮ ਲੇਖੈ ਪਵੈ, ਜੋ ਮੇਰੇ ਹਰਿ ਪ੍ਰਭ ਜੂ ਭਾਵੈ
ਜੋ ਦਿਸਦਾ ਸਭ ਕੂੜ ਹੈ, ਕੂੜ ਕਮਾਇ ਕੂੜ ਫਲ ਪਾਈ
ਪਹਿਲਾਂ ਪ੍ਰਭ ਆਪ ਸਜਾਇਆ, ਫਿਰ ਸਜਾਇਆ ਜੱਗ
ਖੁਦ ਵਿੱਚੇ ਛੁਪ ਕੇ ਬਹਿ ਗਿਆ, ਜੱਗ ਤੈਨੂੰ ਆਖੈ ਰੱਬ
ਖੁਦ ਨੂੰ ਤੂੰ ਛੁਪਾ ਲਿਆ, ਭਰਮਾਂ ਵਿਚ ਪਾਈ ਲੁਕਾਈ
ਜਿਸ ਸਤਿਗੁਰ ਸੰਗ ਮਿਤਰਾਈ, ਤਾ ਕੈ ਬਲ ਬਲ ਜਾਈ
ਤਿਸ ਕੀ ਹਮ ਸੇਵਾ ਕਰੈ, ਤਿਸ ਗੁਰ ਕੌ ਪੂਜ ਕਰਾਈ

ਸਤਿਗੁਰ ਸੇਵੀ ਹਰਿ ਭਜੈ, ਸਦ ਗੁਰ ਗੁਰ ਕਰਤ ਰਹਾਈ
ਜਾਇ ਮਿੱਤਰ ਕੌ ਦੇ ਸਨੇਹਾ, ਮੋਹਿ ਸਤਿਗੁਰ ਸੰਗ ਨੇਹਾ
ਗੁਰਿ ਜਿਹਾ ਕੇਵਲ ਗੁਰੂ ਹਰਿ, ਕੋਇ ਹੋਰ ਨ ਤੇਰੇ ਜੇਹਾ
ਆਇ ਮਿਲੋ ਮੇਰੇ ਪ੍ਰੀਤਮਾ, ਹਮ ਤੁਮ ਸੰਗ ਪ੍ਰੀਤ ਬਣਾਈ
ਗੁਰ ਸਰਣਾਈ ਸੇਵ ਕਮਾਈ, ਹਮ ਸਤਿਗੁਰ ਕੈ ਬਲਿਹਾਰ
ਸਤਿਗੁਰ ਕੀ ਸੇਵਾ ਚਾਕਰੀ, ਸੇਵ ਕਰੈ ਗੁਰ ਚਰਨ ਪਖਾਰ

ਗੁਰ ਚਰਨਨ ਸੰਗ ਪ੍ਰੀਤ ਬੈਂਸ, ਅਵਰ ਕਿਸੇ ਨ ਧਿਆਈ

ਤੇਰਾ ਪਰਵਾਰਾ

ਮੇਰਾ ਸਨਮ ਸਾਰੇ ਜਹਾਂ ਤੋਂ ਉਚਾ, ਇਸ ਜਹਾਂ ਵਿਚ ਤੇਰਾ ਨਾਂ ਉਚਾ
ਕੱਚੇ ਜਹਾਂ ਚ ਭੀ ਤੂੰ ਪੱਕਾ, ਸੱਚ ਹੈ ਕਿ ਤੂੰ ਹੈ ਔਰ ਤੇਰਾ ਨਾਂ ਸੱਚਾ

ਕਿਵੇਂ ਕਰਾਂ ਸਿਫਤ ਸਰਕਾਰ ਦੀ, ਮੇਰੇ ਕੋਲ ਅਲਫਾਜ਼ ਨਹੀਂ
ਸਕਲ ਜਗਤ ਤੇਰਾ ਪਰਵਾਰਾ, ਇਸ ਦਾ ਕੋਈ ਜੁਆਬ ਨਹੀਂ

ਪਹਿਲਾਂ ਤੂੰ ਆਪ ਸਜਾਇਆ, ਜੱਗ ਸੂ ਤੇਰੇ ਵਿਚ ਸਮਾਇਆ
ਤੂੰ ਇਕ ਕਵਾਓ ਅਲਾਇਆ, ਤਾਂ ਜੱਗ ਪੈਦਾ ਹੋਇ ਆਇਆ
ਤੇਰੇ ਜੱਗ ਦੀ ਕੋਈ ਹੱਦ ਨਹੀਂ, ਕੁਦਰਤ ਕੋਈ ਹਿਸਾਬ ਨਹੀਂ
ਆਪ ਤੂੰ ਕਿਵੇਂ ਹੋਂਦ ਚ ਆਇਆ, ਕਿਸੇ ਨਾ ਤੂੰ ਸੁਣਾਇਆ
ਤੂੰ ਭਾਵੇਂ ਸਮਝਾਇਆ ਹੋਵੇ, ਪਰ ਸਮਝ ਕਿਸੈ ਨਾ ਆਇਆ
ਤੇਰੀਆਂ ਪ੍ਰਭ ਜੂ ਤੂੰ ਹੀ ਜਾਣੈ, ਕਿਸੇ ਹੋਰ ਕੋਲ ਜੁਆਬ ਨਹੀਂ
ਤੂੰ ਜੱਗ ਨੂੰ ਸਾਜ ਨਿਵਾਜ ਕੈ, ਵਿਚ ਪਾਈ ਮਾਈ ਮਾਇਆ
ਮਾਇਆ ਪਿੱਛੇ ਜੱਗ ਲੱਗ ਟੁਰਿਆ, ਤੈਨੂੰ ਉਨ੍ਹਾਂ ਭੁਲਾਇਆ
ਛੁਪ ਕੇ ਰਹਿਣ ਚ ਤੂੰ ਰਾਜ਼ੀ, ਹੋਰ ਕਿਸੈ ਚਿੱਤ ਰਾਜ਼ ਨਹੀਂ
ਛੁਪ ਛੁਪ ਕੇ ਤੂੰ ਰਹਿੰਦਾ ਏਂ, ਸਭ ਦੇ ਦਿਲ ਚ ਬਹਿੰਦਾ ਏਂ
ਸਭ ਦੀ ਕਿਰਤ ਵਿਰਤ ਵੇਖ ਕੇ, ਝੱਬ ਦੇਣੇ ਲਿਖ ਲੈਂਦਾ ਏਂ
ਜੋ ਕਮਾਵੈ ਸੋਈ ਫਲ ਪਾਵੈ, ਵੰਡਦਾ ਕਿਸੈ ਖਿਰਾਜ ਨਹੀਂ
ਇਹ ਜੀਵ ਦੀ ਸੋਚ ਤੋਂ ਉਤੇ, ਸੋਚਣ ਪਏ ਬਹੁਤੇ ਬੇਹੁਤੇ
ਸਭ ਅਪਣੇ ਘੋੜੇ ਦੁੜਾਉਂਦੇ, ਤੂੰ ਦੂਰ ਸਭ ਦੀ ਮੱਤ ਤੋਂ ਸੱਤੇ
ਨੇੜੇ ਵਸਦਾ ਜੱਗ ਦੂਰ ਦੱਸਦਾ, ਦੇ ਸਕਦਾ ਕੋਈ ਜੁਆਬ ਨਹੀਂ
ਬੈਂਸ ਮਨ ਟਿਕਾਉਂਦਾ ਨਹੀਂ, ਉਹਨੂੰ ਕੁਝ ਸਮਝਾਉਂਦਾ ਨਹੀਂ

ਉਹ ਤੂੰ ਤੂੰ ਪਿਆ ਕਰਦਾ ਏ, ਵਸ ਉਹਦੇ ਤੂੰ ਆਉਂਦਾ ਨਹੀਂ
ਤੇਰਾ ਸਵਰਨ ਮੁਰੀਦ ਮੁਰਸ਼ਦਾ, ਤੂੰ ਲਗਦਾ ਉਹਦੇ ਲਾਗ ਨਹੀਂ
ਗੁਰ ਸਤਿਗੁਰ ਕਿਰਪਾ ਕੀਤੀ, ਮਨ ਦੀ ਸੋਚ ਬਦਲਾ ਦਿੱਤੀ
ਹਰਿ ਹਰਿ ਨਾਮ ਧਿਆਇਆ, ਮਨ ਚੋਂ ਹੋਈ ਦੂਰ ਪਲੀਤੀ
ਕਾਮਲ ਮੁਰਸ਼ਦ ਬਾਝੋਂ ਬੈਂਸ, ਲੇਖਾ ਮਿਟਣ ਜੁਆਜ ਨਹੀਂ

ਮੁੱਖ ਚੰਨ ਦਾ

ਬਾਝੋਂ ਯਾਰ ਦੇ ਮਨਾਏ, ਯਾਰੋ ਰੱਬ ਨਹੀਂ ਮੰਨਦਾ
ਤੱਕ ਸ਼ੀਸ਼ੇ ਵਾਂਗ ਚਿੱਤ, ਮੁੱਖ ਸੁਹਣੇ ਯਾਰ ਚੰਨ ਦਾ

ਸੁਹਣੇ ਯਾਰ ਨੂੰ ਮਨਾ ਕੇ, ਜ਼ਾਹਰ ਹੋਇਆ ਰੱਬ
ਜ਼ਾਹਰ ਹੋ ਕੇ ਰੱਬ, ਥਾਪਿਆ ਯਾਰ ਵਚੋਲਾ ਜੱਗ
ਰੱਬ ਯਾਰ ਵਿਚ ਵਸੇ, ਪਰ ਜੱਗ ਨਹੀਂ ਮੰਨਦਾ
ਯਾਰ ਰੱਬ ਨੂੰ ਮਿਲਾਵੇ, ਪਰ ਜੱਗ ਸਮਝ ਨ ਪਾਵੇ
ਆਵੇ ਚਿੱਤ ਨੂੰ ਤਸੱਲੀ, ਜਦੋਂ ਯਾਰ ਗੁਰ ਸਮਝਾਵੇ
ਬਾਝੋਂ ਯਾਰ ਨੂੰ ਮਨਾਏ, ਮੇਰਾ ਰੱਬ ਨਹੀਂ ਮੰਨਦਾ
ਲੋਕੀਂ ਨਕਲਾਂ ਉਤਾਰਨ, ਪਾ ਰਹਿਬਰਾਂ ਦਾ ਬਾਣਾ
ਬਾਝ ਸਰਧਾ ਦੇ ਚਿੱਤ, ਕਿਸੇ ਪਾਰ ਨਹੀਂ ਜਾਣਾ
ਨਕਲੀਆਂ ਦੇ ਵਾਂਗ, ਬਣਾਉਣ ਸਾਂਗ ਰਾਮ ਰੰਗ ਦਾ
ਰੱਬ ਖੁਦ ਨੂੰ ਸਜਾ ਕੇ, ਪਿੱਛੇ ਯਾਰ ਦੇ ਛੁਪਾਇਆ
ਯਾਰ ਬੋਲੈ ਰੱਬ ਸੁਣੈ, ਚਿੱਤ ਯਾਰ ਦੇ ਸਮਾਇਆ
ਯਾਰ ਰੱਬ ਦੋਵੇਂ ਮਿੱਤ, ਮੁਖ ਯਾਰ ਦਾ ਏ ਮੁਖ ਚੰਨ ਦਾ
ਰੱਬ ਵਸੇ ਛੁਪ ਚਿੱਤ, ਯਾਰ ਰਾਹ ਉਹਦਾ ਜਾਣੇ
ਬੈਂਸ; ਚੱਲ ਯਾਰ ਦਰ ਲੱਗ, ਹੋ ਕੇ ਤਾਣ ਨਿਤਾਣੇ
ਦੱਬ ਪੈੜ ਚਾਲ ਯਾਰ ਚੱਲ, ਬੈਂਸ ਕਿਉਂ ਤੂੰ ਸੰਗਦਾ
ਬਣ ਸੱਜਣਾ ਦੀ ਦਾਸੀ, ਉਹਨੂੰ ਚਿੱਤ ਚ ਵਸਾ ਲੈ
ਬੋਲ ਅੱਲਾ ਭਾਵੇਂ ਰਾਮ, ਸੁਹਣੇ ਯਾਰ ਨੂੰ ਮਨਾ ਲੈ
ਚਿੱਤ ਯਾਰ ਨੂੰ ਵਸਾ ਲੈ, ਭੁਲੇਖਾ ਮਿਟੇ ਤੱਨ ਦਾ
ਉਹੋ ਯਾਰ ਉਹੋ ਰੱਬ, ਇਹ ਜਾਣਦਾ ਨਹੀਂ ਜੱਗ
ਪੂਜਣ ਮਜ਼ਹਬਾਂ ਨੂੰ ਸਭ, ਕਿੰਨਾਂ ਸੌਖਾ ਮਨਾਉਣਾ ਰੱਬ
ਝਾੜ ਪੱਲਾ ਛੱਡ ਪਿੱਛੇ, ਖਾਲੀ ਮੁੜ ਜਾਵੇ ਖੰਘਦਾ

ਬੈਂਸ ਜਾਣਦਾ ਏ ਸੱਚ, ਰੱਬ ਯਾਰ ਵਿਚ ਵਸੇ
ਚੱਲ ਸੱਜਣਾ ਦੇ ਦਰ, ਜਿਹੜਾ ਰਾਹ ਤੈਨੂੰ ਦੱਸੇ
ਉਹਨੂੰ ਰੱਬ ਜਾਣ ਪੂਜ, ਭੇਦ ਖੁਲ੍ਹ ਜਾਵੇ ਮਨ ਦਾ
ਰੱਬ ਆਖ ਜੇ ਰੱਬ ਮੰਨੇਂ, ਰੱਬ ਆਖਣਾ ਕਿੰਨਾਂ ਸੌਖਾ
ਰੱਬ ਮੰਨਦਾ ਯਾਰ ਮਨਾ ਕੇ, ਪਰ ਯਾਰ ਮਨਾਉਣਾ ਔਖਾ
ਆਪ ਮਿਟਾ ਕੇ ਯਾਰ ਮਨਾ, ਇੰਵ ਰੱਬ ਯਾਰ ਮੰਨਦਾ

ਅਰਾਧਨਾ

ਜੋ ਜਨ ਹਰਿ ਨਾਮ ਧਿਆਵੈ, ਸੋ ਜਨ ਸਾਧ ਕਹਾਵੈ
ਮਨ ਨਾਮ ਮੁਖ ਹਰਿ ਨਾਮ, ਤਿਨ ਗੁਰ ਪਾਸ ਬਠਾਵੈ
ਜਿਸ ਹਰਿ ਪ੍ਰਭ ਸਰਧਾ ਭਾਵੈ, ਸਾਧ ਸੰਗ ਸੋ ਪਾਵੈ
ਜੋ ਜਨ ਹਰਿ ਪ੍ਰਭ ਭਾਵੈ, ਹਰਿ ਆਪੇ ਸਾਧ ਮਿਲਾਵੈ
ਜਾਪ ਜਪੈ ਸਾਧੂ ਹਰਿ ਨਾਮਾ, ਅਵਰਨ ਨਾਮ ਜਪਾਵੈ
ਜੋ ਮਨ ਹਰਿ ਨਾਮ ਲੋਚੈ, ਹਰ ਦਰ ਹਰਿ ਖੋਜਣ ਜਾਵੈ
ਨਾਮ ਧਿਆਵੈ ਸੋ ਹਰਿ ਭਾਵੈ, ਘਾਲ ਥਾਇ ਪ੍ਰਭ ਪਾਵੈ
ਸਾਧ ਧੂੜ ਮੱਥੈ ਜਨ ਲਾਵੈ, ਤਿਸ ਮਨ ਸਾਧੁ ਸਮਾਵੈ
ਸਾਧ ਸੰਤ ਹਰਿ ਧਿਆਵੈ, ਸੋ ਜਨ ਗੁਰ ਦਰਸਣ ਪਾਵੈ
ਹਰਿ ਭਾਵੈ ਮਨ ਟਿਕਾਵੈ, ਤਿਸ ਸਾਧ ਗੁਰੂ ਮਿਲ ਪਾਵੈ
ਮਨ ਸਰਧਾ ਮੁੱਖ ਹਰਿ ਨਾਮਾ, ਮਨ ਹਰਿ ਨਾਮ ਸਮਾਵੈ
ਸਤਿਗੁਰ ਬਾਝ ਨਾ ਹਰਿ ਪਾਵੈ, ਹਰਿ ਗੁਰ ਮਾਹਿ ਸਮਾਵੈ
ਸਤਿਗੁਰ ਦਾਤਾ ਹਰਿ ਨਾਮ ਕਾ, ਪ੍ਰਭ ਜਨ ਪਾਰ ਪਰਾਵੈ
ਪ੍ਰਭ ਕਾ ਗੁਰੂ ਵਚੋਲਾ ਬਣਿਆਂ, ਗੁਰ ਬਿਨ ਨਾਮ ਨ ਭਾਵੈ
ਪੂਜਣ ਕੌ ਦੋ ਭਲੇ, ਇਕ ਸਤਿਗੁਰੂ ਦੂਸਰ ਰਾਮ ਕਹਾਵੈ
ਸਤਿਗੁਰ ਆਪ ਨਾਮ ਜਪੈ, ਅਵਰਨ ਕੂ ਨਾਮ ਜਪਾਵੈ
ਭਜੁ ਜਨ ਸਤਿਗੁਰ ਸਰਣਾਈ, ਹਰ ਜਾ ਹਰਿ ਛੁਪਾਵੈ
ਹਰਿ ਮਨ ਮਹਿ ਆਇ ਛੁਪਾਵੈ, ਨੈਣੀ ਨਜ਼ਰ ਨ ਆਵੈ
ਹਰਿ ਪ੍ਰਭ ਨਜ਼ਰ ਨ ਆਵੈ, ਜਨ ਮਨ ਨ ਧੀਰ ਧਰਾਵੈ
ਜਨ ਮਨ ਨ ਧੀਰ ਧਰਾਵੈ, ਤਿਸ ਜਨ ਸਹਿਜ ਨ ਪਾਵੈ
ਸਤਿਗੁਰ ਸਰਣ ਸਾਧ ਜਨ ਆਵੈ, ਤਿਸ ਗੁਰ ਸਿਖਿ ਸੁਣਾਵੈ
ਗੁਰ ਗੁਰ ਕਰਤ ਗੁਰੂ ਗੁਰ ਹੋਈਐ, ਸਾਧ ਗੁਰੂ ਬਣ ਆਵੈ

ਚਿੱਤ ਖੋਜ

ਓ ਮਨ ਪਰਦੇਸੀ ਢੋਲਣਾ, ਸੁਣ ਸਿੱਖਿ ਚਿੱਤ ਸੰਭਾਲ
ਹਰਿ ਪ੍ਰਭ ਤੇਰੈ ਮਨ ਵਸੈ, ਜੀ ਖੋਜ ਪ੍ਰੀਤ ਸੰਗ ਲਾਲ

ਜੱਗ ਨੂੰ ਸਾਜ ਸੁਆਰ ਕੈ, ਹਰਿ ਜੀ ਚ ਛੁਪ ਕੇ ਬਹਿੰਦਾ
ਨਾ ਆਵੈ ਨ ਜਾਵੈ ਕਿਧਰੇ, ਤੈਨੂੰ ਬੈਂਸ ਨਿਮਾਣਾ ਕਹਿੰਦਾ
ਖਾਣ ਪੀਣ ਲੜ ਬੰਨ੍ਹ ਘੱਲਦਾ, ਰੱਖੈ ਸਭ ਦਾ ਖਿਆਲ
ਜੋ ਕਮਾਵੈਂ ਸੋ ਫਲ ਪਾਵੈਂ, ਕੁਝ ਘੱਟ ਵੱਧ ਨਹੀਂ ਮਿਲਦਾ
ਅੰਦਰ ਛੁਪ ਤੇਰੇ ਕਰਮ ਵੇਖਦਾ, ਜਾਣੈ ਹਾਲ ਤੇਰੇ ਦਿਲ ਦਾ
ਜੋ ਤੂੰ ਕਰਦਾ ਉਹ ਲਿਖ ਲੈਂਦਾ, ਪੁੱਛੈ ਨਾ ਕੋਈ ਸੁਆਲ
ਸਤਿਗੁਰ ਸੱਚਾ ਸਾਹ ਹੈ, ਹਰਿ ਵਸੈ ਸਤਿਗੁਰ ਮਾਹਿ
ਗੁਰ ਹਰਿ ਨਾਮ ਧਿਆਵੰਦਾ, ਮੋਹਿ ਹਰਿ ਨਾਮ ਜਪਾਇ
ਸਤਿਗੁਰ ਸਰਨੀ ਲੱਗਿਆਂ, ਰੰਗ ਚੜ੍ਹੈ ਮਜੀਠਾ ਲਾਲ
ਕਰ ਸਤਿਗੁਰ ਸੋ ਜੋਦੜੀ, ਚੰਨਾਂ; ਕਰ ਸੰਤਨ ਕਾ ਸੰਗ
ਸਾਧ ਸੰਗਤ ਮਹਿ ਹਰਿ ਵਸੈ, ਧਿਆਇ ਜਾ ਹੋਇ ਨਿਸੰਗ
ਦਿਨਸ ਰੈਨ ਹਰਿ ਧਿਆਇ ਜਾ, ਹਰ ਪਲ ਹਰ ਘਾਲ
ਜਿਹਨੇ ਤੈਨੂੰ ਜਨਮ ਦਿੱਤਾ ਏ, ਨਾ ਭੁੱਲ਼ ਉਹਦਾ ਐਸਾਨ
ਅਪਣੇ ਚਿੱਤ ਵਸਾ ਬੈਂਸ, ਸਦਾ ਰੱਖ ਹਰੀ ਵੱਲ ਧਿਆਨ
ਜਿਸਦੇ ਹਿਰਦੈ ਹਰਿ ਵਸੈ, ਹਰਿ ਰੱਖੇ ਉਹਦਾ ਖਿਆਲ
ਚਿੱਤ ਵਿਚ ਹਰਿ ਨਾਮ ਵਸਾ, ਕਰ ਹੱਥ ਨਾਲ ਕੰਮ
ਜਾਣ ਸਮੈਂ ਹਰਿ ਲਾਜ ਰੱਖਸੀ, ਸਤੌਣ ਨਾ ਤੈਨੂੰ ਜੰਮ
ਬਬਾਨ ਚ ਬਠਾ ਲੈ ਕੇ ਜਾਏਗਾ, ਖੁਦ ਚੱਲ ਸੀ ਨਾਲ
ਮੇਰੇ ਮਨਾ ਸੁਣ ਲੈ ਲਾ ਕੇ ਕੰਨ, ਹਰਿ ਨਾਮਾ ਉਤਮ ਧਨ
ਹਰਿ ਨਾਮਾ ਨਿੱਤ ਧਿਆ ਚਿੱਤ, ਚੜ੍ਹ ਜਾਸੀ ਚਵਗਣ ਵੰਨ
ਰੰਗ ਮਜੀਠ ਅਤਿ ਉਤਮ, ਚੜ੍ਹ ਜਾਏ ਤਾਂ ਕਰੈ ਨਿਹਾਲ
ਇਸ ਲਈ ਤੈਨੂੰ ਜੱਗ ਘੱਲਿਆ, ਜਾਹ ਤੱਕ ਜੱਗ ਦਾ ਮੇਲਾ
ਕੋਈ ਕਿਸੇ ਦਾ ਮਿੱਤ ਨਹ ਏਥੇ, ਛੱਡ ਜੱਗ ਦਾ ਬੈਂਸ ਝਮੇਲਾ
ਜਾਇ ਭਜੁ ਸਤਿਗੁਰ ਸਰਣਾਈ, ਖੁਦ ਪੁੱਛੈ ਤੇਰਾ ਹਾਲ
ਸਤਿਗੁਰ ਹਰ ਨਾਮ ਧਿਆਵੰਦਾ, ਹਰਿ ਨਾਮਾ ਦੇਵੈ ਮੱਤ
ਬੈਂਸ ਨਿੱਤ ਨਾਲ ਧਿਆ ਲੈ, ਜੋ ਗੁਰ ਆਖੈ ਜਾਣੀ ਸੱਚ
ਤੂੰ ਯਾਦ ਕਰ ਉਹ ਲੋਚਦਾ, ਹਰਿ ਉਘੜੈ ਹਿਰਦੈ ਨਾਲ

ਜਿਹਦੇ ਹਿਰਦੈ ਹਰਿ ਵਸੈ, ਹਰਿ ਖੁਦ ਵਸੈ ਤਿਸ ਸੰਗ
ਮਨ ਸਿਧਾ ਕਰ ਦੇਵਸੀ, ਜੰਮਣ ਮਰਨਾ ਹੋ ਜਾਇ ਭੰਗ
ਜਨਮ ਮਰਨ ਦੁਖ ਮਿਟਾ, ਖ੍ਰੈਲੈ ਤੁਮ ਸੰਗ ਨਿੱਤ ਗੁਲਾਲ
ਜਨ ਹਰਿ ਹਰਿ ਨਾਮ ਧਿਆਵੈ, ਸੋ ਸੱਚੇ ਸਤਿਗੁਰ ਭਾਵੈ
ਗੁਰ ਹਰਿ ਮਹਿ ਭੈਦ ਨਹਿੰ, ਗੁਰ ਇਹ ਭੇਦ ਬਤਾਵੈ
ਗੁਰ ਹਰਿ; ਹਰਿ ਸਤਿਗੁਰੂ, ਗੁਰ ਪੂਜ ਮਿਟੈ ਜਮ ਜਾਲ
ਲੁਹਾਰ ਸੱਟ ਤਦ ਮਾਰਦਾ, ਜਦੋ ਲੋਹਾ ਹੋ ਜਾਏ ਲਾਲ
ਹਰਿ ਨਾਮਾ ਗੁਰ ਲਾਲ ਕਰ, ਸਿਰ ਹੱਥ ਧਰ ਕਰੈ ਨਿਹਾਲ
ਹਰਿ ਸਤਿਗੁਰ ਕੈ ਵਸ ਬੈਂਸ, ਗੁਰ ਹਿਰਦੈ ਦੇ ਦਿਖਾਲ

ਵਿਛੋੜਾ

ਜੀਅੜੇ ਸੰਗ ਐਸੀ ਬਣ ਆਈ, ਮੈਂ ਕਿਹਨੂੰ ਆਖ ਸੁਣਾਵਾਂ
ਆਹ ਰੂਹ ਦੀ ਦਰਦ ਜਿਗਰ ਦਾ, ਮੈਂ ਖੁਦ ਵੀ ਸਮਝ ਨਾ ਪਾਵਾਂ

ਵਿਛੋੜਾ ਤਿਸ ਆਖੀਐ, ਚੇਤੇ ਕਰ ਕਰ ਜੀਅੜਾ ਰੋਇ
ਜਦੋਂ ਅੱਧ ਵਿਚਕਾਰੋਂ ਟੁੱਟ ਗਈ, ਮੁੜ ਜੋੜ ਸਕੈ ਨ ਕੋਇ
ਚਕੋਰ ਵਿੱਛੜ ਗਈ ਚੰਨ ਤੋਂ, ਕਿਵੇਂ ਮੈਂ ਪਿਆਰ ਮਿਲਾਵਾਂ
ਕੂੰਜ ਵਿੱਛੜ ਗਈ ਡਾਰ ਤੋਂ, ਉਹਨੂੰ ਰਾਹ ਕੋਈ ਥਿਆਵੇ
ਨੀਲ ਆਕਾਸ ਚ ਰਾਹ ਨਾ ਦਿਸੇ, ਕਿਤ ਵੱਲ ਤੱਤੜੀ ਜਾਵੇ
ਹਾਲ ਅਜਿਹਾ ਜੀ ਜਿਗਰ ਦਾ, ਭਾਲੇ ਪਿਆਰ ਦਾ ਪੜਛਾਵਾਂ
ਸਖੀ ਵਿੱਛੜ ਕੇ ਸਖੀਆਂ ਤੋਂ, ਟੁਰ ਚੱਲੀ ਸਹੁਰਿਆਂ ਘਰ
ਹਾਣ ਪਰਵਾਣ ਸੱਭ ਭੁੱਲ ਚੱਲੀ, ਅੱਗੋਂ ਬੈੜੀ ਸੱਸ ਦਾ ਡਰ
ਜਿਸ ਕਾਰਣ ਮੈਂ ਵਿੱਛੜੀ ਸੱਈਓ, ਭੈੜਾ ਦੱਸੇ ਨਾ ਸਿਰਨਾਵਾਂ
ਧੀ ਵਿੱਛੜ ਗਈ ਮਾਂ ਦੇ ਕੋਲੋਂ, ਨਿੱਤ ਮਾਂ ਮਾਂ ਪਈ ਪੁਕਾਰੇ
ਗਾਂ ਬੱਛੜੇ ਚ ਚਿੱਤ ਰੱਖ, ਘਾ ਚੁਗੇ ਮਿਲਣ ਦੀ ਤਾਂਘ ਪੁਕਾਰੇ
ਦਰਦ ਪਿਆਰ ਦਾ ਚਿੱਤ ਖਿੱਚੈ, ਕਿਵੇਂ ਗਲਵੱਕੜੀ ਪਾਵਾਂ
ਯਾਰ ਵਿੱਛੜ ਕੇ ਪੱਤਣਾ ਤੇ, ਪੱਤਣਾਂ ਤੇ ਵਿਛੋੜਾ ਭੁੱਲ ਜਾਂਦੇ
ਮੁੱਖ ਮੋੜ ਜਾਣ ਦਿਲ ਤੋੜ ਜਾਣ, ਮੁੜ ਵਤਨੀਂ ਨਹੀਂ ਆਉਂਦੇ
ਯਾਰ ਜਿਨ੍ਹਾਂ ਦੇ ਵਿੱਛੜ ਗਏ, ਨਿੱਤ ਭਰਨ ਪੱਤਣ ਤੇ ਹਾਵਾਂ
ਮੇਰੀ ਸਖੀਏ ਸਮਝਾ ਬੈਂਸ ਨੂੰ, ਦਰਦ ਵਿਛੋੜੇ ਦਾ ਕੀ ਹੋਵੇ
ਜਿਗਰੀ ਯਾਰ ਜਿਹਦੇ ਵਿੱਛੜ ਗਏ, ਧਾਹਾਂ ਮਾਰ ਮਾਰ ਰੋਵੇ
ਸੱਜਣ ਬੈਂਸ ਦੇ ਬਣੇ ਪਰਦੇਸੀ, ਮੁੜ ਘੱਲਿਆ ਨਾ ਸਿਰਨਾਵਾਂ

ਕਿਵੇਂ ਆਖਾਂ ਦਰਦ ਵਿਛੋੜੇ ਦਾ, ਖੁਦ ਮੈਨੂੰ ਸਮਝ ਨ ਆਵੇ
ਇਸ਼ਕ ਲਬਾਂ ਤੇ ਨੀਰ ਪਲਕ ਤੇ, ਸਖ਼ੀ ਮੇਰਾ ਜੀ ਜਲਾਵੇ
ਜੀਅੜਾ ਜਲ ਕੇ ਰਾਖ ਹੋਇਆ, ਪੁੱਛਾਂ ਕਾਵਾਂ ਨੂੰ ਸਿਰਨਾਵਾਂ
ਸੱਜਣ ਸੁਹੇਲੇ ਦੂਰ ਟੁਰ ਗਏ, ਬਿਰਹਾ ਦਾ ਦਰਦ ਸਤਾਵੇ
ਦਿਲ ਚ ਸੂਰਤ ਮਨ ਚ ਮੂਰਤ, ਚਿੱਤ ਮਾਹੀ ਮਾਹੀ ਗਾਵੇ
ਰੁੱਸ ਗਿਆ ਯਾਰ ਨਿਮਾਣੀ ਦਾ, ਬੈਂਸ ਮੈਂ ਕਿਵੇਂ ਮਨਾਵਾਂ
ਅਪਣਾ ਬਣਾ ਕੇ ਛੱਡ ਜਾਂਦੇ, ਭੁੱਲ ਜਾਂਦੇ ਮੁੜਨ ਦਾ ਰਾਹ
ਕਿਹਨੂੰ ਦਿਲ ਦਾ ਹਾਲ ਸੁਣਾਵਾਂ, ਮਿਲੇ ਨ ਕੋਈ ਗਵਾਹ
ਦਰਦ ਵਿਛੋੜੇ ਦਾ ਹੂਕ ਚਿੱਤ ਦੀ, ਬੈਂਸ ਨੂੰ ਕਿਵੇਂ ਸੁਣਾਵਾਂ